6. ਵਿਦਿਆਰਥੀਆਂ ਲਈ ਪ੍ਰਤੀਦਿਨ ਕਾਲਜ ਵਿੱਚ ਆਪਣਾ I-Card ਲੈ ਕੇ ਆਉਣਾ ਜਰੂਰੀ ਹੈ। ਸੈਸ਼ਨ ਖਤਮ ਹੋਣ ਤੇ I-Card ਜਮਾਂ ਕਰਵਾਏ ਬਿਨਾਂ ਕਿਸੇ ਵੀ ਵਿਦਿਆਰਥੀ ਨੂੰ ਰੋਲ ਨੰਬਰ ਜਾਰੀ ਨਹੀਂ ਹੋਵੇਗਾ, ਜੇ ਕਿਸੇ ਵਿਦਿਆਰਥੀ ਦਾ I-Card ਗੁਆਚ ਜਾਂਦਾ ਹੈ ਤਾਂ ਉਹ 100 ਰੁਪਏ ਫ਼ੀਸ ਭਰਕੇ ਦੁਬਾਰਾ I-Card ਬਣਵਾ ਸਕਦਾ ਹੈ।
7. ਸਮੈਸਟਰ ਪ੍ਰੀਖਿਆ ਉਨ੍ਹਾਂ ਰੈਗੂਲਰ ਵਿਦਿਆਰਥੀਆਂ ਲਈ ਖੁੱਲੀ ਹੈ ਜੋ ਕਿ ਕਾਲਜ ਅਤੇ ਯੂਨੀਵਰਸਿਟੀ ਦੀਆਂ ਵੱਖ-ਵੱਖ ਸ਼ਰਤਾਂ ਪੂਰੀਆਂ ਕਰਦੇ ਹਨ।

ਕਾਲਜ ਬਾਰੇ ਆਮ ਜਾਣਕਾਰੀ

ਵਜੀਫ਼ੇ

ਆਰਟਸ ਅਤੇ ਸਾਇੰਸ ਕਲਾਸਾਂ ਵਿੱਚ ਯੂਨੀਵਰਸਿਟੀ ਜਾਂ ਸਰਕਾਰ ਵੱਲੋਂ ਜੋ ਵਜੀਫ਼ੇ ਮਿਲਦੇ ਹਨ ਉਹਨਾਂ ਲਈ ਇਸ ਕਾਲਜ ਦੇ ਵਿਦਿਆਰਥੀ ਵੀ ਹੱਕਦਾਰ ਹੋਣਗੇ। ਇਹ ਸਕਾਲਰਸ਼ਿਪ ਲਈ ਸਮੇਂ ਸਿਰ ਅਪਲਾਈ ਕਰਨਾ ਵਿਦਿਆਰਥੀ ਦੀ ਆਪਣੀ ਜਿੰਮੇਵਾਰੀ ਹੈ। ਵਜੀਫ਼ੇ ਨੂੰ ਅਪਲਾਈ ਕਰਨ ਸੰਬੰਧੀ ਪੰਜਾਬ ਸਰਕਾਰ ਵੱਲੋਂ ਪੋਰਟਲ ਖੋਲਣ ਦੀ ਮਿਤੀ ਕਾਲਜ ਦੇ ਨੋਟਿਸ ਬੋਰਡ ਉੱਪਰ ਲਗਾਈ ਜਾਵੇਗੀ। ਸਰਕਾਰ ਵੱਲੋਂ ਨਿਰਧਾਰਿਤ ਕੀਤੀ ਮਿਤੀ ਅਧੀਨ ਹੀ ਪੋਰਟਲ ਉੱਪਰ ਵਜੀਫ਼ੇ ਲਈ ਅਪਲਾਈ ਕਰਨ ਜਿੰਮੇਵਾਰੀ ਵਿਦਿਆਰਥੀ ਦੀ ਆਪਣੀ ਹੋਵੇਗੀ ਸੰਬੰਧਿਤ ਵਿਦਿਆਰਥੀ ਨੋਟਿਸ ਬੋਰਡ ਉੱਪਰ ਸਮੇਂ ਸਮੇਂ ਸਿਰ ਧਿਆਨ ਦਿੰਦੇ ਰਹਿਣ। ਇਹਨਾਂ ਵਜੀਫਿਆਂ ਦਾ ਵੇਰਵਾ ਨਿਮਨ ਲਿਖਤ ਹੈ :

1) ਮੈਰਿਟ ਸਕਾਲਰਸ਼ਿਪ (ਰਾਜ ਯੋਗਤਾ ਵਜ਼ੀਫ਼ਾ)

ਇਹ ਵਜੀਫ਼ੇ 10+2 (ਆਰਟਸ ਜਾਂ ਸਾਇੰਸ) ਦੇ ਬੋਰਡ ਦੇ ਇਮਤਿਹਾਨਾਂ ਦੇ ਨਤੀਜਿਆਂ ਦੇ ਅਧਾਰ ਤੇ ਦਿੱਤੇ ਜਾਣਗੇ। ਇਹ ਫੈਸਲਾ ਬੋਰਡ ਨੇ ਕੀਤਾ ਹੈ ਅਤੇ ਇਹ (75/-) ਰੁਪਏ ਮਹੀਨੇ ਦੇ ਹਿਸਾਬ ਨਾਲ ਸਰਕਾਰ ਦਿੰਦੀ ਹੈ। ਵਿਦਿਆਰਥੀ ਪੰਜਾਬ ਦਾ ਵਸਨੀਕ ਹੋਣਾ ਜ਼ਰੂਰੀ ਹੈ ।

2) 1984 ਦੇ ਦੰਗਾਂ ਪੀੜਤਾਂ ਨੂੰ ਵਜੀਫ਼ੇ

ਸਾਲ 1984 ਦੇ ਦੰਗਾ ਪੀੜਤ ਪਰਿਵਾਰਾਂ ਦੇ ਵਿਦਿਆਰਥੀ ਬੱਚਿਆਂ ਨੂੰ 100/- ਰੁ: ਪ੍ਰਤੀ ਮਹੀਨਾ ਵਜੀਫ਼ਾ ਸਰਕਾਰ ਵੱਲੋਂ ਦਿੱਤਾ ਜਾਂਦਾ ਹੈ। ਇਸ ਤੋਂ ਇਲਾਵਾ ਇਹਨਾਂ ਵਿਦਿਆਰਥੀਆਂ ਦੀ ਪੂਰੀ ਟਿਊਸ਼ਨ ਫ਼ੀਸ ਵੀ ਮੁਆਫ਼ ਕੀਤੀ ਜਾਂਦੀ ਹੈ । ਲੜਕੇ

3) ਅਨੁਸੂਚਿਤ ਜਾਤੀਆਂ ਨਾਲ ਸਬੰਧਤ ਲੜਕੀਆਂ ਨੂੰ ਸਪੈਸ਼ਲ ਗਰਾਂਟ ਅਨੁਸੂਚਿਤ ਜਾਤੀਆਂ ਨਾਲ ਸਬੰਧਤ ਲੜਕੇ/ਲੜਕੀਆਂ ਜਿਨ੍ਹਾਂ ਦੇ ਮਾਪੇ/ਸਰਪ੍ਰਸਤ ਪੰਜਾਬ ਰਾਜ ਦੇ ਪੱਕੇ ਵਸਨੀਕ ਹੋਣ ਅਤੇ ਪੰਜਾਬ ਜਾਂ ਚੰਡੀਗੜ੍ਹ ਦੇ ਕਾਲਜ ਵਿੱਚ ਪੜ੍ਹ ਰਹੀਆਂ ਹੋਣ ਨੂੰ ਵਿਸ਼ੇਸ਼ ਗਰਾਂਟ ਮਨਜ਼ੂਰ ਕੀਤੀ ਜਾਂਦੀ ਹੈ, ਬਸ਼ਰਤੇ ਇਸ ਕੇਸ ਵਿੱਚ ਪਰਿਵਾਰ ਦੀ ਸਾਲਾਨਾ ਆਮਦਨ 2,50000/- ਰੁ:(ਦੋ ਲੱਖ ਪੰਜਾਹ ਹਜ਼ਾਰ ਰੁਪਏ) ਤੋਂ ਵੱਧ ਨਾ ਹੋਵੇ ।

ਜੁਰਮਾਨੇ

ਯੋਗ ਅਧਿਕਾਰੀ ਵੱਲੋਂ ਛੁੱਟੀ ਮਨਜ਼ੂਰ ਕਰਵਾਏ ਬਿਨ੍ਹਾਂ ਗ਼ੈਰਹਾਜ਼ਰ ਹੋਣ ਤੇ ਜੁਰਮਾਨਾ ਕੀਤਾ ਜਾਂਦਾ ਹੈ । ਇਸ ਦਾ ਵੇਰਵਾ ਇਸ ਪ੍ਰਕਾਰ ਹੈ:

1) ਕਿਸੇ ਖਾਸ ਦਿਨ ਇੱਕ ਪੀਰੀਅਡ ਦੀ ਗ਼ੈਰਹਾਜ਼ਰੀ ਲਈ 25 ਪੈਸੇ, ਰੁਪਿਆ ਅਤੇ ਇੱਕ ਪੀਰੀਅਡ ਤੋਂ ਵੱਧ ਗ਼ੈਰਹਾਜ਼ਰੀ ਲਈ 50 ਪੈਸੇ ਜੁਰਮਾਨਾ ਕੀਤਾ ਜਾਵੇਗਾ ।
2) ਟਿਊਟੋਰੀਅਲ ਗਰੁੱਪ ਮੀਟਿੰਗ ਵਿੱਚ ਗ਼ੈਰਹਾਜ਼ਰ ਹੋਣ ਤੇ 1/- ਰੁਪਿਆ ਜੁਰਮਾਨਾ ਵਸੂਲ ਕੀਤਾ ਜਾਵੇਗਾ ।
3) ਦੁਰਵਿਵਹਾਰ ਦੇ ਦੋਸ਼ੀ ਵਿਦਿਆਰਥੀ ਨੂੰ ਪ੍ਰਿੰਸੀਪਲ ਵੱਲੋਂ ਜੁਰਮਾਨਾ ਕੀਤਾ ਜਾ ਸਕਦਾ ਹੈ। ਇਹ ਜੁਰਮਾਨਾ ਨੋਟਿਸ ਲੱਗਣ ਤੋਂ 5 ਦਿਨਾਂ ਦੇ ਅੰਦਰ-ਅੰਦਰ ਦਫ਼ਤਰ ਜਮ੍ਹਾਂ ਕਰਾਉਣਾ ਹੋਵੇਗਾ ।
4) ਜੇਕਰ ਕੋਈ ਵਿਦਿਆਰਥੀ ਅਜਿਹੇ ਕੰਮ ਵਿੱਚ ਹਿੱਸਾ ਲੈ ਰਿਹਾ ਹੋਵੇ ਜਾਂ ਸਿੱਧੇ ਜਾਂ ਅਸਿੱਧੇ ਢੰਗ ਨਾਲ ਕਾਲਜ ਅਨੁਸ਼ਾਸਨ ਨੂੰ ਹਾਨੀ ਪਹੁੰਚਾਉਂਦਾ ਹੋਵੇ ਤਾਂ ਉਸ ਦਾ ਨਾਂ ਕੱਟਣ ਦਾ ਪ੍ਰਿੰਸੀਪਲ ਨੂੰ ਪੂਰਾ ਅਧਿਕਾਰ ਹੈ ।
5) ਵਿਦਿਆਰਥੀ ਨੂੰ ਅਜਿਹੀਆਂ ਪਾਰਟੀਆਂ ਜਾਂ ਗਰੁੱਪ ਬਣਾਉਣ ਦੀ ਆਗਿਆ ਨਹੀਂ ਹੋਵੇਗੀ ਜਿਨ੍ਹਾਂ ਨੂੰ ਕਾਲਜ ਪ੍ਰਵਾਨ ਨਹੀਂ ਕਰਦਾ । ਕਾਲਜ ਵਿੱਚ ਦਾਖ਼ਲ ਵਿਦਿਆਰਥੀਆਂ ਉੱਤੇ ਯੂਨੀਵਰਸਿਟੀ/ਸਰਕਾਰ ਵੱਲੋਂ ਜਾਰੀ ਅਨੁਸ਼ਾਸਨ ਦੇ ਨਿਯਮ ਲਾਗੂ ਹੋਣਗੇ ।

ਛੁੱਟੀ ਦੇ ਨਿਯਮ

1. ਵਿਦਿਆਰਥੀਆਂ ਨੂੰ ਛੁੱਟੀ ਜਾਣ ਤੋਂ ਪਹਿਲਾਂ ਛੁੱਟੀ ਮਨਜ਼ੂਰ ਕਰਵਾਉਣੀ ਜ਼ਰੂਰੀ ਹੈ। ਜੇ ਕਿਸੇ ਖਾਸ ਕਾਰਨ ਕਰਕੇ ਵਿਦਿਆਰਥੀ ਬਿਨ੍ਹਾਂ ਛੁੱਟੀ ਮਨਜ਼ੂਰ ਕਰਵਾਇਆਂ ਗ਼ੈਰਹਾਜ਼ਰ ਹੋਵੇ ਤਾਂ ਉਸ ਨੂੰ ਹਾਜ਼ਰ ਹੋਣ ਤੋਂ ਪੰਜ ਦਿਨਾਂ ਦੇ ਅੰਦਰ-ਅੰਦਰ ਛੁੱਟੀ ਮਨਜ਼ੂਰ ਕਰਵਾਉਣੀ ਪਵੇਗੀ।

2. ਇੱਕ ਹਫਤੇ ਤੋਂ ਵੱਧ ਬਿਮਾਰੀ ਦੀ ਛੁੱਟੀ ਨਾਲ ਡਾਕਟਰੀ ਸਰਟੀਫ਼ਿਕੇਟ ਹੋਣਾ ਜਰੂਰੀ ਹੈ। ਹਫ਼ਤੇ ਤੋਂ ਵੱਧ ਹਰ ਪ੍ਰਕਾਰ ਦੀ ਛੁੱਟੀ ਤੇ ਮਾਪੇ ਜਾਂ ਸਰਪ੍ਰਸਤ ਦੇ ਹਸਤਾਖ਼ਰ ਹੋਣੇ ਜ਼ਰੂਰੀ ਹਨ। ਇਹ ਸਰਟੀਫ਼ਿਕੇਟ ਕਾਲਜ ਵਿੱਚ ਮੁੜ-ਪ੍ਰਵੇਸ਼ ਤੇ ਤੁਰੰਤ ਦੇਣਾ ਜ਼ਰੂਰੀ ਹੈ।

3. ਛੁੱਟੀ ਨਿਮਨ-ਲਿਖਤ ਢੰਗ ਨਾਲ ਮਨਜ਼ੂਰ ਹੋਣੀ ਚਾਹੀਦੀ ਹੈ ।

ਛੁੱਟੀ ਦਾ ਸਮਾਂ	ਸਿਫ਼ਾਰਿਸ਼ ਕਰਨ ਦਾ ਅਧਿਕਾਰ	ਮਨਜ਼ੂਰ ਕਰਨ ਦਾ ਅਧਿਕਾਰ
1) ਛੇ ਦਿਨਾਂ ਦੀ ਆਮ ਛੁੱਟੀ	ਟਿਊਟਰ	ਟਿਊਟਰ
2) ਦਸ ਦਿਨਾਂ ਦੀ ਆਮ ਛੁੱਟੀ	ਟਿਊਟਰ	ਸੀਨੀਅਰ ਟਿਊਟਰ
3) ਦਸ ਦਿਨਾਂ ਤੋਂ ਉਪਰ ਛੁੱਟੀ	ਟਿਊਟਰ ਤੇ ਸੀਨੀਅਰ ਟਿਊਟਰ	ਪ੍ਰਿੰਸੀਪਲ

ਗ਼ੈਰਹਾਜ਼ਰੀ, ਨਾਮ ਕੱਟ ਜਾਣਾ ਅਤੇ ਮੁੜ ਦਾਖ਼ਲਾ

1. ਯੂਨੀਵਰਸਿਟੀ ਦੀਆਂ ਹਦਾਇਤਾਂ ਅਨੁਸਾਰ ਜਿਨ੍ਹਾਂ ਵਿਦਿਆਰਥੀਆਂ ਦੇ ਨਾਮ ਲਗਾਤਾਰ 10 ਦਿਨ ਕਲਾਸ ਵਿੱਚ ਗ਼ੈਰਹਾਜ਼ਰ ਰਹਿਣ ਕਾਰਨ ਜਾਂ ਫ਼ੀਸ ਜਮ੍ਹਾਂ ਨਾ ਕਰਵਾਉਣ ਜਾਂ ਹੋਰ ਕਿਸੇ ਕਾਰਨ ਕੱਟ ਦਿੱਤੇ ਜਾਂਦੇ ਹਨ, ਅਜਿਹੇ ਵਿਦਿਆਰਥੀ ਨਾਮ ਕੱਟਣ ਦੀ ਮਿਤੀ ਤੋਂ ਦੋ ਹਫਤੇ ਦੇ ਅੰਦਰ-ਅੰਦਰ ਜੇਕਰ ਪ੍ਰਿੰਸੀਪਲ ਆਗਿਆ ਦੇਣ ਤਾਂ ਮੁੜ ਦਾਖ਼ਲ ਹੋ ਸਕਦੇ ਹਨ, ਜਿਸ ਲਈ ਉਨ੍ਹਾਂ ਨੂੰ ਮੁੜ ਦਾਖ਼ਲਾ ਫ਼ੀਸ, ਪੂਰਾ ਪੀ.ਟੀ.ਏ. ਫੰਡ ਅਤੇ ਜੁਰਮਾਨਾ ਭਰਨਾ ਪਵੇਗਾ ।
2. ਦਸ ਦਿਨਾਂ ਦੀ ਗ਼ੈਰਹਾਜ਼ਰੀ ਦੇ ਅਧਾਰ ਤੇ ਨਾਮ ਕੱਟਣ ਉਪਰੰਤ ਕੇਵਲ ਦੋ ਵਾਰ ਹੀ ਨਿਯਮ ਨੰ: 1 ਅਨੁਸਾਰ ਮੁੜ ਦਾਖ਼ਲਾ ਹੋ ਸਕਦਾ ਹੈ । ਇਸ ਤੋਂ ਬਾਅਦ ਉਹ ਵਿਦਿਆਰਥੀ ਆਪਣਾ ਦਾਖ਼ਲਾ ਅਧਿਕਾਰ ਗੁਆ ਬੈਠੇਗਾ ।
3. ਵਿਦਿਆਰਥੀ ਨੂੰ ਆਪਣਾ ਆਈ ਕਾਰਡ, ਫ਼ੀਸ ਸਲਿੱਪ ਦੀ ਕਾਪੀ ਹਰ ਰੋਜ ਕਾਲਜ ਵਿੱਚ ਆਪਣੇ ਪਾਸ ਰੱਖਣਾ ਜ਼ਰੂਰੀ ਹੈ ।

ਯੂਨੀਵਰਸਿਟੀ ਪ੍ਰੀਖਿਆ ਲਈ ਨਿਯਮ/ਸ਼ਰਤਾਂ

1) ਯੂਨੀਵਰਸਿਟੀ ਦੀ ਸਾਲਾਨਾ/ਸਮੈਸਟਰ ਪ੍ਰੀਖਿਆ ਵਿੱਚ ਬੈਠਣ ਲਈ ਕੇਵਲ ਉਹੀ ਵਿਦਿਆਰਥੀ ਯੋਗ ਹੋਣਗੇ ਜਿਨ੍ਹਾਂ ਦੇ ਹਰ ਵਿਸ਼ੇ ਦੇ ਥਿਊਰੀ ਅਤੇ ਪ੍ਰੈਕਟੀਕਲ (ਜਿੱਥੇ ਲਾਗੂ ਹੋਵੇ) ਵਿੱਚ ਵੱਖ-ਵੱਖ ਤੌਰ ਤੇ 75% ਹਾਜ਼ਰੀਆਂ ਪੂਰੀਆਂ ਕੀਤੀਆਂ ਹੋਣ ।

2) ਸਮੈਸਟਰ ਪ੍ਰਣਾਲੀ ਦੇ ਅੰਤਰਗਤ ਹਰ ਵਿਦਿਆਰਥੀ ਲਈ 75% ਹਾਜ਼ਰੀਆਂ, ਦੋ ਮਹੀਨਾਵਾਰ ਟੈਸਟ ਅਤੇ ਆਪਣੇ ਸਬੰਧਤ ਕਲਾਸ ਟੀਚਰ ਕੋਲ ਅਸਾਈਨਮੈਂਟਸ ਜਮ੍ਹਾਂ ਕਰਵਾਉਣੀਆਂ ਲਾਜ਼ਮੀ ਹਨ, ਜਿਸਦੇ ਅਧਾਰ ਤੇ ਵਿਦਿਆਰਥੀ ਦੀ ਅਸੈੱਸਮੈਂਟ ਭੇਜੀ ਜਾਵੇਗੀ, ਸੋ ਵਿਦਿਆਰਥੀ ਇਸਦਾ ਸੈਸ਼ਨ ਦੌਰਾਨ ਪੂਰਾ ਧਿਆਨ ਰੱਖਣ।

ਟਿਊਟੋਰੀਅਲ ਗਰੁੱਪ ਪ੍ਰਣਾਲੀ

1) ਹਰ ਵਿਦਿਆਰਥੀ ਨੂੰ ਇੱਕ ਟਿਊਟੋਰੀਅਲ ਗਰੁੱਪ ਵਿੱਚ ਰੱਖਿਆ ਜਾਂਦਾ ਹੈ ।
2) ਟਿਊਟਰ ਵਿਦਿਆਰਥੀ ਲਈ ਇੱਕ ਗਾਈਡ ਤੇ ਸਲਾਹਕਾਰ ਹੋਵੇਗਾ । ਉਹ ਵਿਦਿਆਰਥੀਆਂ ਦੀਆਂ ਵਿੱਦਿਅਕ ਅਤੇ ਵਿਅਕਤੀਗਤ ਸਮੱਸਿਆਵਾਂ ਬਾਰੇ ਉਨ੍ਹਾਂ ਦੀ ਅਗਵਾਈ ਕਰੇਗਾ । ਟਿਊਟਰ ਦਾ ਆਪਣੇ ਗਰੁੱਪ ਦੇ ਹਰ ਇੱਕ ਵਿਦਿਆਰਥੀ ਨਾਲ ਨੇੜੇ ਦਾ ਸੰਪਰਕ ਹੋਵੇਗਾ ।
3) ਟਿਊਟੋਰੀਅਲ ਗਰੁੱਪ ਮੀਟਿੰਗਜ਼ ਲੋੜ ਮੁਤਾਬਿਕ ਹੋਣਗੀਆਂ ।
4) ਸੀਨੀਅਰ ਟਿਊਟਰ ਸਾਰੇ ਗਰੁੱਪਾਂ ਵਿੱਚ ਤਾਲਮੇਲ ਰੱਖੇਗਾ ।
5) ਟਿਊਟਰ ਆਪਣੇ ਗਰੁੱਪਾਂ ਦੇ ਵਿਦਿਆਰਥੀਆਂ ਦੀ ਉੱਨਤੀ ਦਾ ਰਿਕਾਰਡ ਰੱਖੇਗਾ । ਉਹ ਉਹਨਾਂ ਦੇ ਚਰਿੱਤਰ ਸਰਟੀਫ਼ਿਕੇਟ ਤੋਂ ਇਲਾਵਾ ਉਹਨਾਂ ਦੀ ਵਿੱਦਿਅਕ ਉੱਨਤੀ ਰਿਪੋਰਟ ਤੇ ਵੀ ਰਾਇ ਦੇਵੇਗਾ ।
6) ਟਿਊਟੋਰੀਅਲ ਗਰੁੱਪ ਵਿੱਚ ਗ਼ੈਰਹਾਜ਼ਰੀ ਦਾ ਵਿਸ਼ੇਸ਼ ਜੁਰਮਾਨਾ ਹੋਵੇਗਾ ।
7) ਟਿਊਟੋਰੀਅਲ ਗਰੁੱਪ ਵਾਦ-ਵਿਵਾਦ, ਪੱਤਰ ਪੜ੍ਹਨ ਆਦਿ ਤੋਂ ਇਲਾਵਾ ਪੁਸਤਕਾਲਿਆਂ, ਅਜਾਇਬ ਘਰ ਅਤੇ ਹੋਰ ਵਿੱਦਿਅਕ ਥਾਵਾਂ ਦੇਖਾਉਣ ਦਾ ਵੀ ਪ੍ਰਬੰਧ ਕਰਨਗੇ ।

ਲਾਇਬਰੇਰੀ ਅਤੇ ਸ਼ਨਾਖਤੀ ਕਾਰਡ ਦੇ ਨਿਯਮ

ਕਾਲਜ ਪੁਸਤਕਾਲੇ ਵਿੱਚ ਲਗਭਗ 72000 ਪੁਸਤਕਾਂ ਹਨ ਅਤੇ ਲੋੜ ਅਨੁਸਾਰ ਹਰ ਸਾਲ ਖਰੀਦੀਆਂ ਜਾਂਦੀਆਂ ਹਨ । ਇਸ ਤੋਂ ਇਲਾਵਾ ਰੀਡਿੰਗ ਰੂਮ ਵਿੱਚ ਹਰ ਤਰ੍ਹਾਂ ਦੇ ਮਿਆਰੀ ਅਖ਼ਬਾਰ ਅਤੇ ਰਸਾਲੇ ਮੰਗਵਾਏ ਜਾਂਦੇ ਹਨ । ਲੋੜਵੰਦ ਵਿਦਿਆਰਥੀਆਂ ਲਈ ਪੁਸਤਕਾਲੇ ਵਿੱਚ ਪਾਠ-ਪੁਸਤਕ ਵਿਭਾਗ ਵੀ ਹੈ । ਪੁਸਤਕਾਲੇ ਵਿੱਚੋਂ ਪੁਸਤਕਾਂ ਕਢਾਉਣ ਲਈ ਹੇਠ ਲਿਖੇ ਨਿਯਮ ਹਨ:

1. (i) ਹਰ ਕਲਾਸ ਦੇ ਵਿਦਿਆਰਥੀ ਨੂੰ ਇੱਕ ਸਮੇਂ ਦੋ ਪੁਸਤਕਾਂ ਮਿਲ ਸਕਦੀਆਂ ਹਨ ।
   (ii) ਆਨਰਜ਼/ਐਮ.ਏ. ਦੇ ਵਿਦਿਆਰਥੀ 5 ਪੁਸਤਕਾਂ ਲੈ ਸਕਦੇ ਹਨ ।
2. ਲਾਇਬਰੇਰੀ ਵਿੱਚੋਂ ਉਧਾਰ ਲਈ ਪੁਸਤਕ ਵੱਧ ਤੋਂ ਵੱਧ 14 ਦਿਨਾਂ ਤੱਕ ਰੱਖੀ ਜਾ ਸਕਦੀ ਹੈ। ਜੇ ਮਿਆਦ ਖਤਮ ਹੋਣ ਤੇ ਪੁਸਤਕ ਵਾਪਿਸ ਨਾ ਕੀਤੀ ਜਾਵੇ ਤਾ 10 ਪੈਸੇ ਪ੍ਰਤੀ ਦਿਨ ਪ੍ਰਤੀ ਪੁਸਤਕ ਜੁਰਮਾਨਾ ਕੀਤਾ ਜਾਵੇਗਾ। ਇਹ ਜੁਰਮਾਨਾ ਮੁਆਫ ਨਹੀਂ ਹੋਵੇਗਾ। ਪੁਸਤਕ ਰੀਨਿਊ ਕਰਾਉਣ ਲਈ ਪੁਸਤਕ ਦਾ ਲਾਇਬਰੇਰੀ ਲਿਆਉਣਾ ਜਰੂਰੀ ਹੈ।
3. ਹਰ ਵਿਦਿਆਰਥੀ ਨੂੰ ਇੱਕ ਸ਼ਨਾਖਤੀ-ਕਮ-ਲਾਇਬਰੇਰੀ ਕਾਰਡ ਦਿੱਤਾ ਜਾਵੇਗਾ । ਕਿਤਾਬ ਲੈਣ ਜਾਂ ਵਾਪਸ ਕਰਨ ਵਾਲੇ ਦਾ ਇੰਦਰਾਜ਼ ਇਸੇ ਕਾਰਡ ਉੱਤੇ ਹੋਵੇਗਾ ਅਤੇ ਇਸ ਵਿੱਚ ਦਰਜ ਹੋਈਆਂ ਸਾਰੀਆਂ ਕਿਤਾਬਾਂ ਲਈ ਵਿਦਿਆਰਥੀ ਖੁਦ ਜਿੰਮੇਵਾਰ ਹੋਵੇਗਾ ।
4. ਜੇ ਇਹ ਕਾਰਡ ਗੁਆਚ ਜਾਵੇ ਤਾਂ ਲਾਇਬਰੇਰੀ ਮੁੱਖੀ ਨੂੰ ਤੁਰੰਤ ਇਤਲਾਹ ਦੇਣੀ ਚਾਹੀਦੀ ਹੈ ਅਤੇ ਪੁਲਿਸ ਵਿੱਚ ਰਿਪੋਰਟ ਦਰਜ ਕਰਵਾਉਣੀ ਜ਼ਰੂਰੀ ਹੈ। ਇਸ ਦੀ ਕਾਪੀ ਨੋਟਿਸ ਬੋਰਡ ਤੇ ਲਗਾਉਣੀ ਜ਼ਰੂਰੀ ਹੈ ਤਾਂ ਜੋ ਕੋਈ ਹੋਰ ਇਸ ਕਾਰਡ ਦੀ ਦੁਰਵਰਤੋਂ ਨਾ ਕਰ ਸਕੇ। ਨਵਾਂ ਕਾਰਡ ਦਰਜ ਕਰਵਾਈ ਰਿਪੋਰਟ ਦੇ ਅਧਾਰ ਤੇ ਲਾਇਬਰੇਰੀ ਵਿੱਚੋਂ ਫਾਰਮ ਲੈ ਕੇ ਲੋੜੀਂਦੀ ਫ਼ੀਸ ਭਰ ਕੇ ਇੱਕ ਪਾਸਪੋਰਟ ਸਾਇਜ਼ ਦੀ ਨਵੀਂ ਫੋਟੋ ਦੇ ਕੇ ਜਾਰੀ ਕਰਵਾਇਆ ਜਾ ਸਕਦਾ ਹੈ।

5. ਜੇ ਵਿਦਿਆਰਥੀ ਕਾਲਜ ਪੁਸਤਕਾਲੇ ਦੀ ਕਿਤਾਬ ਗੁਆ ਦੇਵੇ ਜਾਂ ਖ਼ਰਾਬ ਕਰ ਦੇਵੇ ਤਾਂ ਉਸ ਨੂੰ ਕਿਤਾਬ ਦਾ ਵਰਤਮਾਨ ਮੁੱਲ ਭਰਨਾ ਪਵੇਗਾ । ਕਿਤਾਬ ਜਾਂ ਕਿਸੇ ਸੈੱਟ ਜਾਂ ਲੜੀ ਵਿੱਚੋਂ ਗੁਆਚੀ ਜਾਂ ਖ਼ਰਾਬ ਕੀਤੀ ਕਿਤਾਬ ਦੀ ਥਾਂ ਸਮੁੱਚੇ ਸੈੱਟ ਜਾਂ ਲੜੀ ਦਾ ਮੁੱਲ ਭਰਨਾ ਪਵੇਗਾ । ਜੇ ਗੁਆਚੀ ਜਾਂ ਖਰਾਬ ਕੀਤੀ ਪੁਸਤਕ ਹੁਣ ਦੁਰਲੱਭ ਹੋ ਗਈ ਹੋਵੇ ਤਾਂ ਉਸ ਦੀ ਕੀਮਤ ਤੇ ਵਿਸ਼ੇਸ਼ ਜੁਰਮਾਨਾ ਭਰਨਾ ਪਵੇਗਾ ।

6. ਲਾਇਬਰੇਰੀ ਸਕਿਉਰਟੀ ਕਾਲਜ ਛੱਡਣ ਤੋਂ ਕੇਵਲ ਇੱਕ ਸਾਲ ਦੇ ਅੰਦਰ-ਅੰਦਰ ਵਾਪਿਸ ਲਈ ਜਾ ਸਕਦੀ ਹੈ । ਇਸ ਤੋਂ ਬਾਅਦ ਇਹ ਰਕਮ ਜ਼ਬਤ ਹੋ ਜਾਵੇਗੀ ।

7. ਲਾਇਬਰੇਰੀ ਅਤੇ ਰੀਡਿੰਗ ਰੂਮ ਵਿੱਚ ਚੁੱਪ ਰਹਿਣਾ ਅਤੇ ਮਰਿਆਦਾ ਕਾਇਮ ਰੱਖਣਾ ਜ਼ਰੂਰੀ ਹੈ । ਮਰਿਆਦਾ ਭੰਗ ਕਰਨ ਵਾਲੇ ਨੂੰ ਜੁਰਮਾਨਾ ਕੀਤਾ ਜਾ ਸਕਦਾ ਹੈ ਜਾਂ ਉਸ ਤੋਂ ਕੁੱਝ ਸਮੇਂ ਲਈ ਪੁਸਤਕਾਲੇ ਦੇ ਮਿਲੇ ਅਧਿਕਾਰ ਖੋਹੇ ਜਾ ਸਕਦੇ ਹਨ ।

8. ਕਾਲਜ ਦੇ ਹਰ ਵਿਦਿਆਰਥੀ ਕੋਲ ਰੋਜਾਨਾ ਸ਼ਨਾਖਤੀ-ਕਮ-ਲਾਇਬਰੇਰੀ ਕਾਰਡ ਹੋਣਾ ਜ਼ਰੂਰੀ ਹੈ। ਇਸ ਕਾਰਡ ਦੀ ਅਣਹੋਂਦ ਦੀ ਹਾਲਤ ਵਿੱਚ ਵਿਦਿਆਰਥੀ ਨੂੰ ਜੁਰਮਾਨਾ ਵੀ ਕੀਤਾ ਜਾ ਸਕਦਾ ਹੈ ।

9. ਲਾਇਬਰੇਰੀ ਤੋਂ "ਕੁੱਝ ਬਕਾਇਆ ਨਹੀਂ" (No dues) ਲੈਣ ਵੇਲੇ ਇਹ ਕਾਰਡ ਰੱਦ ਕਰ ਦਿੱਤਾ ਜਾਵੇਗਾ। ਪਰ ਵਿਦਿਆਰਥੀ ਲਈ ਇਹ ਜ਼ਰੂਰੀ ਹੋਵੇਗਾ ਕਿ ਇਹ ਰੱਦ ਕੀਤਾ ਸ਼ਨਾਖਤੀ ਕਾਰਡ ਫੋਟੋ ਸਮੇਤ ਸੰਭਾਲ ਕੇ ਰੱਖਣ, ਕਿਉਂਕਿ ਇਸ ਕਾਰਡ ਤੋਂ ਬਗੈਰ ਕਾਲਜ ਮੈਗਜ਼ੀਨ, ਲਾਇਬਰੇਰੀ ਸਿਕਿਉਰਿਟੀ ਅਤੇ ਯੂਨੀਵਰਸਿਟੀ ਕੁੱਲ ਅੰਕ ਸਰਟੀਫ਼ਿਕੇਟ ਆਦਿ ਨਹੀਂ ਦਿੱਤੇ ਜਾਣਗੇ ਅਤੇ ਯੂਨੀਵਰਸਿਟੀ ਪ੍ਰੀਖਿਆ ਵਿੱਚ ਬੈਠਣ ਵੀ ਨਹੀਂ ਦਿੱਤਾ ਜਾਵੇਗਾ ।

10. ਇਹ ਕਾਰਡ ਕਿਸੇ ਵੀ ਅਧਿਕਾਰੀ ਵੱਲੋਂ ਮੰਗਣ ਤੇ ਵਿਖਾਉਣਾ ਅਤਿ ਜ਼ਰੂਰੀ ਹੋਵੇਗਾ। ਇਹ ਕਾਰਡ ਸਮੈਸਟਰ ਪ੍ਰੀਖਿਆ ਦੌਰਾਨ ਵੀ ਵਿਦਿਆਰਥੀ ਨੂੰ ਆਪਣੇ ਪਾਸ ਰੱਖਣਾ ਜਰੂਰੀ ਹੈ ।

ਪੁਰਸਕਾਰਾਂ ਲਈ ਨਿਯਮ

ਜ਼ਰੂਰੀ ਨੋਟ :

ੳ) ਕਾਲਜ ਪੁਰਸਕਾਰ ਲਈ ਕੇਵਲ ਉਨ੍ਹਾਂ ਵਿਦਿਆਰਥੀਆਂ ਨੂੰ ਹੀ ਵਿਚਾਰਿਆ ਜਾਵੇਗਾ, ਜਿਨ੍ਹਾਂ ਨੇ ਕਿਸੇ ਵੀ ਖੇਤਰ ਵਿੱਚ ਪ੍ਰਿੰਸੀਪਲ ਦੀ ਆਗਿਆ ਨਾਲ ਹੀ ਕਾਲਜ ਦੀ ਪ੍ਰਤੀਨਿਧਤਾ, ਸਰਕਾਰ ਜਾਂ ਯੂਨੀਵਰਸਿਟੀ ਤੋਂ ਪ੍ਰਮਾਣਿਤ ਮੁਕਾਬਲਿਆਂ ਆਦਿ ਵਿੱਚ ਕੀਤੀ ਹੋਵੇ ।

ਅ) ਜਦੋਂ ਕਿਸੇ ਵੀ ਵਿਦਿਆਰਥੀ ਨੂੰ ਕੋਈ ਸਨਮਾਨ ਦਿੱਤਾ ਜਾਂਦਾ ਹੈ, ਉਸ ਸਮੇਂ ਸਬੰਧਤ ਵਿਦਿਅਰਥੀ ਦਾ ਕਾਲਜ ਰੋਲ ਤੇ ਹੋਣਾ ਜ਼ਰੂਰੀ ਹੈ । ਇਸ ਲਈ ਸਾਰੇ ਪੁਰਸਕਾਰ ਦਫਤਰ ਤੋਂ ਤਸਦੀਕ ਹੋਣੇ ਜ਼ਰੂਰੀ ਹਨ ।

ੲ) ਨਿੱਜੀ ਪੱਧਰ ਤੇ ਪ੍ਰਾਈਵੇਟ ਮੁਕਾਬਲਿਆਂ ਜਾਂ ਯੂਨੀਵਰਸਿਟੀ/ਵਿਭਾਗ/ਸਰਕਾਰ ਤੋਂ ਗੈਰ ਪ੍ਰਮਾਣਿਤ ਮੁਕਾਬਲਿਆਂ ਆਦਿ ਦੇ ਅਧਾਰ ਤੇ ਇਹ ਪੁਰਸਕਾਰ ਨਹੀਂ ਦਿੱਤੇ ਜਾਣਗੇ।

ਨਿਯਮ :

1. ਵਿਦਿਆਰਥੀਆਂ ਦੀਆਂ ਅਕਾਦਮਿਕ, ਖੇਡਾਂ ਤੇ ਸੱਭਿਆਚਾਰਕ ਸਰਗਰਮੀਆਂ ਵਿੱਚ ਉਤਸ਼ਾਹ ਵਧਾਉਣ ਲਈ ਅਤੇ ਉਹਨਾਂ ਦੇ ਵਿਅਕਤੀਗਤ ਅਤੇ ਸਰਬਪੱਖੀ ਵਿਕਾਸ ਲਈ ਉਹਨਾਂ ਨੂੰ ਉਪਰੋਕਤ ਤਿੰਨ ਖੇਤਰਾਂ ਵਿੱਚ ਇਨਾਮ ਦਿੱਤੇ ਜਾਂਦੇ ਹਨ ।

2. ਇਹ ਇਨਾਮ ਸਬੰਧਤ ਇੰਚਾਰਜ ਦੀ ਸਿਫ਼ਾਰਿਸ਼ ਤੇ ਪ੍ਰਿੰਸੀਪਲ ਸਾਹਿਬ ਵੱਲੋਂ ਮਿਲੀ ਪ੍ਰਵਾਨਗੀ ਪਿੱਛੋਂ ਦਿੱਤੇ ਜਾਣਗੇ। ਅਜਿਹੀ ਸਿਫ਼ਾਰਿਸ਼ ਵਿਦਿਆਰਥੀ ਦੁਆਰਾ ਭਿੰਨ-ਭਿੰਨ ਖੇਤਰਾਂ ਵਿੱਚ ਹਾਸਲ ਕੀਤੀਆਂ ਪ੍ਰਾਪਤੀਆਂ ਉਪਰੰਤ ਹੀ ਦਿੱਤੀ ਜਾਵੇਗੀ ਅਤੇ ਇਨਾਮ ਨਿਯਮਾਂ ਅਨੁਸਾਰ ਅਤੇ ਪ੍ਰਿੰਸੀਪਲ ਸਾਹਿਬ ਦੁਆਰਾ ਨਿਸ਼ਚਿਤ ਕੀਤੀ ਕਮੇਟੀ ਦੁਆਰਾ ਜਾਂਚ ਪੜਤਾਲ ਮਗਰੋਂ ਦਿੱਤੇ ਜਾਣਗੇ । ਇਨਾਮ ਪ੍ਰਾਪਤੀ ਦੇ ਇੱਛੁਕ ਵਿਦਿਆਰਥੀ ਨੂੰ ਇਨਾਮ ਦੇ ਹੱਕਦਾਰ ਬਣਨ ਲਈ ਯੋਗ ਅਧਿਕਾਰੀ ਦੁਆਰਾ ਜਾਰੀ ਕੀਤੀਆਂ ਗਈਆਂ ਮੌਲਿਕ ਸਰਤਾਂ ਪੂਰੀਆਂ ਕਰਨੀਆਂ ਹੋਣਗੀਆਂ ।

3. ਇਹ ਸਾਰੇ ਇਨਾਮ ਇਸ ਸੂਰਤ ਵਿੱਚ ਮਿਲਣਗੇ ਕਿ ਵਿਦਿਆਰਥੀ ਨੇਕ ਚਲਣੀ ਅਤੇ ਚੰਗੇ ਵਿਹਾਰ ਵਾਲੇ ਹੋਣ। ਵਿਦਿਆਰਥੀ ਅਨੁਸ਼ਾਸਨਹੀਣਤਾ ਕਰਕੇ ਜੁਰਮਾਨਾ ਜਾਂ ਤਾੜਨਾ ਹੋਣ ਕਾਰਨ ਕਿਸੇ ਵੀ ਕਿਸਮ ਦੇ ਇਨਾਮ ਦਾ ਹੱਕਦਾਰ ਨਹੀਂ ਹੋਵੇਗਾ । ਇਨ੍ਹਾਂ ਗੱਲਾਂ ਦੀ ਤਸਦੀਕ ਸਬੰਧਤ ਸਰਗਰਮੀਆਂ ਇੰਚਾਰਜ਼ ਅਤੇ ਟਿਊਟਰਾਂ ਦੁਆਰਾ ਕੀਤੀ ਜਾਵੇਗੀ ਅਤੇ ਪ੍ਰਿੰਸੀਪਲ ਸਾਹਿਬ ਦੁਆਰਾ ਪ੍ਰਵਾਨਗੀ ਦਿੱਤੀ ਜਾਵੇਗੀ ।

4. ਉਹ ਵਿਦਿਆਰਥੀ ਕਦੀ ਵੀ ਕਾਲਜ ਦੇ ਕਿਸੇ ਵੀ ਇਨਾਮ ਦਾ ਹੱਕਦਾਰ ਨਹੀਂ ਹੋਵੇਗਾ ਜਿਹੜਾ ਬੋਰਡ ਜਾਂ ਯੂਨੀਵਰਸਿਟੀ ਦੀਆਂ ਪ੍ਰੀਖਿਆਵਾਂ ਵਿੱਚ ਅਯੋਗ ਵਸੀਲੇ (Unfair Means) ਵਰਤਣ ਦਾ ਦੋਸ਼ੀ ਹੋਵੇਗਾ ।

5. ਹਰ ਖੇਤਰ ਨਾਲ ਸੰਬੰਧਿਤ ਇਨਾਮ ਕੇਵਲ ਉਸੇ ਵਿਦਿਆਰਥੀ ਨੂੰ ਦਿੱਤੇ ਜਾਣਗੇ ਜਿਹੜਾ ਕਾਲਜ ਦੁਆਰਾ ਲਈਆਂ ਗਈਆਂ ਪ੍ਰੀਖਿਆਵਾਂ ਵਿੱਚ ਆਪਣੇ ਸਾਰੇ ਵਿਸ਼ਿਆਂ ਦੇ ਇਮਤਿਹਾਨ ਦੇਵੇਗਾ ਅਤੇ ਜਿਹੜਾ ਯੂਨੀਵਰਸਿਟੀ ਦੇ ਸਮੈਸਟਰ ਇਮਤਿਹਾਨ ਵਿੱਚ ਕਾਲਜ ਦੇ ਬਾਕਾਇਦਾ ਰੈਗੂਲਰ (Regular) ਵਿਦਿਆਰਥੀ ਦੇ ਰੂਪ ਵਿੱਚ ਬੈਠਣ ਯੋਗ ਹੋਵੇਗਾ ।

6. ਕੇਵਲ ਸ਼੍ਰੇਣੀ ਜਾਂ ਸਰਗਰਮੀਆਂ ਵਿੱਚ ਸੀਨੀਆਰਤਾ (Seniority ਕਲਾਸ/ਜਨਮ ਮਿਤੀ ਦੀ) ਹੀ ਕਿਸੇ ਇਨਾਮ ਦਾ ਹੱਕਦਾਰ ਬਣਾਵੇਗੀ । ਕਿਸੇ ਵੀ ਇਨਾਮ ਦੇ ਹੱਕਦਾਰ ਹੋਣ ਲਈ ਅਕਾਦਮਿਕ, ਖੇਡਾਂ ਅਤੇ ਸੱਭਿਆਚਾਰਕ ਸਰਗਰਮੀਆਂ ਵਿੱਚੋਂ ਕਿਸੇ ਸਰਗਰਮੀ ਵਿੱਚ ਅਮਲੀ ਭਾਗ ਲੈ ਕੇ ਜੇਤੂ ਹੋਣਾ ਜ਼ਰੂਰੀ ਹੈ ।

7. ਕਿਸੇ ਵੀ ਆਇਟਮ ਵਿੱਚ ਵਿਦਿਆਰਥੀ ਨੂੰ ਕਾਲਜ ਵਿੱਚ ਪੜ੍ਹਾਈ ਦੇ ਦੌਰਾਨ ਇੱਕ ਵਾਰੀ ਹੀ ਕਲਰ ਦਿੱਤਾ ਜਾਵੇਗਾ । ਜੇ ਕੋਈ ਵਿਦਿਆਰਥੀ ਉਸ ਆਈਟਮ ਵਿੱਚ ਮੁੜ ਕਾਲਜ ਕਲਰ ਪ੍ਰਾਪਤ ਕਰਨ ਦੇ ਯੋਗ ਹੋ ਜਾਵੇ ਤਾਂ ਪਹਿਲੇ ਕਾਲਜ ਕਲਰ ਨੂੰ ਰਿਨਿਊ (Renew) ਕੀਤਾ ਜਾਵੇਗਾ।

8. ਰੋਲ ਆਫ਼ ਆਨਰ ਪ੍ਰਾਪਤ ਕਰਨ ਵਾਲੇ ਨੂੰ ਕਾਲਜ ਕਲਰ ਸਰਟੀਫਿਕੇਟ ਵੀ ਦਿੱਤਾ ਜਾਵੇਗਾ ।

ਵਿੱਦਿਅਕ ਰੋਲ ਆਫ਼ ਆਨਰ

ਵਿਦਿਅਕ ਰੋਲ ਆਫ਼ ਆਨਰ ਦੀ ਪੁਸਤਕ ਵਿੱਚ ਹਸਤਾਖਰ ਕਰਨ ਦਾ ਮਾਣ ਉਸ ਵਿਦਿਆਰਥੀ ਨੂੰ ਪ੍ਰਾਪਤ ਹੋਵੇਗਾ ਜਿਸ ਨੇ :-

1. ਕਿਸੇ ਸ਼੍ਰੇਣੀ ਵਿੱਚ ਕਾਲਜ ਵਿਦਿਆਰਥੀ ਦੇ ਨਾਤੇ ਯੂਨੀਵਰਸਿਟੀ ਦੀ ਪ੍ਰੀਖਿਆ ਵਿੱਚ ਪਾਸ ਹੋ ਕੇ ਪਹਿਲੇ 10 ਸਥਾਨਾਂ ਵਿੱਚੋਂ ਕੋਈ ਸਥਾਨ ਪ੍ਰਾਪਤ ਕੀਤਾ ਹੋਵੇ ।
2. ਬੀ. ਏ. ਆਨਰਜ਼ ਦੇ ਕਿਸੇ ਵਿਸ਼ੇ ਵਿੱਚ ਯੂਨੀਵਰਸਿਟੀ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ ਹੋਵੇ ।
3. ਕਿਸੇ ਕੋਰਸ ਦੇ ਕਿਸੇ ਵਿਸ਼ੇ ਵਿੱਚ ਯੂਨੀਵਰਸਿਟੀ ਮੈਡਲ ਪ੍ਰਾਪਤ ਕਰਕੇ ਸਮੁੱਚੀ ਯੂਨੀਵਰਸਿਟੀ ਵਿੱਚ ਪਹਿਲਾ ਸਥਾਨ ਪ੍ਰਾਪਤ ਕਰਨ ਵਾਲੇ ਨੂੰ ।

ਵਿੱਦਿਅਕ ਕਾਲਜ ਕਲਰ

ਇਹ ਇਨਾਮ ਉਨ੍ਹਾਂ ਵਿਦਿਆਰਥੀਆਂ ਨੂੰ ਦਿੱਤਾ ਜਾਵੇਗਾ ਜੋ ਯੂਨੀਵਰਸਿਟੀ ਦੀ ਪ੍ਰੀਖਿਆ ਦੇ ਅਧਾਰ ਤੇ ਛਪੀ ਮੈਰਿਟ ਵਿੱਚ ਪਹਿਲੇ 10 ਸਥਾਨਾਂ ਨੂੰ ਛੱਡ ਕੇ ਕੋਈ ਪੁਜ਼ੀਸ਼ਨ ਹਾਸਲ ਕਰਨ ਜਾਂ ਕਿਸੇ ਆਨਰਜ਼ ਵਿਸ਼ੇ ਵਿੱਚ ਯੂਨੀਵਰਸਿਟੀ ਵਿੱਚ ਦੂਜਾ ਜਾਂ ਤੀਸਰਾ ਸਥਾਨ ਪ੍ਰਾਪਤ ਕਰਨ ।

ਯੂਨੀਵਰਸਿਟੀ ਪ੍ਰੀਖਿਆ ਦੇ ਅਧਾਰ ਤੇ ਇਨਾਮ

1. ਇਸ ਕਾਲਜ ਦੇ ਵਿਦਿਆਰਥੀਆਂ ਵਿੱਚੋਂ ਯੂਨੀਵਰਸਿਟੀ ਦੀ ਕਿਸੇ ਸ਼੍ਰੇਣੀ ਦੀ ਪ੍ਰੀਖਿਆ ਵਿੱਚ ਆਪਣੇ ਕਾਲਜ ਵਿੱਚ ਪਹਿਲਾ ਅਤੇ ਦੂਜਾ ਸਥਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਇਨਾਮ ਦਿੱਤਾ ਜਾਵੇਗਾ । ਅਗਰ ਐਗਰੀਗੇਟ ਤੋਂ ਇਲਾਵਾ ਕੋਈ ਦੂਜਾ ਵਿਦਿਆਰਥੀ ਇੱਕ ਸਾਲ (ਚਾਲੂ ਵਰ੍ਹੇ) ਦੇ ਜੋੜ ਵਿੱਚੋਂ ਉਪਰੋਕਤ ਵਿਦਿਆਰਥੀ ਤੋਂ ਵੱਧ ਨੰਬਰ ਲੈਂਦਾ ਹੈ ਤਾਂ ਉਸਨੂੰ ਵੀ ਇਨਾਮ ਦਿੱਤਾ ਜਾਵੇਗਾ ।
2. ਕਿਸੇ ਵੀ ਸ਼੍ਰੇਣੀ ਵਿੱਚ ਇਨਾਮ ਪ੍ਰਾਪਤ ਕਰਨ ਲਈ ਵਿਦਿਆਰਥੀ ਨੇ ਘੱਟੋ-ਘੱਟ 60% ਅੰਕ ਜ਼ਰੂਰ ਪ੍ਰਾਪਤ ਕੀਤੇ ਹੋਣ ।

ਵਿੱਦਿਅਕ ਲੇਡੀ ਕੌਲਾ ਇਨਾਮ

ਲੇਡੀ ਕੌਲਾ ਇਨਾਮ ਵਿਦਿਆਰਥਣਾਂ ਨੂੰ ਪ੍ਰੋਤਸਾਹਨ ਦੇਣ ਲਈ ਜੀਂਦ ਰਿਆਸਤ ਦੇ ਭੂਤ-ਪੂਰਵ ਮੁੱਖ ਮੰਤਰੀ ਕੌਲਾ ਸਾਹਿਬ ਨੇ ਆਪਣੀ ਪਤਨੀ ਦੇ ਨਾਂ ਸ਼ੁਰੂ ਕੀਤੇ ਸਨ । ਇਹ ਇਨਾਮ ਕਾਲਜ ਦੀਆਂ ਵਿਦਿਆਰਥਣਾਂ ਵਿੱਚੋਂ ਬੋਰਡ/ਯੂਨੀਵਰਸਿਟੀ ਦੇ ਇਮਤਿਹਾਨਾਂ ਵਿੱਚ ਕਾਲਜ ਵਿੱਚੋਂ ਕੇਵਲ ਪਹਿਲਾ ਸਥਾਨ ਪ੍ਰਾਪਤ ਕਰਨ ਤੇ ਉਹਨਾਂ ਵਿਦਿਆਰਥਣਾਂ ਨੂੰ ਦਿੱਤੇ ਜਾਂਦੇ ਹਨ ਜਿਹਨਾਂ ਨੇ ਘੱਟੋ-ਘੱਟ 50% ਅੰਕ ਪ੍ਰਾਪਤ ਕੀਤੇ ਹੋਣ ਅਤੇ ਉਸ ਕਲਾਸ ਵਿੱਚ ਵਿਦਿਆਰਥਣਾਂ ਦੀ ਗਿਣਤੀ 5 ਤੋਂ ਘੱਟ ਨਾ ਹੋਵੇ ।

ਪ੍ਰੋ. ਬੀ. ਐੱਸ. ਗੋਇਲ ਮੈਮੋਰੀਅਲ ਵਿੱਦਿਅਕ ਅਵਾਰਡ

ਇਹ ਅਵਾਰਡ ਇਸ ਕਾਲਜ ਦੇ ਸਵਰਗੀ ਪ੍ਰੋ. ਬੀ. ਐੱਸ. ਗੋਇਲ ਇਕਨਾਮਿਕਸ ਵਿਭਾਗ ਦੇ ਪਰਿਵਾਰ ਵੱਲੋਂ ਉਸ ਵਿਦਿਆਰਥੀ ਨੂੰ ਦਿੱਤਾ ਜਾਂਦਾ ਹੈ ਜੋ ਬੀ. ਏ. ਭਾਗ ਤੀਜਾ ਅਤੇ ਬੀ.ਕਾਮ. ਭਾਗ ਤੀਜਾ ਦੀ ਸਾਲਾਨਾ/ਸਮੈਸਟਰ ਯੂਨੀਵਰਸਿਟੀ ਪ੍ਰੀਖਿਆ ਵਿੱਚ ਇਕਨਾਮਿਕਸ ਦੇ ਵਿਸ਼ੇ ਵਿੱਚ ਕਾਲਜ ਵਿੱਚ ਅੱਵਲ ਰਹੇ ਅਤੇ ਇਕਨਾਮਿਕਸ ਵਿਸ਼ੇ ਵਿੱਚ ਘੱਟੋ-ਘੱਟ 50% ਅੰਕ ਪ੍ਰਾਪਤ ਕਰੇ ।

ਸ਼੍ਰੀ ਬੰਤ ਰਾਮ ਲੱਡੇ ਵਿੱਦਿਅਕ ਵਜ਼ੀਫ਼ਾ

ਇਹ ਵਜ਼ੀਫ਼ਾ ਕਾਲਜ ਦੇ ਉਹਨਾਂ ਦੋ ਵਿਦਿਆਰਥੀਆਂ ਨੂੰ ਦਿੱਤਾ ਜਾਵੇਗਾ ਜੋ ਪੜ੍ਹਾਈ ਵਿੱਚ ਵੀ ਚੰਗੇ ਹੋਣ ਤੇ ਜਿਨ੍ਹਾਂ ਦੀ ਮਾਲੀ ਹਾਲਤ ਵੀ ਵਜ਼ੀਫ਼ੇ ਦੀਆਂ ਸ਼ਰਤਾਂ ਪੂਰੀਆਂ ਕਰਦੀ ਹੋਵੇ । ਅਜਿਹੇ ਵਿਦਿਆਰਥੀਆਂ ਦੀ ਚੋਣ ਇੱਕ ਵਿਸ਼ੇਸ਼ ਕਮੇਟੀ ਤੇ ਪ੍ਰਿੰਸੀਪਲ ਰਾਹੀਂ ਕੀਤੀ ਜਾਵੇਗੀ ।

ਇੰਜ. ਆਦਰਸ਼ ਕੁਮਾਰ ਮੈਮੋਰੀਅਲ ਵਿੱਦਿਅਕ ਅਵਾਰਡ

ਇਹ ਇਨਾਮ ਉਸ ਵਿਦਿਆਰਥੀ ਨੂੰ ਦਿੱਤਾ ਜਾਵੇਗਾ ਜੋ ਪੰਜਾਬੀ ਯੂਨੀਵਰਸਿਟੀ ਦੀ ਸਮੈਸਟਰ ਪ੍ਰੀਖਿਆ ਵਿੱਚ ਬੀ. ਐਸ. ਸੀ. ਭਾਗ ਤੀਜਾ ਵਿੱਚੋਂ ਕਾਲਜ ਵਿੱਚ ਅੱਵਲ ਰਿਹਾ ਹੋਵੇ ।

'ਪ੍ਰੇਮ ਅਮੀਰ' ਮੈਮੋਰੀਅਲ ਵਿੱਦਿਅਕ ਅਵਾਰਡ

ਇਹ ਇਨਾਮ ਸ਼੍ਰੀ ਅਨਿਲ ਚੰਦਰ ਦੱਤ ਅਤੇ ਉਨ੍ਹਾਂ ਦੇ ਭੈਣਾਂ, ਭਰਾਵਾਂ ਜੋ ਇਸ ਕਾਲਜ ਦੇ ਵਿਦਿਆਰਥੀ ਰਹੇ ਹਨ, ਵੱਲੋਂ ਆਪਣੇ ਸਵਰਗੀ ਮਾਤਾ, ਪਿਤਾ ਦੀ ਯਾਦ ਵਿੱਚ ਉਨ੍ਹਾਂ ਹੋਣਹਾਰ ਵਿਦਿਆਰਥੀਆਂ ਨੂੰ ਦਿੱਤਾ ਜਾਂਦਾ ਹੈ ਜਿੰਨ੍ਹਾਂ ਨੇ ਬੀ. ਏ./ ਬੀ. ਐੱਸਸੀ./ ਬੀ. ਕਾਮ. ਭਾਗ ਤੀਜਾ/ ਐੱਮ.ਏ.ਭਾਗ ਦੂਜਾ ਦੀ ਸਾਲਾਨਾ/ਸਮੈਸਟਰ ਯੂਨੀਵਰਸਿਟੀ ਪ੍ਰੀਖਿਆ ਵਿੱਚ ਇਸ ਕਾਲਜ ਵਿੱਚੋਂ ਪਹਿਲਾ ਸਥਾਨ ਪ੍ਰਾਪਤ ਕੀਤਾ ਹੋਵੇ ।

'ਮੁਨੀਸ਼ ਬਾਂਸਲ' ਮੈਮੋਰੀਅਲ ਵਿੱਦਿਅਕ ਅਵਾਰਡ

ਮੁਨੀਸ਼ ਬਾਂਸਲ ਦੇ ਮਾਤਾ ਪਿਤਾ ਵੱਲੋਂ ਉਸ ਦੀ ਯਾਦ ਵਿੱਚ ਉਨ੍ਹਾਂ ਵਿਦਿਆਰਥੀਆਂ ਨੂੰ ਦਿੱਤਾ ਜਾਂਦਾ ਹੈ ਜੋ ਯੂਨੀਵਰਸਿਟੀ ਦੀ ਸਾਲਾਨਾ/ਸਮੈਸਟਰ ਪ੍ਰੀਖਿਆ ਵਿੱਚੋਂ ਬੀ.ਕਾਮ. I, II, ਅਤੇ III ਵਿੱਚ ਇਸ ਕਾਲਜ ਵਿੱਚੋਂ ਅੱਵਲ ਰਹੇ ਹੋਣ ।

ਗਿਆਨੀ ਨਰਿੰਦਰ ਸਿੰਘ ਮੈਮੋਰੀਅਲ ਅਕਾਦਮਿਕ ਅਵਾਰਡ

ਇਹ ਵਿੱਦਿਅਕ ਅਵਾਰਡ ਇਸ ਕਾਲਜ ਦੇ ਪੁਰਾਣੇ ਅਤੇ ਹੋਣਹਾਰ ਵਿਦਿਆਰਥੀ ਗਿਆਨੀ ਨਰਿੰਦਰ ਸਿੰਘ ਜ਼ਿਲ੍ਹਾ ਲੋਕ ਸੰਪਰਕ ਅਫ਼ਸਰ, ਸੰਗਰੂਰ ਜੀ ਦੀ ਯਾਦ ਵਿੱਚ ਉਨ੍ਹਾਂ ਦੇ ਪਰਿਵਾਰ ਵੱਲੋਂ ਉਸ ਵਿਦਿਆਰਥੀ ਨੂੰ ਦਿੱਤਾ ਜਾਵੇਗਾ ਜਿਸ ਨੇ ਯੂਨੀਵਰਸਿਟੀ ਦੀ ਸਾਲਾਨਾ/ਸਮੈਸਟਰ ਪ੍ਰੀਖਿਆ ਵਿੱਚ ਬੀ. ਏ. ਭਾਗ ਤੀਜਾ ਵਿੱਚ ਪੰਜਾਬੀ ਸਾਹਿਤ ਦੇ ਵਿਸ਼ੇ ਵਿੱਚ ਸਭ ਤੋਂ ਵੱਧ ਅੰਕ ਪ੍ਰਾਪਤ ਕੀਤੇ ਹੋਣ ।

ਪ੍ਰੋ. ਆਰ.ਡੀ.ਅਗਰਵਾਲ ਮੈਮੋਰੀਅਲ ਅਵਾਰਡ

ਇਹ ਅਵਾਰਡ ਲੇਟ(ਰਿਟਾ.) ਪ੍ਰੋ. ਆਰ.ਡੀ.ਅਗਰਵਾਲ ਦੇ ਪਰਿਵਾਰ ਵੱਲੋਂ ਅੰਗਰੇਜ਼ੀ ਸਹਿਤ ਵਿਸ਼ੇ ਵਿੱਚੋਂ ਅੱਵਲ ਆਉਣ ਵਾਲੇ ਵਿਦਿਆਰਥੀ ਨੂੰ ਦਿੱਤਾ ਜਾਵੇਗਾ ।

ਹੰਸ ਰਾਜ ਮੈਮੋਰੀਅਲ ਅਵਾਰਡ

ਇਹ ਅਵਾਰਡ (ਰਿਟਾ.) ਪ੍ਰੋ: ਡੀ.ਡੀ.ਪਾਲ ਵੱਲੋਂ ਆਪਣੇ ਪਿਤਾ ਜੀ ਦੀ ਯਾਦ ਵਿੱਚ ਬੀ.ਐੱਸਸੀ. ਭਾਗ ਪਹਿਲਾ, ਦੂਜਾ ਅਤੇ ਤੀਜੇ ਦੀ ਯੂਨੀਵਰਸਿਟੀ ਪ੍ਰੀਖਿਆ ਵਿਚੋਂ ਜੁਆਲੋਜੀ ਵਿਸ਼ੇ ਵਿੱਚ ਅੱਵਲ ਆਉਣ ਵਾਲੇ ਵਿਦਿਆਰਥੀ ਨੂੰ ਦਿੱਤਾ ਜਾਵੇਗਾ ।

ਡਾ. ਸੁਨੀਤਾ ਯਾਦਗਾਰੀ ਇਨਾਮ

ਇਹ ਇਨਾਮ ਡਾ. ਸੁਨੀਤਾ (ਲੈਕਚਰਾਰ ਹਿੰਦੀ) ਦੀ ਯਾਦ ਵਿੱਚ ਉਨ੍ਹਾਂ ਦੇ ਪਰਿਵਾਰ ਵੱਲੋਂ ਬੀ.ਏ. ਭਾਗ ਪਹਿਲਾ, ਦੂਜਾ ਅਤੇ ਤੀਜੇ ਦੀ ਯੂਨੀਵਰਸਿਟੀ ਪ੍ਰੀਖਿਆ ਵਿੱਚ ਹਿੰਦੀ ਵਿਸ਼ੇ ਵਿੱਚ ਅੱਵਲ ਆਉਣ ਵਾਲੇ ਵਿਦਿਆਰਥੀ ਨੂੰ ਦਿੱਤਾ ਜਾਵੇਗਾ ।

ਭਗਤ ਪੂਰਨ ਸਿੰਘ ਸਮਾਜ ਸੇਵਾ ਅਵਾਰਡ

ਇਹ ਅਵਾਰਡ ਇਸ ਕਾਲਜ ਦੇ ਪੁਰਾਣੇ ਵਿਦਿਆਰਥੀ ਕੈਪਟਨ ਨਰਿੰਦਰ ਸਿੰਘ ਭੱਠਲ ਵੱਲੋਂ ਹਰ ਸਾਲ ਇੱਕ ਲੜਕੇ ਅਤੇ ਇੱਕ ਲੜਕੀ ਨੂੰ ਉੱਤਮ ਸਮਾਜ ਸੇਵਾ ਲਈ ਦਿੱਤਾ ਜਾਵੇਗਾ । ਵਿਦਿਆਰਥੀ ਦੀ ਚੋਣ ਪ੍ਰਿੰਸੀਪਲ ਸਾਹਿਬ ਦੀ ਪ੍ਰਧਾਨਗੀ ਹੇਠ, ਉਨ੍ਹਾਂ ਵੱਲੋਂ ਗਠਿਤ ਤਿੰਨ ਮੈਂਬਰੀ ਕਮੇਟੀ ਕਰੇਗੀ।

ਸ੍. ਖ਼ਜਾਨ ਸਿੰਘ ਬੱਟੂ ਯਾਦਗਾਰੀ ਲਿੰਗੁਇਸਟਿਕ ਅਵਾਰਡ

ਇਹ ਅਵਾਰਡ ਲੇਟ ਮੇਜਰ ਮਨਮੋਹਨ ਸਿੰਘ ਬੱਟੂ ਅਤੇ ਉਹਨ੍ਹਾਂ ਦੇ ਪਰਿਵਾਰ ਵੱਲੋਂ ਆਪਣੇ ਪਿਤਾ ਸ੍. ਖ਼ਜਾਨ ਸਿੰਘ ਬੱਟੂ ਦੀ ਯਾਦ ਵਿੱਚ ਬੀ. ਏ. ਭਾਗ ਤੀਜਾ (ਲਿਟ.) ਦੇ ਅੰਗਰੇਜ਼ੀ, ਪੰਜਾਬੀ ਅਤੇ ਹਿੰਦੀ ਭਾਸ਼ਾਵਾਂ ਅਤੇ ਐੱਮ. ਏ. ਭਾਗ ਦੂਜਾ ਦੇ ਅੰਗਰੇਜ਼ੀ ਅਤੇ ਪੰਜਾਬੀ ਭਾਸ਼ਾਵਾਂ ਦੇ ਪ੍ਰਤਿਭਾਵਾਨ ਵਿਦਿਆਰਥੀਆਂ ਨੂੰ ਹਰ ਸਾਲ ਦਿੱਤਾ ਜਾਵੇਗਾ, ਜਿਨ੍ਹਾਂ ਦੀ ਚੋਣ ਪ੍ਰਿੰਸੀਪਲ ਸਾਹਿਬ ਵੱਲੋਂ ਗਠਿਤ ਕਮੇਟੀ ਕਰੇਗੀ ।

ਸ਼੍ਰੀਮਤੀ ਮਨਜੀਤ ਕੌਰ ਸੇਖੋਂ ਮੈਮੋਰੀਅਲ ਵਿਦਿਅਕ ਅਵਾਰਡ

ਇਹ ਇਨਾਮ ਮਨਜੀਤ ਕੌਰ ਸੇਖੋਂ ਦੇ ਪਤੀ ਸ.ਸ.ਸ. ਸੇਖੋਂ ਵੱਲੋਂ ਉਨ੍ਹਾਂ ਦੀ ਯਾਦ ਵਿੱਚ ਉਨ੍ਹਾਂ ਵਿਦਿਆਰਥੀਆਂ ਨੂੰ ਦਿੱਤਾ ਜਾਂਦਾ ਹੈ, ਜੋ ਯੂਨੀਵਰਸਿਟੀ ਪ੍ਰੀਖਿਆ ਦੌਰਾਨ ਇਸ ਕਾਲਜ ਵਿੱਚੋਂ ਬੀ.ਏ. ਭਾਗ ਤੀਜਾ, ਅੰਗਰੇਜ਼ੀ ਸਾਹਿਤ, ਬੀ.ਕਾਮ ਭਾਗ ਤੀਜਾ, ਬੀ.ਐੱਸਸੀ. ਭਾਗ ਤੀਜਾ (ਮੈਡੀਕਲ ਅਤੇ ਨਾਨ-ਮੈਡੀਕਲ) ਵਿੱਚੋਂ ਅੱਵਲ ਰਹਿਣਗੇ।

ਡਾ. ਸੁਖਜੀਤ ਸਿੰਘ ਚਹਿਲ ਵੱਲੋਂ ਦਿੱਤੀ ਜਾਣ ਵਾਲੀ ਮਾਲੀ ਸਹਾਇਤਾ

ਡਾ. ਸੁਖਜੀਤ ਸਿੰਘ ਚਹਿਲ, ਐੱਮ.ਐੱਸ., NRI ਵੱਲੋਂ ਅਕਾਦਮਿਕ ਸੈਸ਼ਨ 2016-17 ਤੋਂ ਅਤਿਅੰਤ ਲੋੜ ਵਾਲੇ ਵਿਦਿਆਰਥੀ/ਵਿਦਿਆਰਥਣ (ਜਿੰਨ੍ਹਾ ਦੇ ਮਾਤਾ ਪਿਤਾ ਨਹੀ) ਨੂੰ ਇੱਕ ਗਠਿਤ ਕਮੇਟੀ ਰਾਹੀਂ ਚੋਣ ਕਰਕੇ ਬਣਦੀ ਮਾਲੀ ਸਹਾਇਤਾ ਦਿੱਤੀ ਜਾਵੇਗੀ।

ਸੂਬੇਦਾਰ ਮੇਜਰ ਕਰਤਾਰ ਸਿੰਘ ਧਾਲੀਵਾਲ ਮੈਮੋਰੀਅਲ ਕਲਚਰਲ ਅਵਾਰਡ

ਇਹ ਇਨਾਮ ਪ੍ਰੋ. ਡਾ. ਸੁਰਿੰਦਰ ਕੌਰ ਧਾਲੀਵਾਲ ਵੱਲੋਂ ਆਪਣੇ ਪਿਤਾ ਸਵ. ਸੂਬੇਦਾਰ ਮੇਜਰ ਕਰਤਾਰ ਸਿੰਘ ਧਾਲੀਵਾਲ ਦੀ ਯਾਦ ਵਿੱਚ ਸੱਭਿਆਚਾਰਕ ਗਤੀਵਿਧੀਆਂ ਦੇ ਅਧਾਰ ਤੇ 'ਸਰਵੋਤੱਮ ਕਲਾਕਾਰ ਲੜਕੀ' ਅਤੇ 'ਸਰਵੋਤੱਮ ਕਲਾਕਾਰ ਲੜਕਾ' ਨੂੰ ਦਿੱਤਾ ਜਾਵੇਗਾ।

ਰਣਬੀਰ ਐਲੂਮਨੀ ਕਲੱਬ ਅਵਾਰਡ:

ਇਹ ਅਵਾਰਡ ਇਸ ਕਾਲਜ ਦੇ ਪੁਰਾਣੇ ਵਿਦਿਆਰਥੀਆਂ ਦੀ ਰਜਿਸਟਰਡ ਕਲੱਬ ਵੱਲੋਂ ਮੌਜੂਦਾ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਲਈ ਦਿੱਤੇ ਜਾਂਦੇ ਹਨ, ਜਿਨ੍ਹਾਂ ਦਾ ਵੇਰਵਾ ਨਿਮਨਲਿਖਤ ਅਨੁਸਾਰ ਹੈ :

ੳ. ਸਰਵੋਤਮ ਅਕਾਦਮਿਕ ਅਵਾਰਡ: ਉਸ ਵਿਦਿਆਰਥੀ ਨੂੰ ਦਿੱਤਾ ਜਾਵੇਗਾ ਜਿਸਨੇ ਯੂਨੀਵਰਸਿਟੀ ਦੀ ਪਿਛਲੀ ਸਮੈਸਟਰ ਪ੍ਰੀਖਿਆ ਦੀਆਂ ਸਾਰੀਆਂ ਕਲਾਸਾਂ ਦੀਆਂ ਮੈਰਿਟ ਸੂਚੀਆਂ ਵਿੱਚੋਂ ਸਭ ਤੋਂ ਉੱਚਾ ਸਥਾਨ ਪ੍ਰਾਪਤ ਕੀਤਾ ਹੋਵੇ, ਬਰਾਬਰ ਹੋਣ ਦੀ ਸੂਰਤ ਵਿੱਚ ਸੀਨੀਅਰ ਵਿਦਿਆਰਥੀ ਦਾ ਹੱਕ ਹੋਵੇਗਾ।

ਅ. ਸਰਵੋਤਮ ਖਿਡਾਰੀ ਅਵਾਰਡ: ਉਸ ਵਿਦਿਆਰਥੀ ਨੂੰ ਦਿੱਤਾ ਜਾਵੇਗਾ । ਜਿਸਨੇ ਹੇਠ ਲਿਖੇ ਮਾਪ-ਦੰਡਾਂ ਅਨੁਸਾਰ ਸਭ ਤੋਂ ਵੱਧ ਅੰਕ ਪ੍ਰਾਪਤ ਕੀਤੇ ਹੋਣ

ੳ)	ਅੰਤਰ ਰਾਸ਼ਟਰੀ ਖੇਡ ਪ੍ਰਤਿਯੋਗਤਾ ਵਿੱਚ ਸੋਨੇ ਦਾ ਤਮਗਾ	– 10 ਅੰਕ
ਅ)	ਅੰਤਰ ਰਾਸ਼ਟਰੀ ਖੇਡ ਪ੍ਰਤਿਯੋਗਤਾ ਵਿੱਚ ਚਾਂਦੀ ਦਾ ਤਮਗਾ	– 08 ਅੰਕ
ੲ)	ਅੰਤਰ ਰਾਸ਼ਟਰੀ ਖੇਡ ਪ੍ਰਤਿਯੋਗਤਾ ਵਿੱਚ ਕਾਂਸੀ ਦਾ ਤਮਗਾ	– 07 ਅੰਕ
ਸ)	ਅੰਤਰ ਰਾਸ਼ਟਰੀ ਖੇਡ ਪ੍ਰਤਿਯੋਗਤਾ ਵਿੱਚ ਭਾਗ ਲਿਆ ਹੋਵੇ ਜਾਂ ਨੈਸ਼ਨਲ ਪੱਧਰ ਤੇ ਪਹਿਲਾ ਸਥਾਨ	– 06 ਅੰਕ
ਹ)	ਨੈਸ਼ਨਲ ਪੱਧਰ ਤੇ ਦੂਜਾ ਜਾਂ ਅੰਤਰਵਰਸਿਟੀ ਪੱਧਰ ਤੇ ਪਹਿਲਾ	– 05 ਅੰਕ
ਕ)	ਨੈਸ਼ਨਲ ਪੱਧਰ ਤੇ ਭਾਗ ਲਿਆ/ਅੰਤਰ ਵਰਸਿਟੀ ਤੇ ਦੂਜਾ ਸਥਾਨ/ ਪੰਜਾਬ ਰਾਜ ਓਪਨ ਟੂਰਨਾਮੈਂਟ ਵਿੱਚ ਪਹਿਲਾ ਸਥਾਨ	– 04 ਅੰਕ
ਖ)	ਅੰਤਰ ਵਰਸਿਟੀ ਵਿੱਚ ਭਾਗ ਲਿਆ/ਪੰਜਾਬ ਰਾਜ ਓਪਨ ਟੂਰਨਾਮੈਂਟ ਵਿੱਚ ਦੂਜਾ ਸਥਾਨ/ਯੂਨੀਵਰਸਿਟੀ ਟੂਰਨਾਮੈਂਟ ਵਿੱਚ ਪਹਿਲਾ ਸਥਾਨ	– 03 ਅੰਕ
ਗ)	ਯੂਨੀਵਰਸਿਟੀ ਵਿੱਚ ਦੂਜਾ ਸਥਾਨ	– 02 ਅੰਕ

ਏ) ਸਰਵੋਤਮ ਸਰਵਪੱਖੀ ਅਵਾਰਡ:

ਉਸ ਵਿਦਿਆਰਥੀ ਨੂੰ ਦਿੱਤਾ ਜਾਵੇਗਾ ਜਿਸਨੇ ਇੱਕ ਵਰ੍ਹੇ ਦੌਰਾਨ ਤਿੰਨਾਂ ਖੇਤਰਾਂ (ਅਕਾਦਮਿਕ, ਖੇਡਾਂ ਅਤੇ ਕੋਕਰੀਕੁਲਰ) ਵਿੱਚੋਂ ਕਿਸੇ ਦੋ ਖੇਤਰਾਂ ਵਿੱਚ ਰੋਲ ਆਫ਼ ਆਨਰ/ਕਾਲਜ ਕਲਰ ਪ੍ਰਾਪਤ ਕੀਤਾ ਹੋਵੇ ਅਤੇ ਇਸਦੇ ਨਾਲ ਹੀ

ੳ) ਉਸੇ ਸਾਲ ਅਕਾਦਮਿਕ ਖੇਤਰ ਵਿੱਚ ਯੂਨੀਵਰਸਿਟੀ ਦੀ ਸਾਲਾਨਾ ਪ੍ਰੀਖਿਆ ਦੇ ਕੁੱਲ ਜੋੜ ਵਿੱਚੋਂ ਘੱਟੋ-ਘੱਟ 60% ਅੰਕ ਪ੍ਰਾਪਤ ਕੀਤੇ ਹੋਣ ।

ਜਾਂ

ਅ) ਕੋਕਰੀਕੁਲਰ ਸਰਗਰਮੀਆਂ ਦੇ ਅਧਾਰ ਤੇ 10 ਅੰਕ ਪ੍ਰਾਪਤ ਕੀਤੇ ਹੋਣ ਜਾਂ

ੲ) ਯੂਨੀਵਰਸਿਟੀ/ਪੰਜਾਬ ਰਾਜ ਓਪਨ ਟੂਰਨਾਮੈਂਟ ਵਿੱਚ ਖੇਡਣ ਵਾਲੇ ਮੈਂਬਰ ਦੇ ਤੌਰ ਤੇ ਭਾਗ ਲਿਆ ਹੋਵੇ । ਪੁਜੀਸ਼ਨ ਫਸਟ, ਸੈਕਿੰਡ,

ਕੰਵਰ ਮਹਿੰਦਰ ਸਿੰਘ ਬੇਦੀ ਸਰਬਪੱਖੀ ਇਨਾਮ:

ਇਹ ਇਨਾਮ ਸੰਗਰੂਰ ਦੇ ਸਾਬਕਾ ਡਿਪਟੀ ਕਮਿਸ਼ਨਰ ਕੰਵਰ ਮਹਿੰਦਰ ਸਿੰਘ ਬੇਦੀ ਵੱਲੋਂ ਵਿਦਿਆਰਥੀ ਦੇ ਇੱਕ ਸਾਲ ਦੌਰਾਨ ਤਿੰਨਾਂ ਖੇਤਰਾਂ (ਵਿੱਦਿਅਕ, ਸੱਭਿਆਚਾਰਕ ਅਤੇ ਖੇਡਾਂ) ਵਿੱਚ ਕੁਸ਼ਲਤਾ ਦੇ ਆਧਾਰ ਤੇ ਹੇਠ ਲਿਖੇ (Criteria) ਅਨੁਸਾਰ ਘੱਟੋ-ਘੱਟ 12 ਅੰਕ ਪ੍ਰਾਪਤ ਕਰਨ ਵਾਲੇ ਵਿਦਿਆਰਥੀ ਨੂੰ ਦਿੱਤਾ ਜਾਵੇਗਾ । ਰੋਲ ਆਫ਼ ਆਨਰ 5 ਅੰਕ, ਕਾਲਜ ਕਲਰ 3 ਅੰਕ, ਸਾਲਾਨਾ/ਸਮੈਸਟਰ ਯੂਨੀਵਰਸਿਟੀ/ਬੋਰਡ ਪ੍ਰੀਖਿਆ ਵਿੱਚੋਂ ਆਪਣੀ ਕਲਾਸ ਵਿੱਚੋਂ ਅੱਵਲ 2 ਅੰਕ, ਗ੍ਰਹਿ ਪ੍ਰੀਖਿਆ ਦੇ ਐਗਰੀਗੇਟ ਚੋਂ ਫਸਟ-1 ਅੰਕ, ਕੋਕਰੀਕੁਲਰ ਸਰਗਰਮੀ ਮੈਰਿਟ ਸਰਟੀਫ਼ਿਕੇਟ 1/2 ਅੰਕ ਅਤੇ ਵਿਸ਼ੇ ਵਿੱਚੋਂ ਫਸਟ 1/2 ਅੰਕ ।

ਸਰਬਪੱਖੀ ਰੋਲ ਆਫ਼ ਆਨਰ:

ਉਸ ਵਿਦਿਆਰਥੀ ਨੂੰ ਸਰਬਪੱਖੀ ਰੋਲ ਆਫ ਆਨਰ (All Round College Roll of Honour) ਦਿੱਤਾ ਜਾਵੇਗਾ ਜੋ ਅਕਾਦਮਿਕ, ਖੇਡਾਂ ਅਤੇ ਕੋਕਰੀਕੁਲਰ ਸਰਗਰਮੀਆਂ ਵਿੱਚੋਂ ਹਰ ਇੱਕ ਵਿੱਚ ਕਾਲਜ ਕਲਰ/ਰੋਲ ਆਫ਼ ਆਨਰ ਪ੍ਰਾਪਤ ਕਰ ਲਵੇ। ਇਹ ਸਰਵਪੱਖੀ ਰੋਲ ਆਫ਼ ਆਨਰ ਆਪਣੇ ਇਸ ਕਾਲਜ ਦੇ ਅਧਿਐਨ ਕਾਲ ਵਿੱਚ ਕਦੇ ਵੀ ਹਾਸਲ ਕਰ ਸਕਦਾ ਹੈ ।

ਕੋਕਰੀਕੁਲਰ ਲੇਡੀ ਕੌਲਾ ਇਨਾਮ:

ਇਥੇ ਖੇਡਾ ਵਾਲੇ ਵਿਦਿਆਰਥੀ ਇਹ ਇਨਾਮ ਸਰਵੋਤਮ ਨਿਸ਼ਾਨੇਬਾਜ਼ ਲੜਕੀ, ਅੰਗਰੇਜ਼ੀ, ਹਿੰਦੀ ਤੇ ਪੰਜਾਬੀ ਦੀ ਸਰਵੋਤਮ ਵਕਤਾ ਲੜਕੀ, ਸੰਗੀਤ ਮੁਕਾਬਲੇ ਵਿੱਚ ਪਹਿਲੇ ਇਨਾਮ ਦੀ ਜੇਤੂ ਲੜਕੀ, ਡਰਾਮੇ ਜਾਂ ਮੋਨੋਐਕਟਿੰਗ ਵਿੱਚ ਸਰਵੋਤਮ ਕਲਾ ਪ੍ਰਦਰਸ਼ਨ ਕਰਨ ਵਾਲੀ ਲੜਕੀ, ਗਰੁੱਪ ਡਾਂਸ ਦੀ ਸਰਵੋਤਮ ਕਲਾਕਾਰ ਲੜਕੀ ਅਤੇ ਸਰਵੋਤਮ ਰੰਗੋਲੀ ਜਾਂ ਫਲਾਵਰ ਅਰੇਂਜਮੈਂਟ ਕਰਨ ਵਾਲੀ ਲੜਕੀ ਨੂੰ ਦਿੱਤਾ ਜਾਂਦਾ ਹੈ

ਖੇਡਾਂ ਦਾ ਲੇਡੀ ਕੌਲਾ ਇਨਾਮ:

ਇਹ ਇਨਾਮ ਸਰਵੋਤਮ ਲੜਕੀ ਐਥਲੀਟ ਨੂੰ ਸਾਲਾਨਾ ਖੇਡ ਸਮਾਰੋਹ ਦੇ ਅਧਾਰ ਤੇ ਦਿੱਤਾ ਜਾਵੇਗਾ ।

ਖੇਡ ਇਨਾਮਾਂ ਲਈ ਨਿਯਮ:

1) ਕਿਸੇ ਕਿਸਮ ਦਾ ਸਪੋਰਟਸ ਅਵਾਰਡ ਵਿਦਿਆਰਥੀ ਦੀ ਟੀਮ ਵਿੱਚ ਸੀਨੀਆਰਟੀ ਦੇ ਅਧਾਰ ਤੇ ਦਿੱਤਾ ਜਾਵੇਗਾ ।
2) ਸਮਾਨ ਸੀਨੀਆਰਟੀ ਦੀ ਹਾਲਤ ਵਿੱਚ ਇਹ ਅਵਾਰਡ ਵਿਦਿਆਰਥੀ ਦੀ ਯੂਨੀਵਰਸਿਟੀ ਟੂਰਨਾਮੈਂਟ ਵਿੱਚ ਖੇਡ ਕੁਸ਼ਲਤਾ(Performance) ਦੇ ਅਧਾਰ ਤੇ ਦਿੱਤਾ ਜਾਵੇਗਾ ।
3) ਇੱਕੋ ਜਿਹੀ ਕੁਸ਼ਲਤਾ (Performance) ਦੀ ਹਾਲਤ ਵਿੱਚ ਅਵਾਰਡ ਕਲਾਸਾਂ ਦੀ ਸੀਨੀਆਰਟੀ ਦੇ ਅਧਾਰ ਤੇ ਦਿੱਤੇ ਜਾਣਗੇ ।
4) ਇੱਕ ਕਲਾਸ ਹੋਣ ਦੀ ਹਾਲਤ ਵਿੱਚ ਵੱਡੀ ਉਮਰ ਵਾਲੇ ਵਿਦਿਆਰਥੀ ਨੂੰ ਅਵਾਰਡ ਦਿੱਤਾ ਜਾਵੇਗਾ। ਜੇ ਦੋਵੇਂ ਵਿਦਿਆਰਥੀ ਕਾਲਜ ਦੇ ਅਖੀਰਲੇ ਸਾਲ ਵਿੱਚ ਹੋਣ ਤਾਂ ਅਵਾਰਡ ਦੋਵਾਂ ਨੂੰ ਹੀ ਦਿੱਤਾ ਜਾਵੇਗਾ ।
5) ਟੀਮ ਦੇ ਉਹਨਾਂ ਖਿਡਾਰੀਆਂ ਨੂੰ ਹੀ ਇਨਾਮ ਦਿੱਤਾ ਜਾਵੇਗਾ ਜੋ ਅਸਲ ਰੂਪ ਵਿੱਚ ਮੈਦਾਨ ਵਿੱਚ ਖੇਡੇ ਹੋਣ ।
6) ਪ੍ਰਤੀਸ਼ਤਤਾ ਟੀਮ ਦੀ ਪੂਰੀ ਗਿਣਤੀ ਤੇ ਲਾਗੂ ਹੋਵੇਗੀ । 0.5 ਜਾਂ ਇਸ ਤੋਂ ਵੱਧ ਅੰਕ ਨੂੰ ਅਗਲਾ ਪੂਰਾ ਅੰਕ ਗਿਣਿਆ ਜਾਵੇਗਾ ।
7) ਯੂਨੀਵਰਸਿਟੀ/ਸਰਕਾਰ ਤੋਂ ਗੈਰ ਪ੍ਰਮਾਣਿਤ ਜਾਂ ਪ੍ਰਾਈਵੇਟ /ਓਪਨ ਮੁਕਾਬਲਿਆਂ ਦੇ ਅਧਾਰ ਤੇ ਇਹ ਇਨਾਮ ਨਹੀਂ ਦਿੱਤੇ ਜਾਣਗੇ ।

ਖੇਡਾਂ ਦਾ ਰੋਲ ਆਫ਼ ਆਨਰ:

ਰੋਲ ਆਫ਼ ਆਨਰ ਦੀ ਪੁਸਤਕ ਵਿੱਚ ਉਨ੍ਹਾਂ ਖਿਡਾਰੀਆਂ ਨੂੰ ਹਸਤਾਖ਼ਰ ਕਰਨ ਦਾ ਮਾਣ ਪ੍ਰਾਪਤ ਹੋਵੇਗਾ ਜੋ:

1) ਅੰਤਰ ਯੂਨੀਵਰਸਿਟੀ/ਸੀਨੀਅਰ ਤੇ ਜੂਨੀਅਰ ਨੈਸ਼ਨਲ ਮੁਕਾਬਲਿਆਂ ਵਿੱਚ ਭਾਗ ਲੈ ਰਹੀ ਟੀਮ ਦੇ ਮੈਂਬਰ ਹੋਣ ਅਤੇ ਉਹ ਟੀਮ ਪਹਿਲਾ, ਦੂਜਾ ਸਥਾਨ ਪ੍ਰਾਪਤ ਕਰੇ ਜਾਂ ਉਪਰੋਕਤ ਮੁਕਾਬਲਿਆਂ ਵਿੱਚ ਵਿਅਕਤੀਗਤ ਤੌਰ ਤੇ ਪਹਿਲਾ, ਦੂਜਾ ਸਥਾਨ ਪ੍ਰਾਪਤ ਕਰੇ ।
2) ਅੰਤਰ ਯੂਨੀਵਰਸਿਟੀ/ਯੂਨੀਵਰਸਿਟੀ/ਸਟੇਟ ਮੁਕਾਬਲਿਆਂ ਵਿੱਚ ਨਵਾਂ ਰਿਕਾਰਡ ਕਾਇਮ ਕਰਨ ।
3) ਯੂਨੀਵਰਸਿਟੀ/ਸਟੇਟ ਟੀਮ ਦੇ ਕਪਤਾਨ ਚੁਣੇ ਜਾਣ ਤੇ ।
4) ਭਾਰਤ ਦੀ ਕਿਸੇ ਵੀ ਟੀਮ ਵਿੱਚ ਅੰਤਰ-ਰਾਸ਼ਟਰੀ ਪੱਧਰ ਤੇ ਪ੍ਰਤੀਨਿੱਧਤਾ ਕਰਨ ਵਾਲੇ ਨੂੰ ।
5) ਆਲ ਇੰਡੀਆ ਨੈਸ਼ਨਲ/ਅੰਤਰ ਯੂਨੀਵਰਸਿਟੀ ਖੇਡ ਮੁਕਾਬਲੇ ਵਿੱਚ ਭਾਗ ਲਿਆ ਹੋਵੇ ਅਤੇ ਉਹ ਖਿਡਾਰੀ ਲਗਾਤਾਰ ਦੂਜੀ ਵਾਰ ਕਾਲਜ ਵੱਲੋਂ ਅੰਤਰ ਕਾਲਜ/ਸਟੇਟ ਮੁਕਾਬਲੇ ਵਿੱਚ ਭਾਗ ਲੈ ਚੁੱਕਾ ਹੋਵੇ ।

ਖੇਡਾਂ ਦਾ ਕਾਲਜ ਕਲਰ:

ਨਿਮਨ ਲਿਖਤ ਨਿਯਮਾਂ ਦੇ ਆਧਾਰ ਤੇ ਕਾਲਜ ਕਲਰ ਦਿੱਤਾ ਜਾਵੇਗਾ:

1) ਜ਼ੋਨ ਵਿੱਚ ਜੇਤੂ ਟੀਮ ਦੇ 10% ਖਿਡਾਰੀਆਂ ਨੂੰ ।

2) ਯੂਨੀਵਰਸਿਟੀ ਦੀ ਰਨਰਜ਼-ਅਪ ਟੀਮ ਦੇ 50% ਖਿਡਾਰੀਆਂ ਨੂੰ ।

3) ਯੂਨੀਵਰਸਿਟੀ ਦੀ ਪਹਿਲੇ ਸਥਾਨ ਦੀ ਜੇਤੂ ਟੀਮ ਦੇ 100% ਖਿਡਾਰੀਆਂ ਨੂੰ ।

4) ਯੂਨੀਵਰਸਿਟੀ ਅਥਲੈਟਿਕਸ ਮੀਟ ਮੁਕਾਬਲਿਆਂ ਵਿੱਚ (ਜਿਹੜੀਆਂ ਐਸੋਸੀਏਸ਼ਨਾਂ ਨੂੰ ਸਰਕਾਰ ਵੱਲੋਂ ਮਾਨਤਾ ਮਿਲੀ ਹੋਵੇ) ਪਹਿਲੀ, ਦੂਜੀ ਅਤੇ ਤੀਜੀ ਪੁਜ਼ੀਸ਼ਨ ਪ੍ਰਾਪਤ ਕਰਨ 'ਤੇ ਕਾਲਜ ਕਲਰ ਦਿੱਤਾ ਜਾਵੇਗਾ ਬਸ਼ਰਤੇ ਉਸ ਖਿਡਾਰੀ ਨੇ ਪ੍ਰਿੰਸੀਪਲ ਦੀ ਆਗਿਆ ਨਾਲ ਭਾਗ ਲਿਆ ਹੋਵੇ ।

5) ਕਾਲਜ ਦੇ ਸਰਵੋਤਮ ਖਿਡਾਰੀ/ਖਿਡਾਰਨ ਨੂੰ ਸਾਲਾਨਾ ਖੇਡ ਸਮਾਰੋਹ ਦੇ ਅਧਾਰ ਤੇ ।

6) ਵਿਅਕਤੀਗਤ ਖੇਡ ਮੁਕਾਬਲਿਆਂ ਵਿੱਚ ਪਹਿਲੀ, ਦੂਜੀ ਅਤੇ ਤੀਜੀ ਪੁਜੀਸ਼ਨ ਹਾਸਲ ਕਰਨ ਵਾਲੇ ਨੂੰ ।

7) ਸਟੇਟ ਜਾਂ ਨੈਸ਼ਨਲ ਰਾਈਫਲ ਐਸੋਸੀਏਸ਼ਨ ਜਾਂ ਐੱਨ. ਸੀ. ਸੀ. ਗਰੁੱਪ ਵੱਲੋਂ ਕਰਵਾਏ ਗਏ ਸ਼ੂਟਿੰਗ ਕੰਪੀਟੀਸ਼ਨ ਵਿੱਚ ਪਹਿਲੀ ਅਤੇ ਦੂਜੀ ਪੁਜ਼ੀਸ਼ਨ ਲੈਣ ਵਾਲੇ ਖਿਡਾਰੀ ਨੂੰ ।

8) ਕਿਸੇ ਵੀ ਖੇਡ ਵਿੱਚ ਪੰਜਾਬੀ ਯੂਨੀਵਰਸਿਟੀ ਟੀਮ ਦਾ ਮੈਂਬਰ ਹੋਵੇ ।

ਕੋਕਰੀਕੁਲਰ/ਸਹਿ-ਵਿੱਦਿਅਕ ਸਰਗਰਮੀਆਂ ਦੇ ਨਿਯਮ

1. ਹੇਠ ਲਿਖੀਆਂ ਕੋਕਰੀਕੁਲਰ ਸਰਗਰਮੀਆਂ ਵੱਖ-ਵੱਖ ਇਨਾਮਾਂ ਲਈ ਨਿਸ਼ਚਿਤ ਕੀਤੀਆਂ ਗਈਆਂ ਹਨ:

(ੳ) ਯੂਨੀਵਰਸਿਟੀ ਫੈਸਟੀਵਲ ਦੇ ਜ਼ੋਨਲ ਅਤੇ ਅੰਤਰ ਜ਼ੋਨਲ ਮੁਕਾਬਲਿਆਂ ਵਿਚਲੀਆਂ ਸਾਰੀਆਂ ਆਈਟਮਾਂ ਅਤੇ ਕਿਸੇ ਵੀ ਅੰਤਰ ਕਾਲਜ ਮੁਕਾਬਲੇ ਤੇ ਅਧਾਰਿਤ ।

(ਅ) ਐੱਨ. ਸੀ. ਸੀ. ਦੇ ਅਧਾਰ ਤੇ (ੲ) ਐੱਨ. ਐੱਸ. ਐੱਸ. ਦੇ ਅਧਾਰ ਤੇ (ਸ) ਰੈੱਡ ਕਰਾਸ ਦੇ ਅਧਾਰ ਤੇ

2. ਕਿਸੇ ਵਿਦਿਆਰਥੀ ਜਾਂ ਟੀਮ ਦੀ ਪ੍ਰਾਪਤੀ ਤਾਂ ਹੀ ਵਿਚਾਰੀ ਜਾਵੇਗੀ ਜੇ ਉਹ ਅੰਤਰ ਕਾਲਜ ਮੁਕਾਬਲਾ ਕਿਸੇ ਭਾਰਤੀ ਯੂਨੀਵਰਸਿਟੀ ਦੇ ਮਨਜ਼ੂਰ ਸ਼ੁਦਾ ਕਾਲਜ ਜਾਂ ਭਾਸ਼ਾ ਵਿਭਾਗ, ਪੰਜਾਬ ਵੱਲੋਂ ਕੀਤਾ ਗਿਆ ਹੋਵੇ ।

3. ਪ੍ਰਤੀਸ਼ਤਤਾ ਟੀਮ ਦੀ ਪੂਰੀ ਗਿਣਤੀ ਤੇ ਲਾਗੂ ਹੋਵੇਗੀ । 0.5 ਜਾਂ ਇਸ ਤੋਂ ਵੱਧ ਅੰਕ ਨੂੰ ਅਗਲਾ ਪੂਰਾ ਅੰਕ ਗਿਣਿਆ ਜਾਵੇਗਾ ।

ਕੋਕਰੀਕੁਲਰ ਰੋਲ ਆਫ਼ ਆਨਰ:

ਕੋਕਰੀਕੁਲਰ ਰੋਲ ਆਫ਼ ਆਨਰ ਦੀ ਪੁਸਤਕ ਵਿੱਚ ਹਸਤਾਖ਼ਰ ਕਰਨ ਦਾ ਮਾਣ ਹੇਠ ਲਿਖੇ ਵਿਦਿਆਰਥੀ ਨੂੰ ਪ੍ਰਾਪਤ ਹੋਵੇਗਾ:

1. ਅੰਤਰ ਯੂਨੀਵਰਸਿਟੀ ਯੂਥ ਫੈਸਟੀਵਲ ਵਿੱਚ ਵਿਅਕਤੀਗਤ ਤੌਰ ਤੇ ਪਹਿਲਾ, ਦੂਜਾ ਸਥਾਨ ਪ੍ਰਾਪਤ ਕਰਨ ਵਾਲੇ ਨੂੰ ।
2. ਅੰਤਰ ਯੂਨੀਵਰਸਿਟੀ ਯੂਥ ਫੈਸਟੀਵਲ ਦੀ ਟੀਮ ਦੇ ਉਸ ਮੈਂਬਰ ਨੂੰ ਜਿਸ ਨੇ ਉਪਰੋਕਤ ਮੁਕਾਬਲੇ ਵਿੱਚ ਪਹਿਲਾ, ਦੂਜਾ ਸਥਾਨ ਪ੍ਰਾਪਤ ਕੀਤਾ ਹੋਵੇ ।
3. ਕੋਕਰੀਕੁਲਰ ਸਰਗਰਮੀਆਂ ਦੇ ਅਧਾਰ ਤੇ ਘੱਟੋ-ਘੱਟ 25 ਪੁਆਇੰਟ ਲੈਣ ਵਾਲੇ ਨੂੰ ।
4. ਐੱਨ.ਸੀ.ਸੀ. ਕੈਡਿਟ /ਐੱਨ.ਐੱਸ.ਐੱਸ. ਵਲੰਟੀਅਰ ਨੂੰ ਜਿਸ ਨੇ ਦਿੱਲੀ ਵਿੱਚ ਹੋਣ ਵਾਲੇ ਰਿਪਬਲਿਕ ਡੇ ਕੈਂਪ ਜਾਂ ਪ੍ਰੇਡ ਵਿੱਚ ਭਾਗ ਲਿਆ ਹੋਵੇ ਜਾਂ ਅੰਤਰ ਰਾਸ਼ਟਰੀ ਪੱਧਰ ਤੇ ਯੂਥ ਐਕਸਚੇਂਜ ਪ੍ਰੋਗਰਾਮ ਵਿੱਚ ਭਾਗ ਲਿਆ ਹੋਵੇ ।
5. ਉਹ ਵਿਦਿਆਰਥੀ ਜਿਸਨੇ ਭਾਰਤ/ਰਾਜ ਸਰਕਾਰ/ਯੂਨੀਵਰਸਿਟੀ ਦੁਆਰਾ ਭੇਜੇ ਗਏ ਕਿਸੇ ਅੰਤਰ ਰਾਸ਼ਟਰੀ ਪੱਧਰ ਦੇ ਮੁਕਾਬਲੇ ਵਿੱਚ ਹਿੱਸਾ ਲਿਆ ਹੋਵੇ ਅਤੇ ਕਾਲਜ ਪ੍ਰਿੰਸੀਪਲ ਤੋਂ ਪ੍ਰਵਾਨਗੀ ਪ੍ਰਾਪਤ ਕੀਤੀ ਹੋਵੇ ।
6. ਐੱਨ. ਐੱਸ. ਐੱਸ. ਦੇ ਸਰਬ ਹਿੰਦ/ਅੰਤਰ ਰਾਜ/ਅੰਤਰ ਯੂਨੀਵਰਸਿਟੀ ਵਿੱਚ ਲਾਏ ਕੈਂਪ ਦੌਰਾਨ ਕਰਵਾਏ ਮੁਕਾਬਲਿਆਂ ਵਿੱਚ ਪਹਿਲਾ ਜਾਂ ਦੂਜਾ ਸਥਾਨ ਪ੍ਰਾਪਤ ਕਰਨ ਵਾਲੇ ਨੂੰ ਜਾਂ ਸਰਵੋਤਮ ਕੈਂਪਰ ਐਲਾਨੇ ਵਿਦਿਆਰਥੀ ਨੂੰ ਜਾਂ ਯੂਨੀਵਰਸਿਟੀ ਜਾਂ ਰਾਜ ਪੱਧਰੀ ਯੁਵਕ ਸੇਵਾਵਾਂ ਦੇ ਬੈਸਟ ਕੈਂਪਰ ਨੂੰ ਯੂਨੀਵਰਸਿਟੀ ਬੈਸਟ ਵਲੰਟੀਅਰ ਦਾ ਖਿਤਾਬ ਪ੍ਰਾਪਤ ਕਰਨ ਵਾਲੇ ਵਿਦਿਆਰਥੀ ਨੂੰ।
7. ਕੌਮੀ ਜਾਂ ਯੂਥ ਰੈੱਡ ਕਰਾਸ ਦੇ ਅੰਤਰ ਸਟੇਟ/ਅੰਤਰ ਯੂਨੀਵਰਸਿਟੀ/ਸਰਬ ਹਿੰਦ ਕੈਂਪ ਜਾਂ ਮੁਕਾਬਲੇ ਵਿੱਚ ਪਹਿਲਾ ਜਾਂ ਦੂਜਾ ਸਥਾਨ ਪ੍ਰਾਪਤ ਕਰਨ ਵਾਲੇ ਵਲੰਟੀਅਰ ਨੂੰ ਜਾਂ ਸਟੇਟ ਰੈੱਡ ਕਰਾਸ ਵੱਲੋਂ ਮੈਡਲ ਪ੍ਰਾਪਤ ਕਰਨ ਵਾਲੇ ਨੂੰ । ਉਪਰੋਕਤ ਦਰਜ਼ਾਏ ਕੈਂਪ ਦੇ ਸਰਵੋਤਮ ਵਲੰਟੀਅਰ ਰਹਿਣ ਵਾਲੇ ਨੂੰ ।

ਕੋਕਰੀਕੁਲਰ ਕਾਲਜ ਕਲਰ ਦੇ ਨਿਯਮ:

1. ਕੋਕਰੀਕੁਲਰ ਕਾਲਜ ਕਲਰ ਉਸ ਵਿਦਿਆਰਥੀ ਨੂੰ ਦਿੱਤਾ ਜਾਵੇਗਾ ਜਿਸ ਨੇ ਯੂਨੀਵਰਸਿਟੀ ਦੇ ਅੰਤਰ ਜ਼ੋਨਲ ਯੂਥ ਫੈਸਟੀਵਲ ਜਾਂ ਭਾਸ਼ਾ ਵਿਭਾਗ ਦੀ ਰਾਜ ਪੱਧਰ ਦੀ ਪ੍ਰਤਿਯੋਗਤਾ ਦੇ ਕਿਸੇ ਵਿਅਕਤੀਗਤ ਆਇਟਮ ਜਾਂ ਗੁਰੱਪ ਆਈਟਮ ਵਿੱਚ ਪਹਿਲਾ, ਦੂਜਾ ਸਥਾਨ ਪ੍ਰਾਪਤ ਕੀਤਾ ਹੋਵੇ ।
2. ਜ਼ੋਨਲ ਯੂਥ ਫੈਸਟੀਵਲ ਦੇ ਜੇਤੂ ਟੀਮ ਦੇ 100% ਅਤੇ ਦੂਸਰੇ ਸਥਾਨ ਵਾਲੀ ਟੀਮ ਦੇ 50% ਸੀਨੀਅਰ ਵਿਦਿਆਰਥੀਆਂ ਨੂੰ।
3. ਕੋਕਰੀਕੁਲਰ ਸਰਗਰਮੀਆਂ ਦੇ ਅਧਾਰ ਤੇ ਘੱਟੋ-ਘੱਟ 15 ਅੰਕ ਪ੍ਰਾਪਤ ਕਰਨ ਵਾਲੇ ਨੂੰ ।
4. ਐੱਨ.ਐੱਸ.ਐੱਸ. ਦੇ ਕੈਂਪ ਵਿੱਚ ਜੋ ਵਿਦਿਆਰਥੀ ਲਗਾਤਾਰ ਦੋ ਵਾਰ ਬੈਸਟ ਵਲੰਟੀਅਰ ਰਿਹਾ ਹੋਵੇ ਅਤੇ ਘੱਟੋ-ਘੱਟ ਦੋ ਵਾਰ ਖ਼ੂਨ ਦਾਨ ਕੀਤਾ ਹੋਵੇ ਅਤੇ (ਸੀ) ਸਰਟੀਫਿਕੇਟ ਪ੍ਰਾਪਤ ਕੀਤਾ ਹੋਵੇ ਉਸਨੂੰ ਕਾਲਜ ਕਲਰ ਦਿੱਤਾ ਜਾਵੇਗਾ।

4. ਕੋਕਰੀਕੁਲਰ ਕਾਲਜ ਕਲਰ ਲਈ ਕਾਲਜ ਪੱਧਰ ਤੇ ਤਿੰਨ ਸੱਤ ਰੋਜਾ ਕੈਂਪ ਲਗਾਏ ਹੋਣ ਤੇ ਅਤੇ ਘੱਟੋ-ਘੱਟ 2 ਵਾਰ ਬੈਸਟ ਵਲੰਟੀਅਰ ਐਲਾਨਿਆ ਗਿਆ ਹੋਵੇ ਅਤੇ 2 ਵਾਰ ਖੂਨਦਾਨ ਕੀਤਾ ਹੋਵੇ। 120 ਘੰਟਿਆਂ ਦੇ ਨਾਲ 100 ਘੰਟੇ ਰੁੱਖਾਂ ਦੀ ਸਾਂਭ ਸੰਭਾਲ, ਸੱਵਛ ਭਾਰਤ ਅਭਿਆਨ, ਪੋਸ਼ਨ ਪਖਵਾੜਾ, ਤੇ ਹੋਰ ਸਮਾਜਿਕ ਕੰਮਾਂ ਨਾਲ ਪੂਰੇ ਹੋਣੇ ਚਾਹੀਦੇ ਹਨ (ਬੀ ਜਾਂ ਸੀ) ਸਰਟੀਫਿਕੇਟ ਪ੍ਰਾਪਤ ਕੀਤਾ ਹੋਵੇ ਜਾਂ ਐੱਨ.ਐੱਸ.ਐੱਸ. ਦੇ ਉਸ ਵਲੰਟੀਅਰ ਨੂੰ ਜਿਸ ਨੇ ਅੰਤਰ-ਵਰਸਿਟੀ ਕੈਂਪ ਵਿੱਚ ਭਾਗ ਲਿਆ ਹੋਵੇ ਅਤੇ ਬੀ ਸਰਟੀਫਿਕੇਟ ਪ੍ਰਾਪਤ ਕੀਤਾ ਹੋਵੇ ।

5. ਉਹ ਕੈਡਟ ਜੋ ATC ਕੈਂਪ ਵਿੱਚ ਦੋ ਵਾਰ ਬੈਸਟ ਕੈਡੇਟ ਰਿਹਾ ਹੋਵੇ ਅਤੇ ਇੱਕ ਸਾਲ ਸੀਨੀਅਰ ਅੰਡਰ ਅਫ਼ਸਰ ਰਿਹਾ ਹੋਵੇ ਅਤੇ ਬੀ ਸਰਟੀਫਿਕੇਟ ਪਾਸ ਕੀਤਾ ਹੋਵੇ ਅਤੇ ਸੀ ਸਰਟੀਫਿਕੇਟ ਲਈ ਯੋਗ ਮੰਨਿਆ ਗਿਆ ਹੋਵੇ। ਜਾਂ
ਐੱਨ. ਸੀ. ਸੀ. ਦੇ Pre. R.D. ਕੈਂਪ ਜਾਂ ਬੇਸਿਕ ਲੀਡਰਸ਼ਿਪ ਕੈਂਪ ਦਿੱਲੀ ਵਿਖੇ ਲਾਉਣ ਵਾਲੇ ਵਿਦਿਆਰਥੀ ਨੂੰ । ਜਾਂ
ਐੱਨ. ਸੀ. ਸੀ. ਕੰਪਨੀ ਦੇ ਸੀਨੀਅਰ ਅੰਡਰ ਅਫ਼ਸਰ ਨੂੰ ਜਿਸ ਨੇ ATC ਕੈਂਪ ਲਗਾਇਆ ਹੋਵੇ ਅਤੇ 90% ਹਾਜਰੀਆਂ ਹੋਣ, ਲੋਕਲ ਪਰੇਡਾਂ ਵਿੱਚ ਭਾਗ ਲਿਆ ਹੋਵੇ ਅਤੇ ਕਾਲਜ ਵੱਲੋਂ ਕਰਵਾਏ ਗਏ ਪ੍ਰੋਗਰਾਮ ਵਿੱਚ ਭਾਗ ਲਿਆ ਹੋਵੇ । ਸੀਨੀਅਰਤਾ ਦੇ ਅਧਾਰ ਤੇ ਕੇਵਲ ਇੱਕ ਕੈਡਿਟ ਨੂੰ ।

6. ਯੂਥ ਰੈੱਡ ਕਰਾਸ ਦੇ ਅੰਤਰ ਰਾਜ/ਅੰਤਰ ਯੂਨੀਵਰਸਿਟੀ/ਸਰਬਹਿੰਦ ਇੱਕਤਰਤਾ ਵਿੱਚ ਸਟੇਟ/ਯੂਨੀਵਰਸਿਟੀ ਦੀ ਪ੍ਰਤੀਨਿਧਤਾ ਕਰਨ ਵਾਲੇ ਨੂੰ ਜਾਂ ਸਟੇਟ ਵੱਲੋਂ ਆਯੋਜਿਤ ਇੱਕਤਰਤਾ ਵਿੱਚ ਪਹਿਲਾ ਜਾਂ ਦੂਜਾ ਸਥਾਨ ਪ੍ਰਾਪਤ ਕੀਤਾ ਹੋਵੇ ਅਤੇ ਯੂਨਿਟ ਦੇ ਦੋ ਵਾਰੀ ਸਰਵੋਤਮ ਵਲੰਟੀਅਰ ਰਹਿਣ ਵਾਲੇ ਨੂੰ।

7. ਰੈਡ ਰੀਬਨ ਕਲੱਬ ਦੇ ਇੱਕ ਮੈਂਬਰ ਨੂੰ ਕਾਲਜ ਕਲਰ ਦਿੱਤਾ ਜਾਵੇਗਾ ਜਿਸ ਨੇ ਤਿੰਨ ਸਾਲ ਮੈਂਬਰਸ਼ਿਪ ਦੌਰਾਨ ਕਲੱਬ ਦੀ ਗਤੀਵਿਧੀ ਵਿੱਚ ਵੱਧਚੜ੍ਹ ਕੇ ਹਿੱਸਾ ਲਿਆ ਹੋਵੇ, ਤਿੰਨ ਵਾਰ ਖੂਨਦਾਨ ਕੀਤਾ ਹੋਵੇ, ਰੈਡ ਰੀਬਨ ਕਲੱਬ ਵੱਲੋਂ ਕਰਵਾਏ ਜਾਂਦੇ ਹਰ ਮੁਕਾਬਲੇ ਵਿੱਚ ਹਿੱਸਾ ਲੈ ਕੇ ਦੋ ਸਾਲ ਪਹਿਲੀ ਪੁਜਿਸ਼ਨ ਹਾਸਲ ਕੀਤੀ ਹੋਵੇ।

ਕੋਕਰੀਕੁਲਰ ਮੈਰਿਟ ਸਰਟੀਫ਼ਿਕੇਟ ਅਤੇ ਇਨਾਮਾਂ ਦੇ ਨਿਯਮ:

1. ਜ਼ੋਨਲ ਯੂਥ ਫੈਸਟੀਵਲ ਦੇ ਕਿਸੇ ਵਿਅਕਤੀਗਤ ਜਾਂ ਗਰੁੱਪ ਆਇਟਮ ਜਾਂ ਭਾਸ਼ਾ ਵਿਭਾਗ ਦੀ ਜ਼ਿਲ੍ਹਾ ਪੱਧਰ ਦੀ ਪ੍ਰਤਿਯੋਗਤਾ ਵਿੱਚੋਂ ਪਹਿਲਾ ਜਾਂ ਦੂਜਾ ਸਥਾਨ ਪ੍ਰਾਪਤ ਕਰਨ ਤੇ ਉਸ ਵਿਦਿਆਰਥੀ ਨੂੰ ਕਰਮਵਾਰ ਵਿੱਦਿਅਕ ਪਹਿਲੇ ਤੇ ਦੂਜੇ ਸਥਾਨ ਤੇ ਬਰਾਬਰ ਇਨਾਮ ਦਿੱਤਾ ਜਾਵੇਗਾ ਜਾਂ ਇੰਟਰ ਜ਼ੋਨਲ ਫੈਸਟੀਵਲ ਵਿੱਚ ਤੀਜਾ ਵਾਲੇ ਨੂੰ ਜਾਂ ਅੰਤਰ ਕਾਲਜ ਮੁਕਾਬਲਿਆ ਵਿਚ ਪਹਿਲਾ ਦੂਜਾ ਸਥਾਨ ਪ੍ਰਾਪਤ ਕਰਨ ਵਾਲੇ ਨੂੰ।
2. ਕਾਲਜ ਮੈਗਜ਼ੀਨ ਦੇ ਹਰ ਸੈਕਸ਼ਨ ਦੇ ਕੇਵਲ ਇੱਕ ਵਿਦਿਆਰਥੀ ਸੰਪਾਦਕ ਨੂੰ ।
3. ਐੱਨ.ਐੱਸ. ਐੱਸ. ਵਲੰਟੀਅਰ ਨੂੰ ਜਿਸ ਨੇ ਘੱਟੋ-ਘੱਟ 2 ਸੱਤ ਰੋਜਾ ਕੈਂਪ ਲਗਾਏ ਹੋਣ ਅਤੇ ਬੈਸਟ ਵਰਕਰ ਰਿਹਾ ਹੋਵੇ ਜਿਸਨੇ ਛੁੱਟੀਆਂ ਦੌਰਾਨ ਸਮਾਜ ਸੇਵੀ ਵਿਸ਼ੇਸ਼ ਗਤੀਵਿਧੀਆਂ ਕੀਤੀਆਂ ਹੋਣ। ਹਰ ਐਨ.ਐਸ.ਐਸ. ਇਕਾਈ ਦੇ ਪੰਜ ਪ੍ਰਤੀਸ਼ਤ ਵਲੰਟੀਅਰ ਨੂੰ ਦਿੱਤਾ ਜਾਵੇਗਾ।
4. ਜਿਸ ਵਿਦਿਆਰਥੀ ਨੇ ਕੋਈ ਵਿਸ਼ੇਸ਼ ਬਹਾਦਰੀ ਦਾ ਕੰਮ ਕੀਤਾ ਹੋਵੇ ਅਤੇ ਕਾਲਜ ਕੌਂਸਲ ਵੱਲੋਂ ਪ੍ਰਵਾਨ ਹੋਵੇ ।
5. ਐੱਨ.ਸੀ.ਸੀ. ਕੈਡਿਟ/ਰੈਡ ਕਰਾਸ ਵਲੰਟੀਅਰ/ ਐਨ. ਐਸ .ਐਸ, ਵਲੰਟੀਅਰ ਜਿਸ ਨੇ ਰਾਸ਼ਟਰੀ ਪੱਧਰ ਤੇ ਕੁਦਰਤੀ ਆਫ਼ਤ ਸਮੇਂ ਕੋਈ ਸ਼ਲਾਘਾਯੋਗ ਕੰਮ ਕੀਤਾ ਹੋਵ ਅਤੇ ਐਕਸਚੇਂਜ ਪ੍ਰੋਗਰਾਮ ਵਿੱਚ ਭਾਗ ਲਿਆ ਹੋਵੇ ।
6. ਜੋ ਵਿਦਿਆਰਥੀ ਯੂਨੀਵਰਸਿਟੀ ਪੱਧਰ ਤੇ ਲਾਏ ਐੱਨ.ਐੱਸ.ਐੱਸ. ਕੈਂਪ ਵਿੱਚ ਭਾਗ ਲਵੇ, ਜਿਸਨੇ ਐੱਨ.ਐੱਸ.ਐੱਸ. ਦਾ ਦੂਜਾ ਸਾਲ ਪੂਰਾ ਕਰ ਲਿਆ ਹੋਵੇ ਅਤੇ ਬੀ ਸਰਟੀਫਿਕੇਟ ਜਾਰੀ ਕੀਤਾ ਹੋਵੇ।
7. ਕੋਕਰੀਕੁਲਰ ਸਰਗਰਮੀਆਂ ਦੇ ਅਧਾਰ ਤੇ ਘੱਟੋ-ਘੱਟ 10 ਪੁਆਇੰਟ ਲੈਣ ਵਾਲੇ ਨੂੰ ।
8. ਯੂਥ ਰੈੱਡ ਕਰਾਸ ਵਲੰਟੀਅਰ ਨੂੰ ਜਿਸ ਨੇ 3 ਸਾਲ ਲਗਾਤਾਰ ਕਾਲਜ ਪੱਧਰ ਤੇ ਚਲਾਈਆਂ ਜਾਂਦੀਆਂ ਗਤੀਵਿਧੀਆ ਵਿੱਚ ਪੂਰੀ ਲਗਨ ਨਾਲ ਕੰਮ ਕੀਤਾ ਹੋਵੇ ਯੂਨਿਟ ਦੇ ਪੰਜ ਪ੍ਰਤੀਸ਼ਤ ਸੀਨੀਅਰ ਵਲੰਟੀਅਰਜ਼ ਨੂੰ ਦਿੱਤਾ ਜਾਵੇਗਾ।
9. ਰੈਡ ਰੀਬਨ ਕਲੱਬ ਦੇ 2 ਮੈਂਬਰਾਂ ਨੂੰ ਮੈਰਿਟ ਸਰਟੀਫਿਕੇਟ ਦਿੱਤਾ ਜਾਵੇਗਾ ਜਿਨ੍ਹਾਂ ਨੇ ਇੱਕ ਵਾਰ ਖੂਨਦਾਨ ਕੀਤਾ ਹੋਵੇ ਅਤੇ ਇੱਕਾਈ ਦੇ ਸਮੇਂ ਸਮੇਂ ਤੇ ਕਰਵਾਏ ਜਾਂਦੇ ਮੁਕਾਬਲਿਆਂ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ ਹੋਵੇ। ਕਾਲਜ ਰੈਡ ਰੀਬਨ ਕਲੱਬ ਦਾ ਲਗਾਤਾਰ ਤਿੰਨ ਸਾਲ ਤੋਂ ਮੈਂਬਰ ਰਿਹਾ ਹੋਵੇ।

ਨੋਟ: ਨਿਯਮ ਨੰਬਰ 2 ਤੋਂ 6 ਤੱਕ ਦੇ ਇਨਾਮ ਅਕਾਦਮਿਕ ਪਹਿਲੀ ਪੁਜੀਸ਼ਨ ਦੇ ਬਰਾਬਰ ਹੋਣਗੇ ।

ਅੰਕਾਂ ਦਾ ਵੇਰਵਾ – (ਵਿਅਕਤੀਗਤ ਪੁਜ਼ੀਸਨ ਲਈ) (ਇਹ ਟੀਮ ਦੇ ਮੈਂਬਰਾਂ ਤੇ ਵੀ ਲਾਗੂ ਹੋਵੇਗਾ)

ਅੰਤਰ ਕਾਲਜ ਮੁਕਾਬਲਿਆਂ ਵਿੱਚ

ਪਹਿਲਾ ਸਥਾਨ ਪ੍ਰਾਪਤ ਕਰਨ ਲਈ (5 ਅੰਕ), ਦੂਜਾ ਸਥਾਨ ਪ੍ਰਾਪਤ ਕਰਨ ਲਈ (3 ਅੰਕ) ਤੀਜਾ ਸਥਾਨ ਪ੍ਰਾਪਤ ਕਰਨ ਲਈ (2 ਅੰਕ)

ਐੱਨ.ਸੀ.ਸੀ.

ਇਸ ਕਾਲਜ ਵਿੱਚ ਨੈਸ਼ਨਲ ਕੈਡਿਟ ਕੋਰਪਸ (ਐੱਨ.ਸੀ.ਸੀ.) ਦੀਆਂ ਦੋ ਪਲਾਟੂਨ ਹਨ। ਜਿਨ੍ਹਾਂ ਵਿੱਚੋਂ ਇਕ ਲੜਕਿਆਂ ਲਈ ਅਤੇ ਇਕ ਲੜਕੀਆਂ ਲਈ ਹੈ। ਐੱਨ. ਸੀ. ਸੀ. ਵਿਦਿਆਰਥੀਆਂ ਦੀ ਸਰਬਪੱਖੀ ਸ਼ਖਸੀਅਤ ਪੈਦਾ ਕਰਦਾ ਹੈ । ਇਹ ਤਿੰਨ ਸਾਲਾ ਟਰੇਨਿੰਗ ਹੈ । ਕੈਡਿਟਾਂ ਲਈ ਹਰ ਸਾਲ 30 ਪਰੇਡਾਂ ਵਿੱਚੋ 23 ਪਰੇਡਾਂ ਤੇ ਹਾਜ਼ਰ ਹੋਣਾ ਜ਼ਰੂਰੀ ਹੈ। 'ਬੀ' ਸਰਟੀਫ਼ਿਕੇਟ ਇਮਤਿਹਾਨ ਦੂਜੇ ਸਾਲ ਵਿੱਚ ਅਤੇ 'ਸੀ' ਸਰਟੀਫ਼ਿਕੇਟ ਇਮਤਿਹਾਨ ਤੀਜੇ ਸਾਲ ਵਿੱਚ ਹੁੰਦਾ ਹੈ ।

ਕੈਡਿਟਾਂ ਨੂੰ Trekking, Youth Exchange Programme, Parasailing, Para Trooping ਅਤੇ Mountaineering ਆਦਿ ਵਿੱਚ ਭਾਗ ਲੈਣ ਦਾ ਮੌਕਾ ਪ੍ਰਦਾਨ ਕੀਤਾ ਜਾਂਦਾ ਹੈ । 'ਸੀ' ਸਰਟੀਫ਼ਿਕੇਟ ਪਾਸ ਕਰਨ ਵਾਲੇ ਕੈਡਿਟ ਲੜਕੇ/ਲੜਕੀਆਂ ਲਈ ਆਰਮੀ ਕੋਰਸਾਂ ਵਿੱਚ ਲਿਖਤੀ ਪ੍ਰੀਖਿਆ ਮੁਆਫ਼ ਕੀਤੀ ਜਾਂਦੀ ਹੈ । ਵੱਖ-ਵੱਖ ਨੌਕਰੀਆਂ ਜਾਂ ਉਚੇਰੀ ਸਿੱਖਿਆ ਲਈ ਦਾਖ਼ਲਾ ਲੈਣ ਵੇਲੇ ਵੀ ਨਿਸ਼ਚਿਤ ਅੰਕ ਦਿੱਤੇ ਜਾਂਦੇ ਹਨ।

ਨੋਟ: ਉਪਰੋਕਤ ਦਰਸ਼ਾਈ ਐਨ.ਸੀ.ਸੀ. ਦੀ ਸਹੂਲਤ ਦਾ ਲਾਭ ਉਦੋਂ ਹੀ ਮਿਲੇਗਾ ਜਦੋਂ ਕਾਲਜ ਵਿੱਚ ਐਨ.ਸੀ.ਸੀ. ਯੂਨਿਟ ਉਪਲਬੱਧ ਹੋਵੇਗਾ।

ਐੱਨ.ਐੱਸ.ਐੱਸ.

ਨੈਸ਼ਨਲ ਸਰਵਿਸ ਸਕੀਮ (ਐੱਨ. ਐੱਸ. ਐੱਸ.) ਵਿੱਚ 100-100 ਵਿਦਿਆਰਥੀਆਂ ਦੇ ਚਾਰ ਯੂਨਿਟ ਹਨ ਜਿਹਨਾਂ ਵਿੱਚੋਂ ਦੋ ਯੂਨਿਟ ਲੜਕਿਆਂ ਦੇ ਅਤੇ ਦੋ ਲੜਕੀਆਂ ਦੇ ਹਨ । ਇਸ ਯੋਜਨਾ ਦਾ ਮੁੱਖ ਮੰਤਵ ਯੁਵਕਾਂ ਨੂੰ ਅਜਿਹੀ ਟਰੇਨਿੰਗ ਦੇਣਾ ਹੈ ਜਿਸ ਨਾਲ ਉਹ ਸਮਾਜਕ ਜੀਵਨ ਦੇ ਭਿੰਨ-ਭਿੰਨ ਭਾਗਾਂ ਵਿੱਚ ਸਵਾਰਥਹੀਨ ਕੰਮ ਕਰ ਸਕਣ । ਇਸ ਨਾਲ ਵਿਦਿਆਰਥੀ ਉਹਨਾਂ ਸਮੱਸਿਆਵਾਂ ਤੋਂ ਜਾਣੂ ਹੁੰਦੇ ਹਨ ਜਿਹੜੀਆਂ ਹੱਲ ਕਰਨੀਆਂ ਜ਼ਰੂਰੀ ਹੁੰਦੀਆਂ ਹਨ । ਐੱਨ. ਐੱਸ. ਐੱਸ. ਦੇ ਵਿਦਿਆਰਥੀਆਂ ਨੂੰ ਆਪਣੀ ਕਿਸੇ ਵੀ ਚੋਣਵੀਂ ਸੇਵਾ ਦਾ ਕੰਮ ਕਰਨਾ ਹੁੰਦਾ ਹੈ ਅਤੇ ਇਸ ਕੰਮ ਲਈ ਇੱਕ ਸਾਲ ਵਿੱਚ ਘੱਟੋ-ਘੱਟ 120 ਘੰਟੇ ਲਗਾਉਣੇ ਜ਼ਰੂਰੀ ਹਨ। ਵਿਦਿਆਰਥੀਆਂ ਨੂੰ ' ਏ,ਬੀ ' ਅਤੇ ' ਸੀ ' ਸਰਟੀਫ਼ਿਕੇਟ ਨਿਯਮਾਂ ਅਨੁਸਾਰ ਪ੍ਰਦਾਨ ਕੀਤੇ ਜਾਂਦੇ ਹਨ। ਨੌਕਰੀ/ਵਿੱਦਿਅਕ ਦਾਖ਼ਲੇ ਸਮੇਂ ਇਸ ਦੇ ਨਿਸ਼ਚਿਤ ਅੰਕ ਹਨ ।

ਯੂਥ ਰੈੱਡ ਕਰਾਸ ਸੋਸਾਇਟੀ

ਇਸ ਕਾਲਜ ਵਿੱਚ ਯੂਥ ਰੈੱਡ ਕਰਾਸ ਸੋਸਾਇਟੀ ਹੈ । ਇਸ ਵਿੱਚ 100 ਲੜਕੇ ਅਤੇ ਲੜਕੀਆਂ ਇੱਕ ਯੂਨਿਟ ਦੇ ਰੂਪ ਵਿੱਚ ਵਲੰਟੀਅਰ ਵਜੋਂ ਕੰਮ ਕਰਦੇ ਹਨ । ਯੂਥ ਰੈੱਡ ਕਰਾਸ ਦਾ ਮੁੱਖ ਮੰਤਵ ਮਨੁੱਖਤਾ ਦੀ ਸੇਵਾ ਹੈ । ਲੋੜ ਪੈਣ ਤੇ ਕੁਦਰਤੀ ਆਫਤਾਂ ਸਮੇਂ ਵਲੰਟੀਅਰ ਆਪਣੀਆਂ ਸੇਵਾਵਾਂ ਮਨੁੱਖਤਾ ਲਈ ਅਰਪਿਤ ਕਰਦੇ ਹਨ ਤੇ ਉਨ੍ਹਾਂ ਵਿੱਚ ਸਰਬੱਤ ਦੇ ਭਲੇ ਦੀ ਭਾਵਨਾ ਪੈਦਾ ਹੁੰਦੀ ਹੈ ।

ਕੈਰੀਅਰ ਕਾਊਂਸਲਿੰਗ ਅਤੇ ਪਲੇਸਮੈਂਟ ਸੈੱਲ

ਕਾਲਜ ਦੇ ਵਿਦਿਆਰਥੀਆਂ ਨੂੰ ਰੋਜ਼ਗਾਰ ਮੁਹੱਈਆ ਕਰਾਉਣ ਲਈ ਕਾਲਜ ਵਿਖੇ ਇੱਕ ਕੈਰੀਅਰ ਕਾਊਂਸਲਿੰਗ ਅਤੇ ਪਲੇਸਮੈਂਟ ਸੈੱਲ ਹੈ। ਇਹ ਸੈੱਲ ਵਿਦਿਆਰਥੀਆਂ ਨੂੰ ਕੈਰੀਅਰ ਸਬੰਧੀ ਯੋਗ ਅਗਵਾਈ ਪ੍ਰਦਾਨ ਕਰਨ ਦੇ ਨਾਲ ਨਾਲ ਉਨ੍ਹਾਂ ਦੀ ਸਮੇਂ ਸਮੇਂ ਸਿਰ ਕੈਂਪਸ ਵਿੱਚ ਵੱਖੋ ਵੱਖਰੀਆਂ ਕੰਪਨੀਆਂ ਨਾਲ ਇੰਟਰਵਿਊ ਵੀ ਆਯੋਜਿਤ ਕਰਵਾਉਂਦਾ ਹੈ।

ਸੂਚਨਾ ਦਾ ਅਧਿਕਾਰ ਐਕਟ-2005 (RTI Act 2005)

ਸੂਚਨਾ ਦਾ ਅਧਿਕਾਰ ਐਕਟ-2005 ਇਸ ਕਾਲਜ ਵਿਖੇ ਲਾਗੂ ਹੈ।

ਸੜਕ ਸੁਰੱਖਿਆ ਕਮੇਟੀ

ਕਾਲਜ ਵਿੱਚ ਇੱਕ ਸੜਕ ਸੁਰੱਖਿਆ ਕਮੇਟੀ ਬਣੀ ਹੋਈ ਹੈ, ਜਿਸਦੇ ਤਹਿਤ ਵਿਦਿਆਰਥੀਆਂ ਨੂੰ ਟ੍ਰੈਫਿਕ ਨਿਯਮਾਂ ਦੀ ਜਾਣਕਾਰੀ ਮੁਹੱਈਆ ਕਰਵਾਈ ਜਾਂਦੀ ਹੈ।

ਤੰਬਾਕੂ ਕੰਟਰੋਲ ਸੈੱਲ ਅਤੇ ਐਂਟੀ ਨਾਰਕੋਟਿਕ ਕਲੱਬ

ਕਾਲਜ ਵਿੱਚ ਤੰਬਾਕੂ ਕੰਟਰੋਲ ਸੈੱਲ ਅਤੇ ਐਂਟੀ ਨਾਰਕੋਟਿਕ ਕਲੱਬ ਬਣਿਆ ਹੋਇਆ ਹੈ, ਜਿਸਦੇ ਤਹਿਤ ਵਿਦਿਆਰਥੀਆਂ ਨੂੰ ਕੈਂਪਾਂ, ਸੈਮੀਨਾਰਾਂ, ਰੈਲੀਆਂ, ਖੇਡਾਂ ਅਤੇ ਹੋਰ ਗਤੀਵਿਧੀਆਂ ਰਾਹੀਂ ਨਸ਼ਿਆਂ ਤੋਂ ਦੂਰ ਰਹਿਣ ਲਈ ਜਾਗਰੂਕਤਾ ਪ੍ਰਦਾਨ ਕੀਤੀ ਜਾਂਦੀ ਹੈ।

ਪੀ.ਟੀ.ਏ.

ਕਾਲਜ ਵਿੱਚ ਮਾਪੇ-ਅਧਿਆਪਕ ਐਸੋਸ਼ੀਏਸ਼ਨ (P.T.A.) ਬਣੀ ਹੋਈ ਹੈ। ਇਸ ਕਾਲਜ ਵਿੱਚ ਦਾਖ਼ਲਾ ਲੈਣ ਵਾਲੇ ਵਿਦਿਆਰਥੀ ਦੇ ਮਾਤਾ-ਪਿਤਾ ਤੇ ਟੀਚਿੰਗ ਸਟਾਫ ਇਸਦੇ ਮੈਂਬਰ ਹਨ । ਇਸ ਦੀ ਜਨਰਲ ਬਾਡੀ ਦੀ ਮੀਟਿੰਗ ਦਾਖਲਾ ਮੁਕੰਮਲ ਹੋਣ ਉਪਰੰਤ ਕਾਲਜ ਕੈਂਪਸ ਵਿਖੇ ਹੁੰਦੀ ਹੈ। ਇਸ ਮੀਟਿੰਗ ਵਿੱਚ ਪੀ. ਟੀ. ਏ. ਦੀ ਕਾਰਜਕਾਰਨੀ ਕਮੇਟੀ, ਪੀ. ਟੀ. ਏ. ਦੇ ਸੰਵਿਧਾਨ ਅਨੁਸਾਰ ਗਠਿਤ ਕੀਤੀ ਜਾਦੀ ਹੈ।

ਕਾਨੂੰਨੀ ਸਾਖ਼ਰਤਾ ਸੈੱਲ

ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਕਾਲਜ ਵਿੱਚ ਕਾਨੂੰਨੀ ਸਾਖ਼ਰਤਾ ਸੈੱਲ ਸਥਾਪਿਤ ਹੈ। ਜਿਸ ਦੇ ਤਹਿਤ ਵੱਖ-ਵੱਖ ਵਿਸ਼ਿਆਂ ਤੇ ਵਿਦਿਆਰਥੀਆਂ ਨੂੰ ਜਾਣਕਾਰੀ ਮੁਹੱਈਆਂ ਕਰਵਾ ਕੇ ਸਮਾਜ ਅਤੇ ਪਛੜੇ ਵਰਗਾਂ ਵਿੱਚੋਂ ਇਸ ਸਬੰਧੀ ਜਾਗਰੂਕਤਾ ਪ੍ਰਦਾਨ ਕੀਤੀ ਜਾਂਦੀ ਹੈ।

ਰੈੱਡ ਰੀਬਨ ਕਲੱਬ

ਇਸ ਕਾਲਜ ਵਿੱਚ ਰੈੱਡ ਰੀਬਨ ਕਲੱਬ ਸਥਾਪਿਤ ਹਨ। ਇਸ ਕਲੱਬ ਵਿੱਚ 60 ਵਲੰਟੀਅਰ ਕੰਮ ਕਰਦੇ ਹਨ। ਇਸ ਕਲੱਬ ਦੇ ਮੈਂਬਰ ਦਾ ਕੰਮ ਸਮੇਂ-ਸਮੇਂ ਸੈਮੀਨਾਰਾਂ ਅਤੇ ਰੈਲੀਆਂ ਰਾਹੀਂ ਵਿਦਿਆਰਥੀਆਂ ਨੂੰ ਏਡਜ਼ ਪ੍ਰਤੀ ਜਾਗਰੂਕ ਕਰਨਾ ਹੈ।

ਇਨਵਾਇਰਮੈਂਟ ਆਵੇਅਰਨੈੱਸ ਸੋਸਾਇਟੀ

ਇਸ ਕਾਲਜ ਵਿੱਚ ਇਨਵਾਇਰਮੈਂਟ ਆਵੇਅਰਨੈੱਸ ਸੋਸਾਇਟੀ ਬਣੀ ਹੋਈ ਹੈ, ਜਿਸ ਤਹਿਤ ਵਿਦਿਆਰਥੀਆਂ ਨੂੰ ਵਾਤਾਵਰਨ ਸਬੰਧੀ ਜਾਗਰੂਕਤਾ ਪ੍ਰਦਾਨ ਕੀਤੀ ਜਾਂਦੀ ਹੈ।

ਰਣਬੀਰ ਐਲੂਮਨੀ ਕਲੱਬ, ਸੰਗਰੂਰ (RACS)

ਕਾਲਜ ਦੇ ਸਰਬਪੱਖੀ ਵਿਕਾਸ ਲਈ ਕਾਲਜ ਵਿੱਚ ਸਾਬਕਾ ਵਿਦਿਆਰਥੀਆਂ ਦੀ ਰਣਬੀਰ ਐਲੂਮਨੀ ਕਲੱਬ, ਸੰਗਰੂਰ ਬਣੀ ਹੋਈ ਹੈ। ਇਸ ਕਲੱਬ ਦਾ ਰਜਿਸਟ੍ਰੇਸ਼ਨ ਨੰਬਰ DIC/DRA/1516 ਆਫ਼ 2003 ਹੈ । ਇਸ ਕਾਲਜ ਦਾ ਕੋਈ ਵੀ ਸਾਬਕਾ ਵਿਦਿਆਰਥੀ 500 ਰੁਪਏ ਦੇ ਕੇ ਅਤੇ ਮੈਂਬਰਸ਼ਿਪ ਫਾਰਮ ਭਰਕੇ ਇਸ ਦਾ ਸਧਾਰਨ ਮੈਂਬਰ ਬਣ ਸਕਦਾ ਹੈ, ਇਹ ਮੈਂਬਰਸ਼ਿਪ ਤਿੰਨ ਸਾਲਾਂ ਲਈ ਹੋਵੇਗੀ। ਇਸ ਕਲੱਬ ਦੀ ਲਾਈਫ ਮੈਂਬਰਸ਼ਿਪ ਫੀਸ 1000 ਰੁਪਏ ਹੈ ।

ਫੁਟਕਲ ਜਾਣਕਾਰੀ

1. ਕਾਲਜ ਮੈਗਜ਼ੀਨ: 'ਦ ਰਣਬੀਰ' ਸਾਡੇ ਕਾਲਜ ਦਾ ਸਾਹਿਤਕ ਮੈਗਜ਼ੀਨ ਹੈ ਜਿਸ ਰਾਹੀਂ ਵਿਦਿਆਰਥੀ ਅਤੇ ਪ੍ਰਾਧਿਆਪਕ ਆਪਣੀ ਕਲਮ ਦੇ ਸਫਰ ਨੂੰ ਨਿਰੰਤਰ ਜਾਰੀ ਰੱਖਦੇ ਹਨ। ਇਸ ਮੈਗਜ਼ੀਨ ਦੇ ਪੰਜਾਬੀ, ਅੰਗਰੇਜ਼ੀ, ਹਿੰਦੀ, ਸੰਸਕ੍ਰਿਤ, ਸਾਇੰਸ, ਕਾਲਜ ਦਰਪਣ, ਕਾਮਰਸ, ਇਨਵਾਇਰਮੈਂਟ ਅਵੈਅਰਨੈੱਸ, ਸੋਸ਼ਲ ਸਾਇੰਸਜ਼, HEIS, ਸੱਭਿਆਚਾਰਕ ਅਤੇ ਪਿਕਟੋਰੀਅਲ ਸੈਕਸ਼ਨ ਹੁੰਦੇ ਹਨ। ਵਿਦਿਆਰਥੀ ਸੰਪਾਦਕਾਂ ਦੀ ਚੋਣ ਵਿਸ਼ੇਸ਼ ਟੈਸਟ ਰਾਹੀਂ ਕੀਤੀ ਜਾਂਦੀ ਹੈ ।
2. ਕਾਲਜ ਕੰਟੀਨ: ਵਿਦਿਆਰਥੀਆਂ ਦੀ ਸਹੂਲਤ ਲਈ ਕਾਲਜ ਵਿੱਚ ਕੰਟੀਨ ਦਾ ਉਚਿੱਤ ਪ੍ਰਬੰਧ ਹੈ, ਜਿਸ ਵਿੱਚ ਵਾਜਬ ਰੇਟਾਂ 'ਤੇ ਖਾਣ ਪੀਣ ਦੀਆਂ ਵਸਤੂਆਂ ਉਪਲੱਬਧ ਹਨ ।
3. ਲੜਕੀਆਂ ਲਈ ਕਾਮਨ ਰੂਮ : ਕਾਲਜ ਵਿੱਚ ਲੜਕੀਆਂ ਦੀ ਸਹੂਲਤ ਲਈ ਇੱਕ ਕਾਮਨ ਰੂਮ ਦਾ ਪ੍ਰਬੰਧ ਹੈ, ਜਿੱਥੇ ਵਿਦਿਆਰਥਣਾਂ ਆਪਣੇ ਖਾਲੀ ਸਮੇਂ ਵਿਚ ਬੈਠ ਸਕਦੀਆਂ ਹਨ ।
4. ਕਾਲਜ ਸਾਇਕਲ ਸਟੈਂਡ: ਵਹੀਕਲ ਵਾਲੇ ਵਿਦਿਆਰਥੀ ਆਪਣਾ ਵਹੀਕਲ ਨੰਬਰ ਦਾਖਲਾ ਫਾਰਮ ਵਿੱਚ ਜ਼ਰੂਰ ਭਰ ਦੇਣ। ਜੇ ਕੋਈ ਵਿਦਿਆਰਥੀ ਦਾਖਲੇ ਤੋਂ ਪਿੱਛੋਂ ਵਹੀਕਲ ਲਿਆਉਣਾ ਸ਼ੁਰੂ ਕਰਦਾ ਹੈ ਤਾਂ ਉਸ ਤੋਂ ਬਣਦੀ ਫ਼ੀਸ ਲਈ ਜਾਵੇਗੀ। ਬਿਨਾਂ ਫ਼ੀਸ ਤੋਂ ਕਾਲਜ ਵਿੱਚ ਵਹੀਕਲ ਲਿਆਉਣ ਵਾਲੇ ਤੋਂ ਬਣਦੀ ਫ਼ੀਸ ਅਤੇ 500 ਰੁ: ਜੁਰਮਾਨਾ ਲਿਆ ਜਾਵੇਗਾ ।
5. ਡਾਕਟਰੀ ਦੇਖ-ਭਾਲ ਤੇ ਇਲਾਜ (First Aid): ਕਾਲਜ ਵਿੱਚ ਡਿਸਪੈਂਸਰੀ ਦਾ ਪ੍ਰਬੰਧ ਹੈ ਅਤੇ ਲੋੜਵੰਦ ਵਿਦਿਆਰਥੀਆਂ ਨੂੰ ਡਾਕਟਰ ਦੀ ਸਿਫ਼ਾਰਸ਼ ਤੇ ਰੈੱਡ ਕਰਾਸ ਫੰਡ ਵਿੱਚੋਂ ਇਲਾਜ ਲਈ ਸਹਾਇਤਾ ਵੀ ਦਿੱਤੀ ਜਾਂਦੀ ਹੈ ।
6. ਬੱਸ/ਰੇਲਵੇ ਪਾਸ: ਨਜ਼ਦੀਕੀ ਪਿੰਡਾਂ ਤੋਂ ਆਉਣ ਵਾਲੇ ਵਿਦਿਆਰਥੀਆਂ ਨੂੰ ਬੱਸ ਪਾਸ ਬਣਾ ਕੇ ਦਿੱਤੇ ਜਾਂਦੇ ਹਨ। ਸ਼ਨਾਖਤੀ ਕਾਰਡ ਤੇ ਲੱਗੀ ਫੋਟੋ ਦੇ ਨਾਲ ਦੀਆਂ ਫੋਟੋਆਂ ਹੀ ਬੱਸ/ਰੇਲਵੇ ਪਾਸ ਲਈ ਵਰਤੀਆਂ ਜਾਣਗੀਆਂ । ਦਾਖ਼ਲਾ ਫਾਰਮ ਤੇ ਲਿਖਿਆ ਘਰ ਦਾ ਪਤਾ ਹੀ ਪਾਸ ਲਈ ਵਰਤਿਆ ਜਾਵੇਗਾ । ਸੋ ਵਿਦਿਆਰਥੀ ਇਹ ਪਤਾ ਧਿਆਨ ਨਾਲ ਭਰਨ ,ਇਸ ਸਬੰਧੀ ਅਧਾਰ ਕਾਰਡ ਦੀ ਕਾਪੀ ਤੇ ਰਾਸ਼ਨ ਕਾਰਡ ਦੀ ਕਾਪੀ ਫਾਰਮ ਨਾਲ ਨੱਥੀ ਕਰਨੀ ਜਰੂਰੀ ਹੈ।
7. ਪ੍ਰਿੰਸੀਪਲ ਸਾਹਿਬ ਦੀ ਅਗੇਤੀ ਆਗਿਆ ਤੋਂ ਬਿਨਾਂ ਕੋਈ ਮੀਟਿੰਗ ਕਾਲਜ ਦੇ ਅਹਾਤੇ ਵਿੱਚ ਨਹੀਂ ਕੀਤੀ ਜਾ ਸਕਦੀ ।

ਕਾਲਜ ਅਨੁਸ਼ਾਸਨ

1. ਅਧਿਆਪਕਾਂ ਅਤੇ ਸਹਿਪਾਠੀਆਂ ਪ੍ਰਤੀ ਵਿਦਿਆਰਥੀਆਂ ਤੋਂ ਸਦਵਿਹਾਰ ਦੀ ਆਸ ਕੀਤੀ ਜਾਂਦੀ ਹੈ। ਕਿਸੇ ਵੀ ਪ੍ਰਕਾਰ ਦੇ ਨਸ਼ੀਲੇ ਪਦਾਰਥਾਂ ਦੀ ਸਖਤ ਮਨਾਹੀ ਹੈ। ਗਾਲ੍ਹਾਂ ਕੱਢਣ ਵਾਲੇ ਵਿਦਿਆਰਥੀ ਨੂੰ ਤੁਰੰਤ ਸਸਪੈਂਡ ਕਰਕੇ ਵਿਸ਼ੇਸ਼ ਜੁਰਮਾਨਾ ਕੀਤਾ ਜਾਵੇਗਾ ।
2. ਵਿਦਿਆਰਥੀਆਂ ਦਾ ਫਰਜ਼ ਹੈ ਕਿ ਉਹ ਕਾਲਜ ਨੂੰ ਵੱਧ ਤੋਂ ਵੱਧ ਸਾਫ ਸੁਥਰਾ ਰੱਖਣ ਲਈ ਯਤਨਸ਼ੀਲ ਰਹਿਣ ਅਤੇ ਫੁੱਲਾਂ ਅਤੇ ਦਰੱਖਤਾਂ ਨੂੰ ਕਿਸੇ ਤਰ੍ਹਾਂ ਦਾ ਨੁਕਸਾਨ ਨਾ ਪਹੁੰਚਾਣ । ਕਾਲਜ ਦੀ ਪ੍ਰਾਪਰਟੀ ਨੂੰ ਨਾ ਖਰਾਬ ਕੀਤਾ ਜਾਵੇ
3. ਸੀਟਾਂ ਦੇ ਸੰਬੰਧ ਵਿੱਚ ਲੜਕੀਆਂ ਪ੍ਰਤੀ ਯੋਗ ਆਦਰ ਦਰਸਾਉਣਾ ਚਾਹੀਦਾ ਹੈ ।
4. ਵਿਦਿਆਰਥੀ ਆਪਣੀਆਂ ਤਕਲੀਫ਼ਾਂ ਅਤੇ ਸ਼ਿਕਾਇਤਾਂ ਸਿੱਧੇ ਟਿਊਟਰ ਕੋਲ ਕਰਨ ਤਾਂ ਕਿ ਯੋਗ ਹੱਲ ਕੱਢਿਆ ਜਾ ਸਕੇ ।
5. ਵਿਹਲੇ ਸਮੇਂ ਜਾਂ ਖਾਲੀ ਪੀਰੀਅਡ ਵਿੱਚ ਲਾਇਬਰੇਰੀ ਜਾਂ ਰੀਡਿੰਗ ਰੂਮ ਦੀ ਵਰਤੋਂ ਕੀਤੀ ਜਾਵੇ ।
6. ਵਿਦਿਆਰਥੀਆਂ ਨੂੰ ਕਾਰਾਂ/ਜੀਪਾਂ ਅਤੇ ਮੋਬਾਇਲ ਫ਼ੋਨ ਦੀ ਬੇਲੋੜੀ ਵਰਤੋਂ ਦੀ ਸਖ਼ਤ ਮਨਾਹੀ ਹੈ ।
7. ਵਿਦਿਆਰਥੀ ਵਰਾਂਡਿਆਂ ਵਿੱਚ ਬੇਮਤਲਬ ਨਾ ਫਿਰਨ ਤੇ ਲੱਗੀਆਂ ਕਲਾਸਾਂ ਦੌਰਾਨ ਜੇ ਕਿਸੇ ਮਜਬੂਰੀ ਵਿੱਚ ਵਰਾਂਡੇ ਵਿੱਚੋਂ ਲੰਘਣਾ ਪਵੇ ਤਾਂ ਖਾਮੋਸ਼ੀ ਨਾਲ ਲੰਘਿਆ ਜਾਵੇ ਤੇ ਲੱਗੀ ਕਲਾਸ ਵਿੱਚ ਕਿਸੇ ਵਿਦਿਆਰਥੀ/ਅਧਿਆਪਕ ਨੂੰ ਮਿਲਣ ਦੀ ਸਖਤ ਮਨਾਹੀ ਹੈ ।
8. ਕਾਲਜ ਕੰਟੀਨ ਨੂੰ ਸਾਫ਼ ਸੁਥਰਾ ਰੱਖਣਾ, ਲੜਾਈ ਝਗੜੇ ਤੋਂ ਗੁਰੇਜ਼ ਕਰਨਾ ਅਤੇ ਸਮੇਂ ਸਿਰ ਕੰਟੀਨ ਦਾ ਹਿਸਾਬ-ਕਿਤਾਬ ਰੱਖਣਾ ਵਿਦਿਆਰਥੀਆਂ ਦੇ ਆਪਣੇ ਹਿਤ ਵਿੱਚ ਹੈ ।
9. ਕਾਲਜ ਦੀਆਂ ਦੀਵਾਰਾਂ/ਫਰਨੀਚਰ/ਬਲੈਕ ਬੋਰਡਾਂ ਤੇ ਕੋਈ ਇਤਰਾਜ ਯੋਗ ਜਾਂ ਅਸ਼ਲੀਲ ਸ਼ਬਦ ਲਿਖਣ ਤੇ ਜੁਰਮਾਨਾ/ਅਨੁਸ਼ਾਸਨੀ ਕਾਰਵਾਈ ਕੀਤੀ ਜਾਵੇਗੀ । ਹਾਈਕੋਰਟ ਦੇ ਨਿਰਦੇਸ਼ਾਂ ਅਨੁਸਾਰ ਕਾਲਜ ਅਹਾਤੇ ਅੰਦਰ ਪੋਸਟਰ/ ਬੈਨਰ ਲਗਾਉਣਾ ਸਖਤ ਮਨ੍ਹਾਂ ਹੈ।
10. ਵਿਦਿਆਰਥਣਾਂ ਵਿਹਲੇ ਸਮੇਂ ਜਾਂ ਖਾਲੀ ਪੀਰੀਅਡ ਵਿੱਚ ਕੇਵਲ ਲੜਕੀਆਂ ਦੇ ਕਾਮਨ ਰੂਮ ਵਿਚ ਹੀ ਬੈਠਣਗੀਆਂ ।
11. ਵਿਦਿਆਰਥੀ ਆਪਣੇ ਨਾਲ ਕਿਸੇ **Outsider** ਨੂੰ ਨਾਲ ਲੈਕੇ ਨਹੀਂ ਆਉਣਗੇ,ਅਜਿਹੇ ਵਿਦਿਆਰਥੀ ਖਿਲਾਫ ਅਨੁਸਾਸ਼ਨੀ ਕਾਰਵਾਈ ਕੀਤੀ ਜਾਵੇਗੀ।
12. ਕਾਲਜ ਆਉਣ ਸਮੇਂ ਆਪਣਾ ਸ਼ਨਾਖਤੀ ਕਾਰਡ ਲੈਕੇ ਆਉਣਾ ਅਤਿ ਜਰੂਰੀ ਹੈ । ਇਸ ਤੋਂ ਬਿਨਾਂ ਕਾਲਜ ਵਿਚ ਦਾਖ਼ਲ ਨਹੀਂ ਹੋਣ ਦਿੱਤਾ ਜਾਵੇਗਾ ।
13. ਪੀਰੀਅਡਾਂ/ਕਲਾਸਾਂ ਖ਼ਤਮ ਹੋਣ ਉਪਰੰਤ ਕਿਸੇ ਵੀ ਵਿਦਿਆਰਥੀ /ਵਿਦਿਆਰਥਣਾਂ ਨੂੰ ਕਾਲਜ ਕੈਂਪਸ ਵਿਚ ਬੇਕਾਰ ਬੈਠਣ ਦੀ ਆਗਿਆ ਨਹੀਂ ਹੈ ।
14. ਕਾਲਜ ਵਿੱਚ ਨਸ਼ਾ ਕਰਨ ਵਾਲੇ ਵਿਦਿਆਰਥੀ ਦਾ ਦਾਖ਼ਲਾ ਰੱਦ ਕਰ ਦਿੱਤਾ ਜਾਵੇਗਾ ।
15. ਕਲਾਸਾ ਛੱਡਣ ਸਮੇ ਲਾਈਟਾਂ, ਪੱਖੇ ਬੰਦ ਕਰਨਾ ਵਿਦਿਆਰਥੀਆਂ ਦੀ ਨੈਤਿਕ ਜਿੰਮੇਵਾਰੀ ਹੈ।
16. ਪਾਣੀ ਬਹੁਤ ਕੀਮਤੀ ਹੈ, ਵਿਦਿਆਰਥੀ ਪਾਣੀ ਪੀਣ ਉਪਰੰਤ ਟੂਟੀ ਬੰਦ ਕਰਨਾ ਨਾ ਭੁੱਲਣ।
17. ਵਿਦਿਆਰਥੀ ਖਾਣ/ਪੀਣ ਉਪਰੰਤ ਲਿਫਾਫੇ/ਬੋਤਲਾਂ/ਰੈਪਰ ਡਸਟ ਬਿੰਨ ਵਿਚ ਸੁੱਟਣਾ ਯਕੀਨੀ ਬਣਾਉਣ।

ਕਾਲਜ ਕੈਲੰਡਰ 2019–20 /College Calender 2019-20

ਮਈ:	ਗਰਮੀ ਦੀਆਂ ਛੁੱਟੀਆਂ 27–05–2019 ਤੋਂ 06–7–2019 ਤੱਕ।
ਜੁਲਾਈ :	ਕਾਲਜ ਖੁੱਲਣ ਉਪਰੰਤ ਸਾਰੇ ਕੋਰਸਾਂ ਦੇ ਦਾਖ਼ਲੇ, ਪਹਿਲੇ, ਤੀਜੇ ਅਤੇ ਪੰਜਵੇਂ ਸਮੈਸਟਰ ਦੀ ਪੜ੍ਹਾਈ ਸ਼ੁਰੂ, ਐੱਨ.ਐੱਸ.ਐੱਸ. ਅਤੇ ਐੱਨ.ਸੀ.ਸੀ. ਦੀ ਐਨਰੋਲਮੈਂਟ, ਜੁਲਾਈ ਦੇ ਅਖ਼ੀਰਲੇ ਸ਼ਨੀਵਾਰ ਪੀ.ਟੀ.ਏ. ਦੀ ਕਾਰਜਕਾਰਨੀ ਦੀ ਚੋਣ ਲਈ ਮੀਟਿੰਗ।
ਅਗਸਤ :	ਰੈੱਡ ਕਰਾਸ ਵਿੱਚ ਭਰਤੀ, ਵਨ ਮਹਾਉਤਸਵ, ਟਿਊਟੋਰੀਅਲ ਗਰੁੱਪਾਂ ਦਾ ਗਠਨ ਅਤੇ ਬੀ.ਏ. ਸਮੈਸਟਰ ਪਹਿਲਾ ਵਿੱਚ ਚੋਣਵਾਂ ਵਿਸ਼ਾ ਬਦਲਣ ਦੀ ਅੰਤਿਮ ਮਿਤੀ 10–8–2019 ਤੱਕ।
ਸਤੰਬਰ	ਟਿਊਟੋਰੀਅਲ ਗਰੁੱਪਾਂ ਦੀ ਮੀਟਿੰਗ (ਮਹੀਨੇ ਵਿੱਚ ਦੋ ਵਾਰ) ਅਧਿਆਪਕ ਦਿਵਸ ਸਮਾਰੋਹ, Drug De-addiction Workshop, ਵਿਭਾਗੀ/ਸੋਸਾਇਟੀਆਂ ਵੱਲੋਂ ਲੈਕਚਰ, ਟੇਲੈਂਟ ਹੰਟ ਪ੍ਰੋਗਰਾਮ, ਕਾਲਜ AQAR ਰਿਪੋਰਟ NAAC ਨੂੰ ਭੇਜਣੀ।
ਅਕਤੂਬਰ :	ਕਾਲਜ ਮੈਗਜ਼ੀਨ ਸੰਪਾਦਕਾਂ ਦੀ ਚੋਣ, ਐੱਨ.ਐੱਸ.ਐੱਸ. ਕੈਂਪ, ਵਿੱਦਿਅਕ ਟੂਰ, ਖ਼ੂਨਦਾਨ ਕੈਂਪ।
ਨਵੰਬਰ :	Adopted ਪਿੰਡ ਉਭਾਵਾਲ ਵਿੱਚ ਕਾਲਜ ਦੇ ਰੈਡ ਕਰਾਸ ਯੂਨਿਟ ਵੱਲੋਂ Awareness ਪ੍ਰੋਗਰਾਮ, UGC sponsored ਸੈਮੀਨਾਰ।
ਦਸੰਬਰ :	ਪਹਿਲੇ, ਤੀਸਰੇ ਅਤੇ ਪੰਜਵੇਂ ਸਮੈਸਟਰ ਦੇ ਇਮਤਿਹਾਨ, ਸਰਦੀ ਰੁੱਤ ਦੀਆਂ ਛੁੱਟੀਆਂ 26–12–2019 ਤੋਂ 10–1–2020 ਤੱਕ।
ਜ਼ਨਵਰੀ :	ਦੂਜੇ ਸਮੈਸਟਰ ਦੀ ਪੜਾਈ ਸ਼ੁਰੂ, ਐਨ.ਐਸ.ਐਸ. ਕੈਂਪ, ਨੈਸ਼ਨਲ ਵੋਟਰ ਡੇ ਸਮਾਰੋਹ, ਖ਼ੂਨਦਾਨ ਕੈਂਪ,ਵਿਭਾਗੀ, ਸੋਸਾਇਟੀਆਂ ਅਤੇ ਕਲੱਬਾਂ ਵਲੋਂ ਗਤੀਵਿਧੀਆਂ।
ਫਰਵਰੀ :	ਸਾਲਾਨਾ ਖੇਡ ਸਮਾਰੋਹ।
ਮਾਰਚ :	ਸਾਲਾਨਾ ਇਨਾਮ ਵੰਡ ਸਮਾਰੋਹ, ਅੰਤਰਰਾਸ਼ਟਰੀ ਮਹਿਲਾ ਦਿਵਸ, ਦੀ ਰਣਬੀਰ ਮੈਗਜ਼ੀਨ ਜਾਰੀ ਕਰਨਾ।
ਮਈ :	ਪੀ.ਟੀ.ਏ. ਫੰਡ ਦੀ ਆਡਿਟ ਰਿਪੋਰਟ, ਦੂਜੇ,ਚੌਥੇ, ਅਤੇ ਛੇਂਵੇ ਸਮੈਸਟਰ ਦੇ ਇਮਤਿਹਾਨ।
ਜੂਨ :	ਐਚ.ਈ.ਆਈ.ਐਸ. ਫੰਡ ਦੀ ਆਡਿਟ ਰਿਪੋਰਟ ।

ਇਸ ਤੋਂ ਇਲਾਵਾ ਸਮੇਂ – ਸਮੇਂ ਸਿਰ ਸਰਕਾਰੀ ਹਦਾਇਤਾਂ ਅਨੁਸਾਰ ਨੈਸ਼ਨਲ ਅਤੇ ਇੰਟਰ ਨੈਸ਼ਨਲ ਦਿਵਸ ਮਨਾਏ ਜਾਣਗੇ ।

ਐੱਸ.ਸੀ. ਵਿਦਿਆਰਥੀਆਂ ਦੀਆਂ ਫ਼ੀਸਾਂ ਸਬੰਧੀ

ਐੱਸ.ਸੀ. ਵਿਦਿਆਰਥੀ ਜਿਨ੍ਹਾਂ ਦੇ ਮਾਪਿਆਂ/ਸਰਪ੍ਰਸਤ ਦੀ ਸਾਰੇ ਵਸੀਲਿਆਂ ਤੋਂ ਸਾਲਾਨਾ ਆਮਦਨ 2.5 ਲੱਖ ਰੁਪਏ ਤੋਂ ਵੱਧ ਨਹੀਂ ਹੈ, ਦੀ ਭਲਾਈ ਵਿਭਾਗ ਦੇ ਪੱਤਰ ਨੰਬਰ ਮਿਤੀ 11–07–2007 ਦੀਆਂ ਹਦਾਇਤਾਂ ਅਨੁਸਾਰ ਦਾਖ਼ਲੇ ਸਮੇਂ ਹੀ ਟਿਊਸ਼ਨ ਫ਼ੀਸ ਅਤੇ ਹੋਰ ਨਾਨ–ਰਿੰਫਡਏਬਲ ਕੰਪਲਸਰੀ ਫ਼ੀਸਾਂ ਮੁਆਫ਼ ਕੀਤੀਆਂ ਜਾਣਗੀਆਂ । ਵਿਦਿਆਰਥੀ ਫ਼ੀਸ ਮੁਆਫ਼ ਕਰਵਾਉਣ ਲਈ ਦਾਖ਼ਲੇ ਸਮੇਂ ਹੇਠ ਲਿਖੇ ਦਸਤਾਵੇਜ ਦੇਣਗੇ ।

1. ਯੋਗ ਵਿਦਿਆਰਥੀ ਦਾਖ਼ਲੇ ਸਮੇਂ ਹਲਫ਼ੀਆ ਬਿਆਨ ਦੇਵੇਗਾ ਜੋ ਕਿ ਵਿਦਿਆਰਥੀ ਦੇ ਮਾਪੇ/ਗਾਰਡੀਅਨ ਵੱਲੋਂ ਹੋਵੇ ਅਤੇ ਕਾਰਜਕਾਰੀ ਮੈਜਿਸਟ੍ਰੇਟ ਤੋਂ ਤਸਦੀਕ ਹੋਵੇ। (ਹਲਫ਼ੀਆ ਬਿਆਨ ਦਾ ਨਮੂਨਾ ਸ਼ਾਮਲ ਹੈ)
2. ਵਿਦਿਆਰਥੀ ਆਪਣੇ ਜਾਤੀ ਸਰਟੀਫ਼ਿਕੇਟ ਦੀ ਅਤੇ ਅਧਾਰ ਕਾਰਡ ਦੀ ਤਸਦੀਕ ਸ਼ੁਦਾ ਕਾਪੀ ਦੇਵੇਗਾ ।
3. ਭਲਾਈ ਵਿਭਾਗ ਵੱਲੋਂ ਜੇਕਰ ਫ਼ੀਸਾਂ ਸਬੰਧੀ ਕੋਈ ਤਬਦੀਲੀ ਕੀਤੀ ਜਾਂਦੀ ਹੈ ਤਾਂ ਨੋਟਿਸ ਬੋਰਡ ਰਾਹੀਂ ਸੂਚਿਤ ਕੀਤਾ ਜਾਵੇਗਾ, ਜਿਸ ਦੀ ਜਾਣਕਾਰੀ ਹਾਸਲ ਕਰਨਾ ਵਿਦਿਆਰਥੀ ਦੀ ਨਿੱਜੀ ਜਿੰਮੇਵਾਰੀ ਹੋਵੇਗੀ ।
4. ਵਿਦਿਆਰਥੀ ਆਪਣੀ ਨਿੱਜੀ ਜਾਣਕਾਰੀ ਜਿਵੇਂ ਬੈਂਕ ਅਕਾਊਂਟ ਨੰਬਰ ਅਤੇ ਬੈਂਕ ਦਾ ਨਾਂ ਆਦਿ ਵੇਰਵਾ ਦਾਖ਼ਲਾ ਫਾਰਮ ਵਿੱਚ ਜਰੂਰ ਭਰਣ। ਗਲਤ ਜਾਣਕਾਰੀ ਦੇਣ ਦੀ ਸੂਰਤ ਵਿੱਚ ਵਿਦਿਆਰਥੀ ਦੀ ਜਿੰਮੇਵਾਰੀ ਹੋਵੇਗੀ। 5. ਕਲੇਮ ਸਮੇਂ ਤੇ ਦਿੱਤੇ ਜਾਣਗੇ ।

ਹਲਫ਼ੀਆ ਬਿਆਨ

1. ਇਹ ਕਿ ਮੈਂ.....ਪੁੱਤਰ ਸ੍ਰੀ.....ਵਾਸੀ..... .....ਤਹਿਸੀਲ..... ਜਿਲ੍ਹਾਂ..... ਦਾ ਰਹਿਣ ਵਾਲਾ ਹਾਂ ।
2. ਇਹ ਕਿ ਮੇਰਾ ਲੜਕਾ/ਲੜਕੀ ਜਿਸਦਾ ਨਾਮ ..... ਹੈ ਸਾਲ 2019–20 ਦੌਰਾਨ ਆਪਜੀ ਦੀ ਸੰਸਥਾ ਵਿੱਚ ..... ਕਲਾਸ ਵਿੱਚ ਦਾਖ਼ਲਾ ਲੈ ਰਿਹਾ ਹੈ।
3. ਇਹ ਕਿ ਮੈਂ ਅਤੇ ਮੇਰੇ ਲੜਕਾ/ਲੜਕੀ ..... ਜਾਤੀ ਨਾਲ ਸਬੰਧ ਰੱਖਦੇ ਹਾਂ ਕਿ ਸਰਕਾਰ ਵੱਲੋਂ ਅਨੁਸੂਚਿਤ ਜਾਤੀ ਕਰਾਰ ਦਿੱਤਾ ਗਿਆ ਹੈ।
4. ਇਹ ਮੇਰੀ ਅਤੇ ਮੇਰੇ ਪਰਿਵਾਰ ਦੀ ਸਾਲਾਨਾ ਆਮਦਨ ਸਾਰੇ ਵਸੀਲਿਆਂ ਤੋਂ 2, 50000/– ਰੁਪਏ ਤੋਂ ਵੱਧ ਨਹੀਂ ਹੈ ।
5. ਇਹ ਕਿ ਮੇਰੇ ਲੜਕੇ/ਲੜਕੀ ਦੀ ਬਣਦੀ ਫ਼ੀਸ ਮੁਆਫ਼ ਕੀਤੀ ਜਾਵੇ ।

ਬਿਆਨਕਾਰ

ਮੈਂ ਹਲਫ਼ ਨਾਲ ਬਿਆਨ ਕਰਦਾ ਹਾਂ ਕਿ ਮੇਰਾ ਉਕਤ ਬਿਆਨ ਸਹੀ ਵਾ–ਦਰੁਸਤ ਹੈ ਕਿਸੇ ਕਿਸਮ ਦੀ ਕੋਈ ਵੀ ਗੱਲ ਛੁਪਾ ਕੇ ਨਹੀਂ ਰੱਖੀ ਗਈ। ਜੇਕਰ ਮੇਰੇ ਵੱਲੋਂ ਦਿੱਤਾ ਗਿਆ ਬਿਆਨ ਗਲਤ ਕਰਾਰ ਦਿੱਤਾ ਜਾਂਦਾ ਹੈ ਤਾਂ ਮੈਂ ਸਜਾ ਦਾ ਭਾਗੀਦਾਰ ਹੋਵਾਂਗਾ ਅਤੇ ਆਪਣੇ ਲੜਕੇ /ਲੜਕੀ ਦੀ ਪੂਰੀ ਫ਼ੀਸ ਭਰਨ ਲਈ ਪਾਬੰਦ ਹੋਵਾਂਗਾ ।

ਬਿਆਨਕਾਰ

ਨੋਟ: ਇਹ ਹਲਫ਼ੀਆ ਬਿਆਨ ਮਾਪੇ/ਸਰਪ੍ਰਸਤ ਵੱਲੋਂ ਹੋਵੇ ਅਤੇ Executive Magistrate ਤੋਂ ਤਸਦੀਕ ਹੋਵੇ ।

ਵਿਸ਼ਾ : ਪੋਸਟ ਮੈਟ੍ਰਿਕ ਸਕਾਲਰਸ਼ਿਪ ਟੂ ਐੱਸ.ਸੀ./ਓ.ਬੀ.ਸੀ. ਸਕੀਮ ਅਧੀਨ ਦਿਵਿਆਰਥੀਆਂ ਲਈ ਵਜੀਫ਼ਾ ਅਪਲਾਈ ਕਰਨ ਲਈ ਗਾਈਡਲਾਈਨਜ਼ 2019-20

ਕੋਰਸ ਦਾ ਵੇਰਵਾ	ਵਿਦਿਆਰਥੀਆਂ ਵੱਲੋਂ ਸਕਾਲਰਸ਼ਿਪ ਦੇ ਫ਼ਾਰਮ ਭਰਨ ਦੀ ਮਿਤੀ	ਸੰਸਥਾ ਅਤੇ ਕਾਲਜ ਵੱਲੋਂ ਡੀ.ਪੀ.ਆਈ. (ਕਾ) ਨੂੰ ਵਜੀਫਾ ਫਾਰਮ ਭੇਜਣ ਦੀ ਆਖਰੀ ਮਿਤੀ	ਡੀ.ਪੀ.ਆਈ. ਵੱਲੋਂ ਭਲਾਈ ਵਿਭਾਗ ਨੂੰ ਮੰਗ ਭੇਜਣ ਦੀ ਆਖਰੀ ਮਿਤੀ
ਬੀ.ਏ./ਬੀ.ਐੱਸ.ਸੀ. ਭਾਗ-1 ਤੋਂ ਉਪਰ ਦੇ ਸਾਰੇ ਕੋਰਸ (ਨਵਾਂ ਦਾਖ਼ਲਾ)	ਸਕਾਲਰਸ਼ਿਪ ਦੇ ਫਾਰਮ ਭਰਨ ਦੀ ਮਿਤੀ ਭੱਵਿਖ ਵਿੱਚ ਭਲਾਈ ਵਿਭਾਗ ਪੰਜਾਬ ਸਰਕਾਰ ਵੱਲੋਂ ਪ੍ਰਾਪਤ ਪੱਤਰ ਮੁਤਾਬਿਕ ਨੋਟਿਸ ਬੋਰਡ ਉਪਰ ਲਗਾਈ/ਦੱਸੀ ਜਾਵੇਗੀ।		
ਰਿਨਿਊਲ ਕੇਸ ਵਾਸਤੇ	ਰਿਨਿਊਲ ਕੇਸ ਭੇਜਣ ਵਾਸਤੇ ਮਿਤੀ ਭੱਵਿਖ ਵਿੱਚ ਭਲਾਈ ਵਿਭਾਗ ਪੰਜਾਬ ਸਰਕਾਰ ਵੱਲੋਂ ਪ੍ਰਾਪਤ ਪੱਤਰ ਮੁਤਾਬਿਕ ਨੋਟਿਸ ਬੋਰਡ ਉਪਰ ਲਗਾਈ/ਦੱਸੀ ਜਾਵੇਗੀ।		

ਉਪਰੋਕਤ ਮਿਤੀਆਂ ਸੰਬੰਧੀ ਜਾਣਕਾਰੀ ਹਾਸਲ ਕਰਨਾ ਵਿਦਿਆਰਥੀ ਦੀ ਆਪਣੀ ਜਿੰਮੇਵਾਰੀ ਹੋਵੇਗੀ।

ਵਿਦਿਆਰਥੀ 2019-20 ਵਾਸਤੇ ਵਜੀਫ਼ਾ ਫਾਰਮ ਆਪਣੇ ਪੱਧਰ ਤੇ ਆਨਲਾਈਨ ਅਪਲਾਈ ਕਰਨਗੇ, ਜਿਸ ਦਾ ਵੈੱਬਸਾਈਟ ਸਾਫ਼ਟਵੇਅਰ ਵਿਭਾਗ ਵੱਲੋਂ ਤਿਆਰ ਕੀਤਾ ਜਾ ਰਿਹਾ ਹੈ, ਜਿਸ ਬਾਰੇ ਜਾਰੀ ਹੋਣ ਤੇ ਵਿਦਿਆਰਥੀਆਂ ਨੂੰ ਅਪਲਾਈ ਕਰਨ ਲਈ ਵਿਸਥਾਰ ਵਿੱਚ ਅਪਲਾਈ ਕਰਨ ਵਕਤ ਨੋਟਿਸ ਲਗਾਕੇ ਦਸਿਆ ਜਾਵੇਗਾ। ਜੇਕਰ ਕੋਈ ਵਿਦਿਆਰਥੀ ਸਮੇਂ ਸਿਰ ਵਜੀਫਾ ਅਪਲਾਈ ਨਹੀਂ ਕਰਦਾ ਤਾਂ ਕਾਲਜ ਦੀ ਕੋਈ ਜਿੰਮੇਵਾਰੀ ਨਹੀਂ ਹੋਵੇਗੀ।

ਵਜੀਫ਼ਾ ਫਾਰਮ ਆਨਲਾਈਨ ਅਪਲਾਈ ਕਰਨ ਤੋਂ ਬਾਅਦ ਵਿਦਿਆਰਥੀ ਅਪਲਾਈ ਕੀਤੇ ਫਾਰਮ ਦਾ ਪ੍ਰਿੰਟ ਕਢਵਾਉਣਗੇ ਅਤੇ ਆਪਣੇ ਫਾਰਮ ਕਾਲਜ ਵਿੱਚ ਹੇਠ ਲਿਖੇ ਦਸਤਾਵੇਜਾਂ ਅਨੁਸਾਰ ਜਮ੍ਹਾਂ ਕਰਵਾਉਣਗੇ।

ਲੜੀ ਨੰ:	ਵਜੀਫ਼ਾ ਫਾਰਮ ਨਾਲ ਨੱਥੀ ਕਰਨ ਵਾਲੇ ਦਸਤਾਵੇਜਾਂ ਸਬੰਧੀ ਹਦਾਇਤਾਂ
01	ਵਜੀਫ਼ਾ ਫਾਰਮ ਵਿੱਚ ਸਬੰਧਤ ਬੈਂਕ ਦਾ ਨਾਂ/ਆਈ.ਐੱਫ.ਐੱਸ.ਸੀ.ਕੋਡ, ਵਿਦਿਆਰਥੀ ਦੇ ਆਪਣੇ ਆਨਲਾਈਨ ਬੈਂਕ ਦਾ ਪੂਰਾ ਖਾਤਾ ਨੰਬਰ ਦਿੱਤਾ ਹੋਵੇ। ਇਹਨਾਂ ਦਸਤਾਵੇਜਾਂ ਦੀਆਂ ਦੋ ਕਾਪੀਆਂ ਕਰਵਾਉਣੀਆਂ ਹਨ। ਇੱਕ ਫਾਰਮ ਨਾਲ ਨੱਥੀ ਕੀਤੀ ਜਾਵੇ ਅਤੇ ਇੱਕ ਕਾਪੀ ਫਾਰਮ ਜਮ੍ਹਾਂ ਕਰਵਾਉਣ ਵਕਤ ਵਜੀਫ਼ਾ ਕਲਰਕ ਪਾਸ ਜਮ੍ਹਾਂ ਕਰਵਾਈ ਜਾਵੇ। ਵਿਦਿਆਰਥੀ ਦਾ ਬੈਂਕ ਖਾਤਾ ਚਾਲੂ ਹਾਲਤ ਵਿੱਚ ਹੋਣਾ ਚਾਹੀਦਾ ਹੈ।
02	ਐੱਸ.ਸੀ. ਵਿਦਿਆਰਥੀ ਦੀ ਵਜੀਫ਼ਾ ਅਪਲਾਈ ਕਰਨ ਲਈ ਪਰਿਵਾਰ ਦੀ ਸਾਲਾਨਾ ਆਮਦਨ 2,50000 ਤੋਂ ਵੱਧ ਨਾ ਹੋਵੇ ਅਤੇ ਬੀ.ਸੀ. ਵਿਦਿਆਰਥੀ ਦੇ ਪਰਿਵਾਰ ਦੀ ਸਾਲਾਨਾ ਆਮਦਨ ਇੱਕ ਲੱਖ ਤੋਂ ਵੱਧ ਨਾ ਹੋਵੇ।
03	ਵਿਦਿਆਰਥੀ ਦੇ ਪਿਤਾ ਵੱਲੋਂ ਇਨਕਮ ਸਬੰਧੀ ਹਲਫ਼ੀਆ ਬਿਆਨ ਕਾਰਜਕਾਰੀ ਮੈਜਿਸਟ੍ਰੇਟ ਵੱਲੋਂ ਤਸਦੀਕ ਕੀਤਾ ਹੋਵੇ।
04	ਵਿਦਿਆਰਥੀ ਦਾ ਆਪਣੀ ਜਾਤੀ ਨਾਲ ਸਬੰਧਤ ਸਰਟੀਫ਼ਿਕੇਟ ਦੀ ਫੋਟੋ ਕਾਪੀ ਤਸਦੀਕ ਹੋਦਾ ਜ਼ਰੂਰੀ ਹੈ। ਜੋ ਕਿ ਵਜੀਫ਼ਾ ਫਾਰਮ ਨਾਲ ਨੱਥੀ ਕੀਤਾ ਜਾਵੇ।
05	ਵਿਦਿਆਰਥੀ ਆਪਣੇ ਪਿਛਲੇ ਸਾਲ ਦੀ ਪਾਸ ਕੀਤੀ ਕਲਾਸ ਦਾ ਸਰਟੀਫ਼ਿਕੇਟ ਦੀ ਫੋਟੋ ਕਾਪੀ ਫਾਰਮ ਨਾਲ ਨੱਥੀ ਕਰੇਗਾ।
06	ਜੋ ਵਿਦਿਆਰਥੀ ਨੂੰ ਬੀ.ਏ., ਬੀ.ਐੱਸ.ਸੀ., ਬੀ.ਕਾਮ ਭਾਗ-01 ਵਿੱਚ ਦਾਖ਼ਲਾ ਲੈਣਗੇ, ਉਹ ਵਜੀਫ਼ਾ ਫਾਰਮ ਨਾਲ ਆਪਣੇ 10+2 ਦੇ ਸਰਟੀਫ਼ਿਕੇਟ ਨਾਲ ਦਸਵੀਂ ਕਲਾਸ ਦੇ ਸਰਟੀਫ਼ਿਕੇਟ ਦੀ ਫੋਟੋ ਕਾਪੀ ਵੀ ਨੱਥੀ ਕਰਨਗੇ।
07	ਵਿਦਿਆਰਥੀ ਨੂੰ ਇੱਕ ਕਲਾਸ ਦਾ ਵਜੀਫ਼ਾ ਇੱਕ ਵਾਰ ਹੀ ਮਿਲੇਗਾ। ਫੇਲ ਹੋਣ ਦੀ ਸੂਰਤ ਵਿੱਚ ਦੁਬਾਰਾ ਵਜੀਫ਼ਾ ਫਾਰਮ ਅਪਲਾਈ ਕਰਨ ਦੀ ਆਗਿਆ ਨਹੀਂ ਹੋਵੇਗੀ ਅਤੇ ਵਿਦਿਆਰਥੀ ਇੱਕ ਵਜੀਫ਼ਾ ਸਕੀਮ ਵਿੱਚ ਹੀ ਅਪਲਾਈ ਕਰ ਸਕਦਾ ਹੈ।
08	ਅਗਰ ਵਿਦਿਆਰਥੀ ਦੇ ਮਾਤਾ-ਪਿਤਾ ਕੋਈ ਪੈਨਸ਼ਨ ਪ੍ਰਾਪਤ ਕਰਦੇ ਹਨ ਤਾਂ ਕਾਪੀ ਫਾਰਮ ਨਾਲ ਨੱਥੀ ਕੀਤੀ ਜਾਵੇ।
09	ਜਿਸ ਐੱਸ.ਸੀ. ਵਿਦਿਆਰਥੀ ਨੇ ਦਾਖ਼ਲੇ ਵਕਤ ਫ਼ੀਸ ਮੁਆਫ਼ ਕਰਵਾਉਣ ਦਾ ਹਲਫ਼ੀਆ ਬਿਆਨ ਦਿੱਤਾ ਹੋਵੇਗਾ। ਉਹ ਐੱਸ.ਸੀ. ਵਿਦਿਆਰਥੀ ਹੀ ਵਜੀਫ਼ਾ ਫਾਰਮ ਦਫਤਰ ਵਿੱਚ ਜਮ੍ਹਾਂ ਕਰਵਾ ਸਕੇਗਾ/ਸਕੇਗੀ।
10	ਵਿਦਿਆਰਥੀ ਦਾ ਆਪਣਾ ਬੈਂਕ ਖਾਤਾ ਹੀ ਹੋਣਾ ਚਾਹੀਦਾ ਹੈ, ਮਾਤਾ-ਪਿਤਾ ਜਾਂ ਭੈਣ-ਭਰਾ ਦਾ ਖਾਤਾ ਨਾ ਹੋਵੇ।
11	ਵਿਦਿਆਰਥੀ ਨੂੰ ਦਾਖ਼ਲਾ ਲੈਣ ਸਮੇਂ ਹੀ ਆਪਣਾ ਆਧਾਰ ਕਾਰਡ ਦੀ ਕਾਪੀ ਅਤੇ ਆਧਾਰ ਨੰਬਰ ਦੇਣਾ ਲਾਜ਼ਮੀ ਹੋਵੇਗਾ।
12	ਲਾਭਪਾਤਰੀ ਆਪਣੀ ਅਤੇ ਆਪਣੇ ਮਾਤਾ ਪਿਤਾ ਦੇ ਅਧਾਰ ਕਾਰਡ ਦੀ ਫੋਟੋ ਕਾਪੀ ਨੱਥੀ ਕਰੇ।

ਸਾਲਾਨਾ ਖੇਡ ਸਮਾਰੋਹ ਦੀਆਂ ਝਲਕੀਆਂ









ਸਾਲਾਨਾ ਕਨਵੋਕੇਸ਼ਨ ਦੀਆਂ ਝਲਕੀਆਂ






ਸਾਲਾਨਾ ਇਨਾਮ ਵੰਡ ਸਮਾਰੋਹ ਦੀਆਂ ਝਲਕੀਆਂ







Affiliated to Punjabi University, Patiala
(NAAC Reaccredited Under Cycle II-'B' Grade)
Telefax : 01672-234133

2020-21

PROSPECTUS

A HAND BOOK OF INFORMATION



ਦਾਖਲੇ ਮਿਤੀ 1-8-2020 ਤੋਂ ਸ਼ੁਰੂ ਹਨ, ਦਾਖਲਾ ਲੈਣ ਵਾਲੇ ਵਿਦਿਆਰਥੀ ਕਾਲਜ ਵੈੱਬਸਾਇਟ
www.ranbircollegesangrur.com ਤੇ ਉਪਲੱਬਧ ਦਾਖਲਾ ਫਾਰਮ ਮਿਤੀ 25-07-2020 ਤੋਂ 04-08-2020 online ਭਰਕੇ ਹੀ ਅਪਲਾਈ ਕਰ ਸਕਦੇ ਹਨ।

ਅੰਡਰ -ਗ੍ਰੈਜੂਏਟ ਡਿਗਰੀ ਕੋਰਸ (ਸਮੈਸਟਰ ਪ੍ਰਣਾਲੀ)	ਪੋਸਟ ਗ੍ਰੈਜੂਏਟ ਕੋਰਸ (ਸਮੈਸਟਰ ਪ੍ਰਣਾਲੀ)	ਅੰਡਰ-ਗ੍ਰੈਜੂਏਟ ਸੈਲਫ ਫਾਇਨੈਂਸਿੰਗ ਡਿਗਰੀ ਕੋਰਸਿਜ਼ (ਸਮੈਸਟਰ ਪ੍ਰਣਾਲੀ)
ੳ) ਬੀ.ਏ. ਤਿੰਨ ਸਾਲਾ 800 ਸੀਟਾਂ	ੳ)ਅੰਗਰੇਜ਼ੀ 40 ਸੀਟਾਂ	ੳ) ਬੀ.ਸੀ.ਏ.(B.C.A.) (ਤਿੰਨ ਸਾਲਾ) 50 ਸੀਟਾਂ
ਅ) ਬੀ.ਐੱਸਸੀ. ਮੈਡੀਕਲ ਅਤੇ ਨਾਨ-ਮੈਡੀਕਲ (3 ਸਾਲਾ) 75 +75 ਸੀਟਾਂ	ਅ)ਪੰਜਾਬੀ 40 ਸੀਟਾਂ	ਅ) ਹੋਸਪਿਟੈਲਿਟੀ ਡਿਪਲੋਮਾ ਇਨ ਫੂਡ ਪ੍ਰੋਡਕਸ਼ਨ 25 ਸੀਟਾਂ
ੲ) ਬੀ.ਕਾਮ. (3 ਸਾਲਾ) 60 ਸੀਟਾਂ	ੲ)ਰਾਜਨੀਤੀ ਸ਼ਾਸਤਰ 40 ਸੀਟਾਂ	ੲ) ਬੀ.ਬੀ.ਏ. (B.B.A.) (ਤਿੰਨ ਸਾਲਾ) 50 ਸੀਟਾਂ
ਸ) ਬੀ.ਏ. ਆਨਰਜ਼ - ਇਕਨਾਮਿਕਸ, ਫਿਲਾਸਫ਼ੀ ਅਤੇ ਪੋਲ. ਸਾਇੰਸ	ਪੋਸਟ-ਗ੍ਰੈਜੂਏਟ ਸੈਲਫ-ਫਾਇਨੈਂਸਿੰਗ ਡਿਪਲੋਮਾ ਕੋਰਸ :	ਸ) ਹੋਸਪਿਟੈਲਿਟੀ ਡਿਪਲੋਮਾ ਇਨ ਫੂਡ ਐਂਡ ਬੈਵਰੇਜ 25 ਸੀਟਾਂ
	ੳ) ਪੀ.ਜੀ.ਡੀ.ਸੀ.ਏ. (ਇੱਕ ਸਾਲਾ) 40 ਸੀਟਾਂ	ਹ) ਹੋਸਪਿਟੈਲਿਟੀ ਡਿਪਲੋਮਾ ਇੰਨ ਬੇਕਰੀ ਐਂਡ ਕੁਕਰੀ 50 ਸੀਟਾਂ
	ਅ) ਐੱਮ.ਐੱਸਸੀ. (IT) 40 ਸੀਟਾਂ	ਕ) ਸਰਟੀਫਿਕੇਟ ਕੋਰਸ ਇੰਨ ਬੇਕਰੀ ਐਂਡ ਕੁਕਰੀ 50 ਸੀਟਾਂ
	ਏ) ਐੱਮ.ਐੱਸਸੀ. (IT) Lateral 40 ਸੀਟਾਂ	

ਸਾਰੀਆਂ ਅੰਡਰ-ਗ੍ਰੈਜੁਏਟ ਕਲਾਸਾਂ ਲਈ ਦੂਜੇ ਸਮੈਸਟਰ ਵਿੱਚ Drug Abuse; Problems, Management & Prevention ਅਤੇ ਚੌਥੇ ਸਮੈਸਟਰ ਵਿੱਚ Environment and Road Safety ਵਿਸ਼ੇ ਪੜ੍ਹਾਏ ਜ਼ਾਂਦੇ ਹਨ ਅਤੇ ਪਾਸ ਕਰਨੇ ਜ਼ਰੂਰੀ ਹਨ ।

ਸਰਕਾਰੀ ਰਣਬੀਰ ਕਾਲਜ, ਸੰਗਰੂਰ

GOVT. RANBIR COLLEGE, SANGRUR

ਪੰਜਾਬੀ ਯੂਨੀਵਰਸਿਟੀ, ਪਟਿਆਲਾ ਨਾਲ ਐਫੀਲਿਏਟਿਡ
Affiliated to Punjabi University, Patiala

e-mail: gcsangrur@gmail.com
www.ranbircollegesangrur.com
Telefax : 01672-234133



ਕਾਲਜ ਦੇ ਸੰਸਥਾਪਕ
Founder of the College
1878-1948

Vision:

To impart education in a way so as to bring out the higher qualities of mind, body and character of the learners.

Mission:

Transmission of knowledge and education of the masses in the rural, semi-urban and Urban areas of the region .

Imparting higher education to all sections of the Society.

Promotion of Punjabi Language and Culture.

Involving the youth in community activities through Youth welfare, NCC, NSS and Red Cross to inculcate a sense of discipline in them so as to make them responsible citizens of the nation with secular outlook.

Transforming the faculty and students to respect all religions and cultures for making them sensitive global citizens.

ਪ੍ਰਿੰਸੀਪਲ
ਸਰਕਾਰੀ ਰਣਬੀਰ ਕਾਲਜ,
ਸੰਗਰੂਰ
ਫੋਨ.: 01672-234133



ਸਥਾਪਿਤ :1939

ਸੰਦੇਸ਼

ਪਿਆਰੇ ਵਿਦਆਰਥੀਓ,

ਜੀਂਦ ਰਿਆਸਤ ਦੀ ਰਾਜਧਾਨੀ ਸੰਗਰੂਰ ਵਿਖੇ ਮਹਾਰਾਜਾ ਰਣਬੀਰ ਸਿੰਘ ਜੀ ਵਲੋਂ ਸਥਾਪਿਤ ਸਰਕਾਰੀ ਰਣਬੀਰ ਕਾਲਜ ਸੰਗਰੂਰ ਮਾਲਵੇ ਦਾ ਹੀ ਨਹੀਂ ਸਗੋਂ ਪੰਜਾਬ ਦੀ ਇੱਕ ਮਹੱਤਵਪੂਰਨ ਵਿੱਦਿਅਕ ਸੰਸਥਾ ਹੈ। ਮੈਂ ਬਤੌਰ ਪ੍ਰਿੰਸੀਪਲ ਸਭ ਤੋਂ ਪਹਿਲਾਂ ਇਸ ਇਤਿਹਾਸਿਕ ਕਾਲਜ ਅਤੇ ਇਸ ਸੰਸਥਾ ਦੇ ਸੰਸਥਾਪਕ ਮਹਾਰਾਜਾ ਰਣਬੀਰ ਸਿੰਘ ਨੂੰ ਸਲਾਮ ਕਰਦਾ ਹਾਂ। ਰਣਬੀਰ ਪਰਿਵਾਰ ਦੇ ਮੈਂਬਰ ਬਣਨ ਜਾ ਰਹੇ ਸਮੂਹ ਵਿਦਿਆਰਥੀਆਂ ਦੇ ਉਜਵਲੇ ਭਵਿੱਖ ਦੀ ਕਾਮਨਾ ਕਰਦਾ ਹਾਂ। ਪਿਆਰੇ ਵਿਦਿਆਰਥੀਓ, ਸਿੱਖਿਆ ਵਿਅਕਤੀ ਦੀ ਸ਼ਰੀਰਿਕ, ਮਾਨਸਿਕ ਅਤੇ ਬੌਧਿਕ ਰੂਪ ਵਿੱਚ ਵਿਕਾਸ ਕਰਕੇ ਉਹਨਾਂ ਨੂੰ ਸਮਾਜ ਵਿੱਚ ਸਨਮਾਨਯੋਗ ਸਥਾਨ ਦਿਵਾਉਂਦੀ ਹੈ। ਉਚ ਸਿੱਖਿਆ ਪ੍ਰਾਪਤੀ ਦੇ ਸਾਧਨ, ਸਮੇਂ ਦੀ ਰਫਤਾਰ ਨਾਲ ਜਾਂ ਕੁਦਰਤੀ ਕਾਰਣਾਂ ਕਰਕੇ ਬਦਲਦੇ ਰਹਿੰਦੇ ਹਨ। ਜਿਵੇਂ ਕਿ ਆਪਾਂ ਸਾਰੇ ਜਾਣਦੇ ਹਾਂ ਕਿ ਅਜੋਕੇ ਸਮੇਂ ਸਾਰਾ ਸੰਸਾਰ COVID-19 ਦੀ ਭਿਆਨਕ ਮਹਾਂਮਾਰੀ ਦਾ ਸਾਹਮਣਾ ਕਰ ਰਿਹਾ ਹੈ। ਕਰੋਨਾ ਨੇ ਸਿੱਖਿਆ ਦੇ ਖੇਤਰ ਤੇ ਵੀ ਬਹੁਤ ਮਾੜਾ ਪ੍ਰਭਾਵ ਪਾਇਆ ਹੈ। ਪਰੰਪਰਾਵਾਦੀ ਅਤੇ ਕਲਾਸ ਰੂਮ ਵਿਧੀ ਵਾਲੀ ਸਿੱਖਿਆ ਦੇ ਨਾਲ-ਨਾਲ ਚੱਲ ਰਹੇ Lockdown ਨੇ ਆਨਲਾਈਨ ਸਿੱਖਿਆ ਦੀਆਂ ਵੱਖ-ਵੱਖ ਵਿਧੀਆਂ ਵਿੱਚ ਮੁਹਾਰਤ ਹਾਸਿਲ ਕਰਕੇ, ਦ੍ਰਿੜ ਇਰਾਦੇ ਅਤੇ ਉਸਾਰੂ ਸੋਚ ਨਾਲ ਅੱਗੇ ਵਧਣਾ ਹੈ। ਹੁੱਣ ਤੱਕ ਹਜ਼ਾਰਾਂ ਅਜਿਹੇ ਹੋਣਹਾਰ ਵਿਦਿਆਰਥੀ ਇਸ ਕਾਲਜ ਨੇ ਪੈਦਾ ਕੀਤੇ ਹਨ ਜਿਨ੍ਹਾਂ ਨੇ ਆਪਣੀ ਸਖ਼ਤ ਮਿਹਨਤ ਨਾਲ ਇਸ ਸੰਸਥਾ ਅਤੇ ਆਪਣੇ ਮਾਤਾ-ਪਿਤਾ ਦਾ ਨਾਮ ਰੌਸ਼ਨ ਕੀਤਾ ਹੈ ਅਤੇ ਉਨ੍ਹਾਂ ਨੇ ਅਲੱਗ ਅੱਲਗ ਖੇਤਰ ਵਿੱਚ ਆਪਣੇ ਆਪ ਨੂੰ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ ਤੇ ਸਥਾਪਤ ਕੀਤਾ ਹੈ। ਮੈਨੂੰ ਪੂਰਨ ਆਸ ਹੈ ਕਿ ਇਸ ਵਰ੍ਹੇ ਕਾਲਜ ਵਿੱਚ ਦਾਖਲ ਹੋਏ ਵਿਦਿਆਰਥੀ ਅਕਾਦਮਿਕ, ਸਪੋਰਟਸ ਅਤੇ ਸੱਭਿਆਚਰਕ ਗਤੀਵਿਧੀਆਂ ਵਿੱਚ ਪ੍ਰਾਪਤੀਆਂ ਕਰਕੇ ਹੋਣਹਾਰ ਵਿਦਿਆਰਥੀਆਂ ਦੀ ਸ਼੍ਰੇਣੀ ਵਿੱਚ ਸ਼ਾਮਿਲ ਹੋਣਗੇ। ਸਰਕਾਰੀ ਰਣਬੀਰ ਕਾਲਜ ਸੰਗਰੂਰ ਦਾ ਸਮੁੱਚਾ ਟੀਚਿੰਗ ਅਤੇ ਨਾਨ ਟੀਚਿੰਗ ਸਟਾਫ ਤੁਹਾਡੇ ਗਿਆਨ ਮਾਰਗ ਲਈ ਹਮੇਸ਼ਾ ਤਤਪਰ ਰਹੇਗਾ।

ਅਸੀਂ ਆਪ ਸਭ ਦੇ ਸਹਿਯੋਗ ਨਾਲ ਨਿਸ਼ਚਾ ਕੀਤਾ ਹੈ ਕਿ ਸਰਕਾਰੀ ਰਣਬੀਰ ਕਾਲਜ ਸੰਗਰੂਰ ਦਾ ਵਿੱਦਿਅਕ ਵਰ੍ਹਾ 2020-21 ਵਿਕਾਸ ਕਾਰਜਾਂ ਦਾ ਹੋਵੇ। ਕਾਲਜ ਲਈ ਆਧੁਨਿਕ ਕਿਸਮ ਦੀ ਲਾਇਬ੍ਰੇਰੀ ਦਾ ਨਿਰਮਾਣ, ਸੈਮੀਨਾਰ ਹਾਲ ਦੀ ਰੈਨੋਵੇਸ਼ਨ, ਰੂਸਾ ਬਲਾਕ ਦੀ ਉਸਾਰੀ, ਗੁਰੂ ਤੇਗ ਬਹਾਦਰ ਅਕਾਦਮਿਕ ਬਲਾਕ ਦੀ ਉਸਾਰੀ ਮੁਕੰਮਲ ਕਰਨੀ, ਨਵੀਂ ਸੜਕਾਂ ਦਾ ਨਿਰਮਾਣ ਅਤੇ ਕਾਲਜ ਵਿੱਚ ਕਈ ਨਵੇਂ ਵਿਸ਼ੇ ਅਤੇ ਕੋਰਸ ਸ਼ੁਰੂ ਕਰਨਾ ਸਾਡਾ ਟੀਚਾ ਹੈ। ਇਨ੍ਹਾਂ ਕਾਰਜਾਂ ਵਿੱਚੋਂ ਕਾਫੀ ਕਾਰਜਾਂ ਦੀ ਪੂਰਤੀ ਮਾਣਯੋਗ ਸ਼੍ਰੀ ਵਿਜੈ ਇੰਦਰ ਸਿੰਗਲਾ ਜੀ, ਹਲਕਾ ਵਿਧਾਇਕ ਸੰਗਰੂਰ ਅਤੇ ਕੈਬਨਿਟ ਮੰਤਰੀ ਪੰਜਾਬ ਸਰਕਾਰ ਵੱਲੋਂ ਕੀਤੀ ਜਾ ਚੁੱਕੀ ਹੈ ਅਤੇ ਬਾਕੀ ਬੱਚਦੇ ਕਾਰਜਾਂ ਲਈ ਨਿੱਜੀ ਪੱਧਰ ਤੇ ਦਿਲਚਸਪੀ ਲੈ ਕੇ ਪੂਰੇ ਕਰਵਾਉਣ ਦੇ ਲਈ ਯਤਨਸ਼ੀਲ ਹਨ। ਮੈਂ, ਸਰਕਾਰੀ ਰਣਬੀਰ ਕਾਲਜ ਦੇ ਪਰਿਵਾਰ ਦਾ ਮੁੱਖੀ ਹੋਣ ਦੇ ਨਾਤੇ ਉਨ੍ਹਾਂ ਦਾ ਹਾਰਦਿਕ ਰਿਣੀ ਹਾਂ ਅਤੇ ਹਰ ਉਸ ਸਖਸ਼ ਨੂੰ ਸਲਾਮ ਕਰਦਾ ਹਾਂ ਜਿਹੜੇ ਇਸ ਸੰਸਥਾ ਦੇ ਵਿਕਾਸ ਵਿੱਚ ਯੋਗਦਾਨ ਪਾਉਣਗੇ।

ਆਖਿਰ ਵਿੱਚ ਮੈਂ 2020-21 ਵਿੱਦਿਅਕ ਵਰ੍ਹੇ ਲਈ ਕਾਲਜ ਵਿੱਚ ਦਾਖਲ ਹੋਣ ਜਾ ਰਹੇ ਵਿਦਿਆਰਥੀਆਂ ਦੇ ਸੁਨਹਿਰੇ ਭਵਿੱਖ ਦੀ ਕਾਮਨਾ ਕਰਦਾ ਹੋਇਆ ਆਪ ਸਭ ਦਾ ਨਿੱਘਾ ਸਵਾਗਤ ਕਰਦਾ ਹਾਂ।

ਪ੍ਰੋ. (ਡਾ.) ਪਰਮਿੰਦਰ ਸਿੰਘ
ਪ੍ਰਿੰਸੀਪਲ

ਪ੍ਰਿੰਸੀਪਲ
ਸਰਕਾਰੀ ਰਣਬੀਰ ਕਾਲਜ,
ਸੰਗਰੂਰ
ਫੋਨ.: 01672-234133



ਸਥਾਪਿਤ:1939

ਸੰਦੇਸ਼

ਪਿਆਰੇ ਵਿਦਆਰਥੀਓ,

ਜੀਂਦ ਰਿਆਸਤ ਦੀ ਰਾਜਧਾਨੀ ਸੰਗਰੂਰ ਵਿਖੇ ਮਹਾਰਾਜਾ ਰਣਬੀਰ ਸਿੰਘ ਜੀ ਵਲੋਂ ਸਥਾਪਿਤ ਸਰਕਾਰੀ ਰਣਬੀਰ ਕਾਲਜ ਸੰਗਰੂਰ ਮਾਲਵੇ ਦਾ ਹੀ ਨਹੀਂ ਸਗੋਂ ਪੰਜਾਬ ਦੀ ਇੱਕ ਮਹੱਤਵਪੂਰਨ ਵਿੱਦਿਅਕ ਸੰਸਥਾ ਹੈ। ਮੈਂ ਬਤੌਰ ਪ੍ਰਿੰਸੀਪਲ ਸਭ ਤੋਂ ਪਹਿਲਾਂ ਇਸ ਇਤਿਹਾਸਿਕ ਕਾਲਜ ਅਤੇ ਇਸ ਸੰਸਥਾ ਦੇ ਸੰਸਥਾਪਕ ਮਹਾਰਾਜਾ ਰਣਬੀਰ ਸਿੰਘ ਨੂੰ ਸਲਾਮ ਕਰਦਾ ਹਾਂ। ਰਣਬੀਰ ਪਰਿਵਾਰ ਦੇ ਮੈਂਬਰ ਬਣਨ ਜਾ ਰਹੇ ਸਮੂਹ ਵਿਦਿਆਰਥੀਆਂ ਦੇ ਉਜਵਲੇ ਭਵਿੱਖ ਦੀ ਕਾਮਨਾ ਕਰਦਾ ਹਾਂ। ਪਿਆਰੇ ਵਿਦਿਆਰਥੀਓ, ਸਿੱਖਿਆ ਵਿਅਕਤੀ ਦੀ ਸ਼ਰੀਰਿਕ, ਮਾਨਸਿਕ ਅਤੇ ਬੌਧਿਕ ਰੂਪ ਵਿੱਚ ਵਿਕਾਸ ਕਰਕੇ ਉਹਨਾਂ ਨੂੰ ਸਮਾਜ ਵਿੱਚ ਸਨਮਾਨਯੋਗ ਸਥਾਨ ਦਿਵਾਉਂਦੀ ਹੈ। ਉਚ ਸਿੱਖਿਆ ਪ੍ਰਾਪਤੀ ਦੇ ਸਾਧਨ, ਸਮੇਂ ਦੀ ਰਫਤਾਰ ਨਾਲ ਜਾਂ ਕੁਦਰਤੀ ਕਾਰਣਾਂ ਕਰਕੇ ਬਦਲਦੇ ਰਹਿੰਦੇ ਹਨ। ਜਿਵੇਂ ਕਿ ਆਪਾਂ ਸਾਰੇ ਜਾਣਦੇ ਹਾਂ ਕਿ ਅਜੋਕੇ ਸਮੇਂ ਸਾਰਾ ਸੰਸਾਰ COVID-19 ਦੀ ਭਿਆਨਕ ਮਹਾਂਮਾਰੀ ਦਾ ਸਾਹਮਣਾ ਕਰ ਰਿਹਾ ਹੈ। ਕਰੋਨਾ ਨੇ ਸਿੱਖਿਆ ਦੇ ਖੇਤਰ ਤੇ ਵੀ ਬਹੁਤ ਮਾੜਾ ਪ੍ਰਭਾਵ ਪਾਇਆ ਹੈ। ਪਰੰਪਰਾਵਾਦੀ ਅਤੇ ਕਲਾਸ ਰੂਮ ਵਿਧੀ ਵਾਲੀ ਸਿੱਖਿਆ ਦੇ ਨਾਲ-ਨਾਲ ਚੱਲ ਰਹੇ Lockdown ਨੇ ਆਨਲਾਈਨ ਸਿੱਖਿਆ ਦੀਆਂ ਵੱਖ-ਵੱਖ ਵਿਧੀਆਂ ਵਿੱਚ ਮੁਹਾਰਤ ਹਾਸਿਲ ਕਰਕੇ, ਦ੍ਰਿੜ ਇਰਾਦੇ ਅਤੇ ਉਸਾਰੂ ਸੋਚ ਨਾਲ ਅੱਗੇ ਵਧਣਾ ਹੈ। ਹੁੱਣ ਤੱਕ ਹਜ਼ਾਰਾਂ ਅਜਿਹੇ ਹੋਣਹਾਰ ਵਿਦਿਆਰਥੀ ਇਸ ਕਾਲਜ ਨੇ ਪੈਦਾ ਕੀਤੇ ਹਨ ਜਿਨ੍ਹਾਂ ਨੇ ਆਪਣੀ ਸਖ਼ਤ ਮਿਹਨਤ ਨਾਲ ਇਸ ਸੰਸਥਾ ਅਤੇ ਆਪਣੇ ਮਾਤਾ-ਪਿਤਾ ਦਾ ਨਾਮ ਰੋਸ਼ਨ ਕੀਤਾ ਹੈ ਅਤੇ ਉਨ੍ਹਾਂ ਨੇ ਅਲੱਗ ਅੱਲਗ ਖੇਤਰ ਵਿੱਚ ਆਪਣੇ ਆਪ ਨੂੰ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ ਤੇ ਸਥਾਪਤ ਕੀਤਾ ਹੈ। ਮੈਨੂੰ ਪੂਰਨ ਆਸ ਹੈ ਕਿ ਇਸ ਵਰ੍ਹੇ ਕਾਲਜ ਵਿੱਚ ਦਾਖਲ ਹੋਏ ਵਿਦਿਆਰਥੀ ਅਕਾਦਮਿਕ, ਸਪੋਰਟਸ ਅਤੇ ਸੱਭਿਆਚਰਕ ਗਤੀਵਿਧੀਆਂ ਵਿੱਚ ਪ੍ਰਾਪਤੀਆਂ ਕਰਕੇ ਹੋਣਹਾਰ ਵਿਦਿਆਰਥੀਆਂ ਦੀ ਸ਼੍ਰੇਣੀ ਵਿੱਚ ਸ਼ਾਮਿਲ ਹੋਣਗੇ। ਸਰਕਾਰੀ ਰਣਬੀਰ ਕਾਲਜ ਸੰਗਰੂਰ ਦਾ ਸਮੁੱਚਾ ਟੀਚਿੰਗ ਅਤੇ ਨਾਨ ਟੀਚਿੰਗ ਸਟਾਫ ਤੁਹਾਡੇ ਗਿਆਨ ਮਾਰਗ ਲਈ ਹਮੇਸ਼ਾ ਤਤਪਰ ਰਹੇਗਾ।

ਅਸੀਂ ਆਪ ਸਭ ਦੇ ਸਹਿਯੋਗ ਨਾਲ ਨਿਸ਼ਚਾ ਕੀਤਾ ਹੈ ਕਿ ਸਰਕਾਰੀ ਰਣਬੀਰ ਕਾਲਜ ਸੰਗਰੂਰ ਦਾ ਵਿੱਦਿਅਕ ਵਰ੍ਹਾ 2020-21 ਵਿਕਾਸ ਕਾਰਜਾਂ ਦਾ ਹੋਵੇ। ਕਾਲਜ ਲਈ ਆਧੁਨਿਕ ਕਿਸਮ ਦੀ ਲਾਇਬ੍ਰੇਰੀ ਦਾ ਨਿਰਮਾਣ, ਸੈਮੀਨਾਰ ਹਾਲ ਦੀ ਰੈਨੋਵੇਸ਼ਨ, ਰੂਸਾ ਬਲਾਕ ਦੀ ਉਸਾਰੀ, ਗੁਰੂ ਤੇਗ ਬਹਾਦਰ ਅਕਾਦਮਿਕ ਬਲਾਕ ਦੀ ਉਸਾਰੀ ਮੁਕੰਮਲ ਕਰਨੀ, ਨਵੀਂ ਸੜਕਾਂ ਦਾ ਨਿਰਮਾਣ ਅਤੇ ਕਾਲਜ ਵਿੱਚ ਕਈ ਨਵੇਂ ਵਿਸ਼ੇ ਅਤੇ ਕੋਰਸ ਸ਼ੁਰੂ ਕਰਨਾ ਸਾਡਾ ਟੀਚਾ ਹੈ। ਇਨ੍ਹਾਂ ਕਾਰਜਾਂ ਵਿੱਚੋਂ ਕਾਫੀ ਕਾਰਜਾਂ ਦੀ ਪੂਰਤੀ ਮਾਣਯੋਗ ਸ਼੍ਰੀ ਵਿਜੈ ਇੰਦਰ ਸਿੰਗਲਾ ਜੀ, ਹਲਕਾ ਵਿਧਾਇਕ ਸੰਗਰੂਰ ਅਤੇ ਕੈਬਨਿਟ ਮੰਤਰੀ ਪੰਜਾਬ ਸਰਕਾਰ ਵੱਲੋਂ ਕੀਤੀ ਜਾ ਚੁੱਕੀ ਹੈ ਅਤੇ ਬਾਕੀ ਬੱਚਦੇ ਕਾਰਜਾਂ ਲਈ ਨਿੱਜੀ ਪੱਧਰ ਤੇ ਦਿਲਚਸਪੀ ਲੈ ਕੇ ਪੂਰੇ ਕਰਵਾਉਣ ਦੇ ਲਈ ਯਤਨਸ਼ੀਲ ਹਨ। ਮੈਂ, ਸਰਕਾਰੀ ਰਣਬੀਰ ਕਾਲਜ ਦੇ ਪਰਿਵਾਰ ਦਾ ਮੁੱਖੀ ਹੋਣ ਦੇ ਨਾਤੇ ਉਨ੍ਹਾਂ ਦਾ ਹਾਰਦਿਕ ਰਿਣੀ ਹਾਂ ਅਤੇ ਹਰ ਉਸ ਸਖਸ਼ ਨੂੰ ਸਲਾਮ ਕਰਦਾ ਹਾਂ ਜਿਹੜੇ ਇਸ ਸੰਸਥਾ ਦੇ ਵਿਕਾਸ ਵਿੱਚ ਯੋਗਦਾਨ ਪਾਉਣਗੇ।

ਆਖਿਰ ਵਿੱਚ ਮੈਂ 2020-21 ਵਿੱਦਿਅਕ ਵਰ੍ਹੇ ਲਈ ਕਾਲਜ ਵਿੱਚ ਦਾਖਲ ਹੋਣ ਜਾ ਰਹੇ ਵਿਦਿਆਰਥੀਆਂ ਦੇ ਸੁਨਹਿਰੇ ਭਵਿੱਖ ਦੀ ਕਾਮਨਾ ਕਰਦਾ ਹੋਇਆ ਆਪ ਸਭ ਦਾ ਨਿੱਘਾ ਸਵਾਗਤ ਕਰਦਾ ਹਾਂ।

ਪ੍ਰੋ. (ਡਾ.) ਪਰਮਿੰਦਰ ਸਿੰਘ
ਪ੍ਰਿੰਸੀਪਲ

ਸਾਡੇ ਕਾਲਜ ਦੀ ਸ਼ਾਨ

ਅਕਾਦਮਿਕ ਸੈਸ਼ਨ 2019-20



ਰਜਨੀ ਕੌਰ ਐਮ.ਏ.-II

ਐਮ.ਏ.-I ਰਾਜਨੀਤੀ ਸ਼ਾਸ਼ਤਰ ਦੀ ਯੂਨੀ. ਪ੍ਰੀਖਿਆ ਵਿੱਚੋਂ CGPA-8.3 ਲੈ ਕੇ ਯੂਨੀ. ਵਿੱਚੋਂ ਪਹਿਲਾ ਸਥਾਨ ਹਾਸਿਲ ਕੀਤਾ



ਨੇਹਾ ਭਟਨਾਗਰ ਐਮ.ਏ.-II

ਐਮ.ਏ-1 ਅੰਗਰੇਜ਼ੀ ਦੀ ਯੂਨੀ. ਪ੍ਰੀਖਿਆ ਵਿੱਚੋਂ CGPA-7.62 ਲੈ ਕੇ ਯੂਨੀਵਰਸਿਟੀ ਵਿੱਚੋਂ ਤੀਜਾ ਸਥਾਨ ਹਾਸਿਲ ਕੀਤਾ।



ਅਮਨਦੀਪ ਕੌਰ ਐਮ.ਏ.-II

ਐਮ.ਏ-1 ਪੰਜਾਬੀ ਦੀ ਯੂਨੀ. ਪ੍ਰੀਖਿਆ ਵਿੱਚੋਂ CGPA-8.10 ਲੈ ਕੇ ਯੂਨੀਵਰਸਿਟੀ ਵਿੱਚੋਂ ਤੀਜਾ ਸਥਾਨ ਹਾਸਿਲ ਕੀਤਾ।



ਪਰਮਿੰਦਰ ਕੌਰ ਐਮ.ਏ.-II

ਐਮ.ਏ-1 ਰਾਜਨੀਤੀ ਸ਼ਾਸ਼ਤਰ ਦੀ ਯੂਨੀ. ਪ੍ਰੀਖਿਆ ਵਿੱਚੋਂ CGPA-8.25 ਲੈ ਕੇ ਯੂਨੀਵਰਸਿਟੀ ਵਿੱਚੋਂ ਦੂਜਾ ਸਥਾਨ ਹਾਸਿਲ ਕੀਤਾ।



ਵੀਰਪਾਲ ਕੌਰ ਬੀ.ਏ.-I

All India Inter Uni. Kara
ਮੁਕਾਬਲੇ ਵਿੱਚ ਭਾਗ ਲਿਆ
ਅਤੇ ਅੰਤਰ ਕਾਲਜ ਵਿੱਚ
ਪਹਿਲਾ ਸਥਾਨ ਹਾਸਿਲ ਕੀਤਾ



ਮੁਕੇਸ਼ ਸ਼ਰਮਾ PGDCA ਕੋਰਸਿਸ

All India Inter University ਰਗਬੀ ਅਤੇ Wt. lifting ਵਿੱਚ ਭਾਗ ਲਿਆ



ਚਮਕੌਰ ਸਿੰਘ ਹੋਸਪਿਟੈਲਟੀ ਕੋਰਸਿਸ

All India Inter University Baseball ਵਿੱਚ ਭਾਗ ਲਿਆ ਅਤੇ ਅੰਤਰ ਕਾਲਜ ਮੁਕਾਬਲੇ ਵਿੱਚ ਪਹਿਲਾ ਸਥਾਨ



ਜਸਪ੍ਰੀਤ ਸਿੰਘ ਬੀ.ਏ.-III

All India Inter University Baseball ਵਿੱਚ ਭਾਗ ਲਿਆ ਅਤੇ ਅੰਤਰ ਕਾਲਜ ਮੁਕਾਬਲੇ ਵਿੱਚ ਪਹਿਲਾ ਸਥਾਨ



ਲਖਵਿੰਦਰ ਸ਼ਰਮਾ ਬੀ.ਏ.-III

All India Inter University Baseball ਵਿੱਚ ਭਾਗ ਲਿਆ ਅਤੇ ਅੰਤਰ ਕਾਲਜ ਮੁਕਾਬਲੇ ਵਿੱਚ ਪਹਿਲਾ ਸਥਾਨ



ਹਰਮਿਲਾਪ ਸਿੰਘ (ਬੀ.ਏ. ਭ

All India University Bo
Competition ਵਿੱਚ ਭਾਗ
ਅਤੇ ਅੰਤਰ ਕਾਲਜ ਵਿੱਚੋਂ ਪਹਿਲ



ਰਮਨਪ੍ਰੀਤ ਸਿੰਘ ਬੀ.ਏ.-II

All India Inter University Baseball ਵਿੱਚ ਭਾਗ ਲਿਆ ਅਤੇ ਅੰਤਰ ਕਾਲਜ ਮੁਕਾਬਲੇ ਵਿੱਚ ਪਹਿਲਾ ਸਥਾਨ



ਜੈਲਿਸ ਤਿਵਾੜੀ (ਬੀ.ਏ.II)

Inter College Boxing Competition ਵਿੱਚ ਦੂਜਾ ਸਥਾਨ



ਪਵਨ ਕੁਮਾਰ (ਬੀ.ਏ.-II)

ਪੰਜਾਬੀ ਯੂਨੀ. ਦੀ ਐਥਲੇਟਿਕ ਮੀਟ ਦੇ 5000ਮੀ. ਰੇਸ ਮੁਕਾਬਲੇ ਵਿੱਚ ਦੂਜਾ ਸਥਾਨ ਹਾਸਿਲ ਕੀਤਾ।



ਵਿਸ਼ਾਲ ਕੁਮਾਰ (ਬੀ.ਏ.-II)

ਅੰਤਰ ਕਾਲਜ ਬਾਕਸਿੰਗ ਮੁਕਾਬਲੇ ਵਿੱਚ ਦੂਜਾ ਸਥਾਨ ਹਾਸਿਲ ਕੀਤਾ।



ਕਿਰਨਦੀਪ ਕੌਰ (B.A

ਅੰਤਰ ਕਾਲਜ ਤੈਰਾਕੀ ਮੁ
ਵਿੱਚ ਦੂਜਾ ਸਥਾਨ ਹਾਸਿਲ



ਰਮਨਜੋਤ ਸਿੰਘ ਬੀ.ਕਾਮ.-III

ਅੰਤਰ ਜ਼ੋਨਲ ਫੈਟੇ ਗੜਾਬੀ ਮੁਕਾਬਲੇ ਵਿੱਚੋਂ ਪਹਿਲਾ ਸਥਾਨ ਪ੍ਰਾਪਤ ਕੀਤਾ ਅਤੇ ਪੰਜਾਬ ਰਾਜ ਯੁਵਕ ਮੇਲੇ ਵਿੱਚ ਭਾਗ ਲਿਆ



ਅਮਰੀਕ ਸਿੰਘ

ਸਟੇਟ ਪੋਲਿਟਿਕਸ ਇਨ ਇੰਡੀਆ (State Politics in India) Option III
ਪੋਲਿਟੀਕਲ ਪਾਰਟੀਜ਼ ਐਂਡ ਪ੍ਰੈਸ਼ਰ ਗਰੁੱਪਸ ਇਨ ਇੰਡੀਆ (Political Parties & Pressure Groups in India) Option IV

*ਬਾਅਦ ਵਿੱਚ ਯੂਨੀਵਰਸਿਟੀ ਵੱਲੋਂ ਸਿਲੇਬਸ ਵਿੱਚ ਕੋਈ ਤਬਦੀਲੀ ਸੰਭਵ ਹੋ ਸਕਦੀ ਹੈ ।

ਐੱਮ.ਏ. I, II ਦੀ ਫ਼ੀਸ ਦਾ ਵੇਰਵਾ

ਲੜੀ ਨੰ:		ਐੱਮ.ਏ. ਭਾਗ ਪਹਿਲਾ		ਐੱਮ.ਏ. ਭਾਗ ਦੂਜਾ	
		ਲੜਕੇ	ਲੜਕੀਆਂ	ਲੜਕੇ	ਲੜਕੀਆਂ
1.	ਦਾਖ਼ਲਾ ਫ਼ੀਸ	7	7	7	7
2.	ਟਿਊਸ਼ਨ ਫ਼ੀਸ	240	240	240	240
3.	ਯੂਨੀਵਰਸਿਟੀ ਫੰਡ	1850	1850	1850	1850
4.	ਪ੍ਰੀਖਿਆ ਫ਼ੀਸ (ਸਮੈਸਟਰ I & II)	3140	3140	3140	3140
5.	ਕਾਲਜ ਫੰਡ	341	341	341	341
6.	ਪੀ.ਟੀ.ਏ. ਫੰਡ	2000	2000	2000	2000
7.	ਲਾਇਬਰੇਰੀ ਸਿਕਿਉਰਟੀ	150	150	0	0
8.	ਈ.ਗਵਰਨੈਂਸ ਫੀਸ	100	100	100	100
	ਕੁੱਲ ਜੋੜ	7828	7828	7678	7678

1. ਨਵੇਂ ਰਜਿਸਟਰਡ ਵਿਦਿਆਰਥੀ ਪਾਸੋਂ 1600/- ਰੁਪਏ ਵੈਰੀਫਿਕੇਸ਼ਨ ਫ਼ੀਸ ਵਾਧੂ ਲਈ ਜਾਵੇਗੀ। 2. ਵਹੀਕਲ ਪਾਰਕਿੰਗ ਫ਼ੀਸ 300/- ਰੁਪਏ ਫ਼ੀਸ ਤੋਂ ਵੱਖਰੇ ਲਏ ਜਾਣਗੇ
3. SC ਵਿਦਿਆਰਥੀਆਂ ਤੋਂ ਲਈ ਜਾਣ ਵਾਲੀ ਫ਼ੀਸ ਦਾ ਵੇਰਵਾ (ਪੀ.ਟੀ.ਏ. 2000+ਲਾਇਬਰੇਰੀ ਸਕਿਉਰਟੀ 150+ ਈ-ਗਵਰਨੈਂਸ 100+
ਪ੍ਰੀਖਿਆ ਫਾਰਮ ਫੀਸ 240+ਯੂਨੀਵਰਸਿਟੀ ਪ੍ਰੈਕਟੀਕਲ ਫੀਸ 1100) ਕੇਵਲ ਨਵੇਂ ਵਿਦਿਆਰਥੀਆਂ ਲਈ online Registration Fee 150 / SC-100

ਨੋਟ: ਫੀਸ ਦੇ ਵਾਧੇ/ਘਾਟੇ ਸੰਬੰਧੀ ਪੰਜਾਬ ਸਰਕਾਰ/ਯੂਨੀਵਰਸਿਟੀ ਵੱਲੋਂ ਭੱਵਿਖ ਵਿੱਚ ਜੇਕਰ ਕੋਈ ਪੱਤਰ ਜਾਰੀ ਹੁੰਦਾ ਹੈ ਤਾਂ ਉਸ ਮੁਤਾਬਿਕ ਫੀਸ ਲਈ ਜਾਵੇਗ

ਐੱਚ.ਈ.ਆਈ.ਐੱਸ ਅਧੀਨ ਚੱਲ ਰਹੇ ਕੋਰਸਿਜ਼ (ਸਮੈਸਟਰ ਪ੍ਰਣਾਲੀ)

ਬੈਚੁਲਰ ਆਫ ਕੰਪਿਊਟਰ ਐਪਲੀਕੇਸ਼ਨਜ਼ (ਸਮੈਸਟਰ ਪ੍ਰਣਾਲੀ)

(Bachelor of Computer Applications)

(BCA) Three Year Degree Course

ਕੋਰਸ ਐਫੀਲਿਏਸ਼ਨ : ਇਹ ਕੋਰਸ ਪੰਜਾਬੀ ਯੂਨੀਵਰਸਿਟੀ, ਪਟਿਆਲਾ ਨਾਲ ਐਫੀਲੀਏਟਿਡ ਹੈ । ਇਸ ਕਰਕੇ ਇਸ ਕੋਰਸ ਦੀ ਡਿਗਰੀ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਲੋਂ ਦਿੱਤੀ ਜਾਵੇਗੀ ।

ਦਾਖ਼ਲੇ ਲਈ ਯੋਗਤਾ : (ਕੁੱਲ ਸੀਟਾਂ : 50)

1. ਉਹ ਵਿਦਿਆਰਥੀ ਜੋ 10+2 ਜਾਂ ਬਰਾਬਰ ਦੀ ਪ੍ਰੀਖਿਆ ਵਿਚੋਂ ਘੱਟ ਤੋਂ ਘੱਟ 45% ਨੰਬਰ ਪ੍ਰਾਪਤ ਕਰਦਾ ਹੈ, ਇਸ ਕੋਰਸ ਵਿੱਚ ਦਾਖ਼ਲਾ ਫਾਰਮ ਭਰਨ ਦੇ ਯੋਗ ਹੈ ।

2. 10% ਵੇਟੇਜ(weightage) ਉਸ ਵਿਦਿਆਰਥੀ ਨੂੰ ਦਿੱਤੀ ਜਾਵੇਗੀ ਜਿਸ ਨੇ 10+2 ਮੈਥਸ(ਗਣਿਤ) ਨਾਲ ਪਾਸ ਕੀਤੀ ਹੈ ।

BCA - (Semester I)

Code	Title of Paper
BCA-111	General English -I
BCA-112	Punjabi (Compulsory) or Punjab Compulsory (Mudla Gyan) ਮੁੱਢਲਾ ਗਿਆਨ ਵਿਦਿਆਰਥੀ ਆਪ ਹੀ ਪੜਨਗੇ ।
BCA-113	Fundamentals of Information Technology
BCA-114	Programming Fundamentals using C
BCA-115	Software Lab -I (Windows and Office Automation)
BCA-116	Software Lab -II (Based on paper BCA-114: Programming Fundamentals using C)

ਬੀ.ਸੀ.ਏ. ਭਾਗ ਦੂਜਾ (ਸਮੈਸਟਰ III ਅਤੇ IV)

ਦਾਖ਼ਲੇ ਲਈ ਯੋਗਤਾ : ਉਹ ਵਿਦਿਆਰਥੀ ਜਿਸ ਨੇ ਘੱਟੋ-ਘੱਟ ਇੱਕ ਅਕਾਦਮਿਕ ਸੈਸ਼ਨ ਬੀ.ਸੀ.ਏ. ਭਾਗ ਪਹਿਲਾ (ਸਮੈਸਟਰ ਪਹਿਲਾ ਅਤੇ ਦੂਜਾ) ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਜਾਂ ਕਿਸੇ ਹੋਰ ਯੂਨੀਵਰਸਿਟੀ ਤੋਂ ਪਾਸ ਕੀਤੀ ਹੈ, ਦਾਖ਼ਲੇ ਦੇ ਯੋਗ ਹੈ। (ਕੁੱਲ ਸੀਟਾਂ : 50).

Code	Title of Paper
BCA-211	English Communication Skills - I
BCA-212	Discrete Mathematics
BCA-213	Computer System Organisations and Architecture
BCA-214	Object Oriented Programming using C++
BCA-215	Fundamental of Database Management System
BCA-216	Software Lab-IV (Based on paper BCA-214: Object Oriented Programming using C++)
BCA-217	Software Lab- V (MS Access Lab Based on BCA-215: Fundamentals of Database
BCA-218	Punjabi (Compulsory) or Punjabi Compulsory (Mudla Gyan) ਮੁੱਢਲਾ ਗਿਆਨ ਵਿਦਿਆਰਥੀ ਆਪ ਹੀ ਪੜਨਗੇ ।

ਬੀ.ਸੀ.ਏ. ਭਾਗ ਤੀਜਾ (ਸਮੈਸਟਰ V ਅਤੇ VI)

ਦਾਖ਼ਲੇ ਲਈ ਯੋਗਤਾ : ਉਹ ਵਿਦਿਆਰਥੀ ਜਿਸ ਨੇ ਬੀ.ਸੀ.ਏ. ਭਾਗ ਪਹਿਲਾ ਅਤੇ ਦੂਜਾ, ਇਸ ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੋਂ ਜਾਂ ਕਿਸੇ ਹੋਰ ਯੂਨੀਵਰਸਿਟੀ ਤੋਂ ਪਾਸ ਕੀਤੀ ਹੈ, ਦਾਖ਼ਲੇ ਲਈ ਫਾਰਮ ਭਰਨ ਦੇ ਯੋਗ ਹੈ । (ਕੁੱਲ ਸੀਟਾਂ : 50)

Code	Title of Paper
BCA-311	English Literary Skills - I
BCA-312	System Analysis and Design
BCA-313	System Software

BCA-314	Java Programming
BCA-315	Web Designing using HTML and DHTML
BCA-316	Software Lab - IX (Based on paper BCA - 314: Java Programming)
BCA-317	Software Lab - X (Based on paper BCA-315 : Web Designing using HTML and DHTML)
BCA-318	Punjabi (Compulsory) or Punjabi Compulsory (Mudla Gyan)ਮੁੱਢਲਾ ਗਿਆਨ ਵਿਦਿਆਰਥੀ ਆਪ ਹੀ ਪੜਨਗੇ ।

ਬੈਚੁਲਰ ਆਫ਼ ਬਿਜਨਸ ਐਡਮਿਨਿਸਟ੍ਰੇਸ਼ਨ (ਸਮੈਸਟਰ ਪ੍ਰਣਾਲੀ)

(Bachelor of Business Administration)

(BBA) Three Year Degree Course

(ਕੁੱਲ ਸੀਟਾਂ : 5

ਕੋਰਸ ਐਫੀਲਿਏਸ਼ਨ : ਇਹ ਕੋਰਸ ਪੰਜਾਬੀ ਯੂਨੀਵਰਸਿਟੀ, ਪਟਿਆਲਾ ਨਾਲ ਐਫੀਲੀਏਟਿਡ ਹੈ । ਇਸ ਕਰਕੇ ਇਸ ਕੋਰਸ ਦੀ ਡਿਗਰੀ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਲੋਂ ਦਿੱਤੀ ਜਾਵੇਗੀ ।

ਬੀ.ਬੀ.ਏ. ਭਾਗ ਪਹਿਲਾ (ਸਮੈਸਟਰ–I ਅਤੇ II)

ਦਾਖ਼ਲੇ ਲਈ ਯੋਗਤਾ : 1. ਉਹ ਵਿਦਿਆਰਥੀ ਜੋ 10+2 ਜਾਂ ਬਰਾਬਰ ਦੀ ਪ੍ਰੀਖਿਆ ਵਿਚੋਂ ਘੱਟ ਤੋਂ ਘੱਟ 45% ਨੰਬਰ ਪ੍ਰਾਪਤ ਕਰਦਾ ਹੈ, ਇਸ ਕੋਰਸ ਵਿ ਦਾਖ਼ਲਾ ਫਾਰਮ ਭਰਨ ਦੇ ਯੋਗ ਹੈ ।

2. 10% ਵੇਟੇਜ(weightage) ਉਸ ਵਿਦਿਆਰਥੀ ਨੂੰ ਦਿੱਤੀ ਜਾਵੇਗੀ ਜਿਸ ਨੇ 10+2 ਮੈਥਸ(ਗਣਿਤ) ਨਾਲ ਪਾਸ ਕੀਤੀ ਹੈ ।

BBA-(Semester I)	Title of Paper
BBA-101	Communication Skills in Punjabi / Elementary Punjabi
BBA-102	Business Economics -I
BBA-103	Business Mathematics
BBA-104	Business Organization & Management Principles -I
BBA-105	Workshop on Computer Applications
BBA-106	Seminar

ਬੀ.ਬੀ.ਏ. ਭਾਗ ਦੂਜਾ (ਸਮੈਸਟਰ–III ਅਤੇ IV)

ਦਾਖ਼ਲੇ ਲਈ ਯੋਗਤਾ : ਉਹ ਵਿਦਿਆਰਥੀ ਜਿਸ ਨੇ ਘੱਟੋ-ਘੱਟ ਇੱਕ ਅਕਾਦਮਿਕ ਸੈਸ਼ਨ ਬੀ.ਬੀ.ਏ. ਭਾਗ ਪਹਿਲਾ–I (ਸਮੈਸਟਰ ਪਹਿਲਾ ਦੂਜਾ) ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੋਂ ਜਾਂ ਕਿਸੇ ਹੋਰ ਯੂਨੀਵਰਸਿਟੀ ਤੋਂ ਪਾਸ ਕੀਤਾ ਹੈ, ਦਾਖ਼ਲੇ ਦੇ ਯੋਗ ਹੈ ।

BBA	Title of Paper
BBA-301	PRINCIPLES OF HUMAN RESOURCE MANAGEMENT
BBA-302	BUSINESS ACCOUNTING
BBA-303	PRINCIPLE OF MARKETING MANAGEMENT
BBA-304	BUSINESS LAWS
BBA-305	WORKSHOP ON CONTEMPORARY BUSINESS ISSUES
BBA-306	SEMINAR ON KNOWLEDGE MANAGEMENT
BBA-307	COMMUNICATION SKILLS IN PUNJABI/ELEMENTARY PUNJABI

ਬੀ.ਬੀ.ਏ. ਭਾਗ ਤੀਜਾ (ਸਮੈਸਟਰ-V ਅਤੇ VI)

ਦਾਖ਼ਲੇ ਲਈ ਯੋਗਤਾ : ਉਹ ਵਿਦਿਆਰਥੀ ਜਿਸ ਨੇ ਘੱਟੋ-ਘੱਟ ਇੱਕ ਅਕਾਦਮਿਕ ਸੈਸ਼ਨ ਬੀ.ਬੀ.ਏ. ਭਾਗ ਪਹਿਲਾ ਤੇ ਦੂਜਾ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੋਂ ਜਾਂ ਕਿਸੇ ਹੋਰ ਯੂਨੀਵਰਸਿਟੀ ਤੋਂ ਪਾਸ ਕੀਤਾ ਹੈ, ਦਾਖ਼ਲੇ ਦੇ ਯੋਗ ਹੈ ।

Code	Title of Paper
BBA-501	BUSINESS RESEARCH METHODS
BBA-502	WORKSHOP ON TIME AND WORKLOAD MANAGEMENT
BBA-503	SEMINAR ON SUMMER INERNSHIP
BBA-508	MANAGEMENT OF INDUSTRIAL RELATIONS
BBA-511	INSURANCE MANAGEMENT
BBA-512	INVESTMENT MANAGEMENT
BBA-522A	Communication Skills in Punjabi

ਪੋਸਟ ਗ੍ਰੈਜੁਏਟ ਡਿਪਲੋਮਾ ਇਨ ਕੰਪਿਊਟਰ ਐਪਲੀਕੇਸ਼ਨਜ਼

(ਇੱਕ ਸਾਲਾ ਡਿਪਲੋਮਾ ਕੋਰਸ) ਸਮੈਸਟਰ ਪ੍ਰਣਾਲੀ

(Post Graduate Diploma In Computer Applications)

(One Year Diploma Course)

ਕੋਰਸ ਐਫੀਲਿਏਸ਼ਨ : ਇਹ ਕੋਰਸ ਪੰਜਾਬੀ ਯੂਨੀਵਰਸਿਟੀ, ਪਟਿਆਲਾ ਨਾਲ ਐਫੀਲੀਏਟਿਡ ਹੈ । ਇਸ ਕਰਕੇ ਇਸ ਕੋਰਸ ਦੀ ਡਿਗਰੀ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਲੋਂ ਦਿੱਤੀ ਜਾਵੇਗੀ ।

ਕੁੱਲ ਸੀਟਾਂ-30

PGDCA (Semester I)

ਦਾਖ਼ਲੇ ਲਈ ਯੋਗਤਾ : ਉਹ ਵਿਦਿਆਰਥੀ ਜਿਸ ਨੇ ਬੀ.ਏ./ਬੀ.ਐੱਸਸੀ./ਬੀ.ਕਾਮ. ਜਾਂ ਬਰਾਬਰ ਦੀ ਪ੍ਰੀਖਿਆ ਵਿੱਚੋਂ ਘੱਟ-ਘੱਟ 50% ਅੰਕ ਨਾਲ ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੋਂ ਜਾਂ ਕਿਸੇ ਹੋਰ ਯੂਨੀਵਰਸਿਟੀ ਤੋਂ ਪਾਸ ਕੀਤੀ ਹੋਵੇ, ਦਾਖ਼ਲੇ ਦੇ ਯੋਗ ਹੈ ।

PGDCA (Semester I)

Code	Title of Paper
PGDCA-101	Fundamentals of Information Technology
PGDCA-102	Operating Systems
PGDCA-103	Programming Fundamentals through "C" Language
PGDCA-104	Computer Organization and Architecture
PGDCA-105	Software Lab -I (Office Automation and Productivity Tools)
PGDCA-106	Software Lab-II (Programming Fundamentals through "C") Language

(ਕੁੱਲ ਸੀਟਾਂ : 30)

ਪੀ.ਜੀ.ਡੀ.ਸੀ.ਏ. (ਸਮੈਸਟਰ-II)

ਉਹ ਵਿਦਿਆਰਥੀ ਜਿਸ ਨੇ ਪੀ.ਜੀ.ਡੀ.ਸੀ.ਏ. (ਸਮੈਸਟਰ ਪਹਿਲਾ) ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੋਂ ਜਾਂ ਕਿਸੇ ਹੋਰ ਯੂਨੀਵਰਸਿਟੀ ਤੋਂ ਪਾਸ ਕੀਤੀ ਹੈ, ਦਾਖ਼ਲੇ ਦੇ ਯੋਗ ਹੈ ।

ਮਾਸਟਰ ਆਫ਼ ਸਾਇੰਸ (ਇਨਫੋਰਮੇਸ਼ਨ ਟੈਕਨੋਲੋਜੀ)
M. Sc. (Information Technology)

ਕੋਰਸ ਐਫੀਲਿਏਸ਼ਨ :

ਇਹ ਕੋਰਸ ਪੰਜਾਬੀ ਯੂਨੀਵਰਸਿਟੀ, ਪਟਿਆਲਾ ਨਾਲ ਐਫੀਲੀਏਟਿਡ ਹੈ । ਇਸ ਕਰਕੇ ਇਸ ਕੋਰਸ ਦੀ ਡਿਗਰੀ ਪੰਜਾਬੀ ਯੂਨੀਵਰਸਿਟੀ ਪਟਿਆ ਵੱਲੋਂ ਦਿੱਤੀ ਜਾਵੇਗੀ ।

(ਕੁੱਲ ਸੀਟਾਂ : 30

M. Sc. (IT) Part 1 (Semester I and II)

ਦਾਖ਼ਲੇ ਲਈ ਯੋਗਤਾ : ਉਹ ਵਿਦਿਆਰਥੀ ਜਿਸ ਨੇ ਬੀ.ਏ./ਬੀ.ਐਸਸੀ./ਬੀ.ਕਾਮ./ਬੀ.ਬੀ.ਏ., ਬੀ.ਸੀ.ਏ. ਜਾਂ ਬਰਾਬਰ ਦੀ ਪ੍ਰੀਖਿਆ ਵਿੱਚੋਂ ਘੱਟ-ਘ 50% ਅੰਕ ਨਾਲ ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੋਂ ਜਾਂ ਕਿਸੇ ਹੋਰ ਯੂਨੀਵਰਸਿਟੀ ਤੋਂ ਪਾਸ ਕੀਤੀ ਹੋਵੇ, ਦਾਖ਼ਲੇ ਦੇ ਯੋਗ ਹੈ ।

M. Sc. (IT) Part 1 (Semester I)

Code	Title of Paper	Code	Title of Paper
MS-111	Introduction to Information Technology	MS-114	Mathematical Foundation of Computer Science
MS-112	Computer Programming using C	MS-115	Operating Systems
MS-113	Computer Organization & Architecture	MS-116	Programming Lab-I

M. Sc. (IT) Part 1 (Semester III and IV)

ਦਾਖ਼ਲੇ ਲਈ ਯੋਗਤਾ : ਉਹ ਵਿਦਿਆਰਥੀ ਜਿਸ ਨੇ ਘੱਟ-ਘੱਟ ਇੱਕ ਅਕਾਦਮਿਕ ਸੈਸ਼ਨ M. Sc. Part-1 (Semester I and II), ਪੰਜ ਯੂਨੀਵਰਸਿਟੀ, ਪਟਿਆਲਾ ਤੋਂ ਜਾਂ ਕਿਸੇ ਹੋਰ ਯੂਨੀਵਰਸਿਟੀ ਤੋਂ ਪਾਸ ਕੀਤੀ ਹੋਵੇ, ਦਾਖ਼ਲੇ ਦੇ ਯੋਗ ਹੈ ।

M. Sc. (IT) Part 2 (Semester III and IV)

ਦਾਖ਼ਲੇ ਲਈ ਯੋਗਤਾ : ਉਹ ਵਿਦਿਆਰਥੀ ਜਿਸ ਨੇ ਘੱਟ-ਘੱਟ ਇੱਕ ਅਕਾਦਮਿਕ ਸੈਸ਼ਨ M. Sc. Part-1 (Semester I and II), ਪੰਜ ਯੂਨੀਵਰਸਿਟੀ, ਪਟਿਆਲਾ ਤੋਂ ਜਾਂ ਕਿਸੇ ਹੋਰ ਯੂਨੀਵਰਸਿਟੀ ਤੋਂ ਪਾਸ ਕੀਤੀ ਹੋਵੇ, ਦਾਖ਼ਲੇ ਦੇ ਯੋਗ ਹੈ ।

Code	Title of Paper	Code	Title of Paper
MS-211	Web Technology	MS-214	Computer Networks
MS-212	Java Programming	MS-215	Programming Lab-IV (Web Technology)
MS-213	Software Engineering	MS-216	Programming Lab-V (Java Programming)

ਮਾਸਟਰ ਆਫ਼ ਸਾਇੰਸ (ਇਨਫੋਰਮੇਸ਼ਨ ਟੈਕਨੋਲੋਜੀ)
M. Sc. (Information Technology) Lateral

ਕੋਰਸ ਐਫੀਲਿਏਸ਼ਨ :

ਇਹ ਕੋਰਸ ਪੰਜਾਬੀ ਯੂਨੀਵਰਸਿਟੀ, ਪਟਿਆਲਾ ਨਾਲ ਐਫੀਲੀਏਟਿਡ ਹੈ। ਇਸ ਕਰਕੇ ਇਸ ਕੋਰਸ ਦੀ ਡਿਗਰੀ ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਦਿੱਤੀ ਜਾਵੇਗੀ।

(ਕੁੱਲ ਸੀਟਾਂ :

M. Sc. (IT) Lateral (Semester III and IV)

ਦਾਖ਼ਲੇ ਲਈ ਯੋਗਤਾ : ਉਹ ਵਿਦਿਆਰਥੀ ਜਿਸ ਨੇ PGDCA (Semester I and II), ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੋਂ ਜਾਂ ਕਿ ਯੂਨੀਵਰਸਿਟੀ ਤੋਂ ਪਾਸ ਕੀਤੀ ਹੋਵੇ, ਦਾਖ਼ਲੇ ਦੇ ਯੋਗ ਹੈ ।

Code	Title of Paper	Code	Title of Paper
MS-211	Web Technology	MS-215	Mathematical Foundation of Com. Science
MS-212	Java Programming	MS-216	Programming Lab-IV (Web Technology)
MS-213	Software Engineering	MS-217	Programming Lab-V (Java Programming)
MS-214	Computer Networks		

Deficient Paper
MS-114 Mathematical Foundation of Computer Science

Hospitality Diploma in Food Production (1.5 Year Course)

ਹੋਸਪਿਟੈਲਿਟੀ ਡਿਪਲੋਮਾ ਇਨ ਫੂਡ ਪ੍ਰੋਡਕਸਨ

1. ਕੋਰਸ ਐਫੀਲਿਏਸ਼ਨ :

ਇਹ ਕੋਰਸ ਪੰਜਾਬੀ ਯੂਨੀਵਰਸਿਟੀ, ਪਟਿਆਲਾ ਨਾਲ ਐਫੀਲੀਏਟਿਡ ਹੈ । ਇਸ ਕਰਕੇ ਇਸ ਕੋਰਸ ਦੀ ਡਿਗਰੀ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵੱਲੋਂ ਦਿੱਤੀ ਜਾਵੇਗੀ। (ਕੁੱਲ ਸੀਟਾਂ : 25)

Hospitality Diploma in Food Production

ਦਾਖ਼ਲੇ ਲਈ ਯੋਗਤਾ : ਉਹ ਵਿਦਿਆਰਥੀ ਜੋ 10+2 ਜਾਂ ਬਰਾਬਰ ਦੀ ਪ੍ਰੀਖਿਆ ਪਾਸ ਕਰ ਲਈ ਹੋਵੇ, ਇਸ ਕੋਰਸ ਵਿੱਚ ਦਾਖ਼ਲਾ ਫਾਰਮ ਭਰਨ ਦੇ ਯੋਗ ਹੈ ।

Code	DIP4-101	DIP4-102	DIP4-103	DIP4-104
Title of Paper	Cookery	Larder	Hygiene and Nutrition	Commodities & Costing

Hospitality Diploma in Food & Beverage Service (1.5 Year Course)

ਹੋਸਪਿਟੈਲਿਟੀ ਡਿਪਲੋਮਾ ਇਨ ਫੂਡ ਐਂਡ ਬਿਵਰੇਜ ਸਰਵਿਸ

ਕੋਰਸ ਐਫੀਲਿਏਸ਼ਨ :

ਇਹ ਕੋਰਸ ਪੰਜਾਬੀ ਯੂਨੀਵਰਸਿਟੀ, ਪਟਿਆਲਾ ਨਾਲ ਐਫੀਲੀਏਟਿਡ ਹੈ । ਇਸ ਕਰਕੇ ਇਸ ਕੋਰਸ ਦੀ ਡਿਗਰੀ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵੱਲੋਂ ਦਿੱਤੀ ਜਾਵੇਗੀ। (ਕੁੱਲ ਸੀਟਾਂ : 25)

Hospitality Diploma in Food & Beverage Service

ਦਾਖ਼ਲੇ ਲਈ ਯੋਗਤਾ : ਉਹ ਵਿਦਿਆਰਥੀ ਜੋ 10+2 ਜਾਂ ਬਰਾਬਰ ਦੀ ਪ੍ਰੀਖਿਆ ਪਾਸ ਕਰ ਲਈ ਹੋਵੇ, ਇਸ ਕੋਰਸ ਵਿੱਚ ਦਾਖ਼ਲਾ ਫਾਰਮ ਭਰਨ ਦੇ ਯੋਗ ਹੈ ।

Sr. No.	1	2	3	4	5
Subject	F & B Service I	JF & B Service II	Business Communication	Hygiene & Sanitation	Computer Awareness

Hospitality Diploma in Bakery and Confectionery (1.5 Year Course)

ਹੋਸਪਿਟੈਲਿਟੀ ਡਿਪਲੋਮਾ ਇਨ ਬੇਕਰੀ ਐਂਡ ਕਨਫੈਕਸ਼ਨਰੀ

1. ਕੋਰਸ ਐਫੀਲਿਏਸ਼ਨ :

ਇਹ ਕੋਰਸ ਪੰਜਾਬੀ ਯੂਨੀਵਰਸਿਟੀ, ਪਟਿਆਲਾ ਨਾਲ ਐਫੀਲੀਏਟਿਡ ਹੈ। ਇਸ ਕਰਕੇ ਇਸ ਕੋਰਸ ਦੀ ਡਿਗਰੀ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵੱਲੋਂ ਦਿੱਤੀ ਜਾਵੇਗੀ। (ਕੁੱਲ ਸੀਟਾਂ: 50)

Hospitality Diploma in Bakery ad Confectionery

ਦਾਖ਼ਲੇ ਲਈ ਯੋਗਤਾ : ਉਹ ਵਿਦਿਆਰਥੀ ਜੋ 10+2 ਜਾਂ ਬਰਾਬਰ ਦੀ ਪ੍ਰੀਖਿਆ ਪਾਸ ਕਰ ਲਈ ਹੋਵੇ, ਇਸ ਕੋਰਸ ਵਿੱਚ ਦਾਖ਼ਲਾ ਫਾਰਮ ਭਰਨ ਦੇ ਯੋਗ ਹੈ ।

SEMESTER-I SUBJECTS:

1.	BAKERY (THEORY) \ (PRACTICAL)
2.	CONFECTIONERY (THEORY)\ (PRACTICAL)
3.	HYGIENE & SANITATION (THEORY)
4.	ENGLISH COMMUNICATION SKILLS.

SEMESTER-II SUBJECTS:

1.	BAKERY (THEORY) \ (PRACTICAL)
2.	CONFECTIONERY (THEORY)\ (PRACTICAL)
3.	COMMODITIES COSTING & ACCOUNTS.
4.	COMPUTER APPLICATIONS (NO EXAM)

CERTIFICATE COURSE IN BAKERY AND COOKERY (6 Month Course)

ਸਰਟੀਫਿਕੇਟ ਕੋਰਸ ਇੰਨ ਬੇਕਰੀ ਐਂਡ ਕੁਕਰੀ

1. ਕੋਰਸ ਐਫੀਲਿਏਸ਼ਨ :

ਇਹ ਕੋਰਸ ਪੰਜਾਬੀ ਯੂਨੀਵਰਸਿਟੀ, ਪਟਿਆਲਾ ਨਾਲ ਐਫੀਲੀਏਟਿਡ ਹੈ। ਇਸ ਕਰਕੇ ਇਸ ਕੋਰਸ ਦੀ ਡਿਗਰੀ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵੱਲੋਂ ਦਿੱਤੀ ਜਾਵੇਗੀ। (ਕੁੱਲ ਸੀਟਾਂ: 50)

Certificate Course in Bakery and Cookery

ਦਾਖ਼ਲੇ ਲਈ ਯੋਗਤਾ : ਉਹ ਵਿਦਿਆਰਥੀ ਜੋ 10+2 ਜਾਂ ਬਰਾਬਰ ਦੀ ਪ੍ਰੀਖਿਆ ਪਾਸ ਕਰ ਲਈ ਹੋਵੇ, ਇਸ ਕੋਰਸ ਵਿੱਚ ਦਾਖ਼ਲਾ ਫਾਰਮ ਭਰਨ ਦੇ ਯੋਗ ਹੈ ।

SEMESTER-I SUBJECTS:

Code	SUBJECT
CC&B 01	Food Production & Bakery basics
CC&B 02	Industrial training(Training Report + Log Book & Certificate from Hotel + Viva & Presentation) Of 8 weeks Or Project Report based on field work.

HEIS-Govt. Ranbir College Sangrur
Fee Schedule
Boys & Girls

Class	College Fee and According University	20% concession On College Fee and Funds due to COVID-19 Pandemic only for Session 2020-21	College Fee and According University after concession	Uni. Registration Return + E-Governance	Examination Fee of both Semesters	Total Fees	Amount to be Paid in 1st Installment of Total fees	Am to Pa in 2 Install of Tota
	01	02	03 1-2	04	05	06 =3+4+5	07	0
BCA-I	23160	4632	18528	3550	4240	26318	13159	1315
BCA-II	23160	4632	18528	1950	4240	24718	12359	1235
BCA-III	23160	4632	18528	1950	4240	24718	12359	1235
BBA-I	23160	4632	18528	3550	3690	25768	12884	1288
BBA-II	23160	4632	18528	1950	3690	24168	12084	1208
BBA-III	23160	4632	18528	1950	3690	24168	12084	1208
PGDCA	15800	3160	12640	1950	5340	19930	9965	9965
M.Sc(IT)-I	25000	5000	20000	1950	4240	26190	13095	1309
M.Sc(IT)-II	25000	5000	20000	1950	4240	26190	13095	1309
M.Sc(IT)-Lateral Entry	25000	5000	20000	1950	7930	29880	14940	1494
Hospitality Diploma in Food Production	18000	3600	14400	100	4040	18540	9270	9270
Hospitality Diploma in Food & Beverage Services	18000	3600	14400	100	4040	18540	9270	9270
Certificate Course in Bakery and Cookery	15000	3000	12000	100	4040	16140	8070	8070

1. Post Matric Scholarship ਆਧੀਨ ਆਉਂਦੇ SC Students Fees
   For New Students = 2000+240 (Both Examination Forms Fee) + 100 (University Processing Fee + 100 (E-governance Fee) = 2440
   For Old Students = 2000+240(Both Examniation Forms Fee) + 100 E-governanace Fee = 2340
2. Parking Fees (Cycle, Scooter, Car) = 300

ਨੋਟ: ਫੀਸ ਦੇ ਵਾਧੇ/ਘਾਟੇ ਸੰਬੰਧੀ ਪੰਜਾਬ ਸਰਕਾਰ/ਯੂਨੀਵਰਸਿਟੀ ਵੱਲੋਂ ਭੱਵਿਖ ਵਿੱਚ ਜੇਕਰ ਕੋਈ ਪੱਤਰ ਜਾਰੀ ਹੁੰਦਾ ਹੈ ਤਾਂ ਉਸ ਮੁਤਾਬਿਕ ਫੀਸ ਲਈ ਜਾਵੇ

ਨੋਟ :

* Rs. 500/- Refundable Library Security ਵੱਖਰੇ ਤੌਰ ਤੇ ਲਈ ਜਾਵੇਗੀ। Library Security ਕਾਲਜ ਛੱਡਣ ਤੋਂ ਕੇਵਲ ਇੱਕ ਸਾਲ ਦੇ ਅੰਦਰ-ਅੰਦਰ ਵਾਪਿਸ ਲਈ ਜਾ ਸਕਦੀ ਹੈ। ਇਸਤੋਂ ਬਾਅਦ ਇਹ ਰਕਮ ਜ਼ਬਤ ਹੋ ਜਾਵੇਗੀ।
* ਫ਼ੀਸ ਦਾਖ਼ਲੇ ਵਕਤ ਯੂਨੀਵਰਸਿਟੀ ਜਾਂ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਲਈ ਜਾਵੇਗੀ।
* ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਲੋਂ ਜੇਕਰ ਫ਼ੀਸਾਂ ਵਿੱਚ ਕੋਈ ਵੀ ਤਬਦੀਲੀ ਹੁੰਦੀ ਹੈ, ਤਾਂ ਵਿਦਿਆਰਥੀ ਨੂੰ ਉਸੇ ਅਨੁਸਾਰ ਹੀ ਫ਼ੀਸ ਜਮਾਂ ਕਰਵਾਉਣੀ ਪਵੇਗੀ।
* ਯੂਨੀਵਰਸਿਟੀ ਫੰਡ, ਯੂਨੀਵਰਸਿਟੀ Processing Fee, Sport and Punjabi Promotion Fee ਅਤੇ ਹੋਰ Fee and Funds ਕਾਲਜ/ਯੂਨੀਵਰਸਿਟੀ ਹਦਾਇਤਾਂ ਦੇ ਅਨੁਸਾਰ ਵੱਖਰੇ ਤੌਰ ਤੇ ਲਏ ਜਾਣਗੇ।
* ਸਾਰੀ ਫ਼ੀਸ ਇੱਕੋ ਵਾਰ ਵਿੱਚ ਹੀ ਜਮਾਂ ਕਰਵਾਈ ਜਾਂਦੀ ਹੈ ਅਤੇ ਯੂਨੀਵਰਸਿਟੀ ਪ੍ਰੀਖਿਆ ਫ਼ੀਸ, ਯੂਨੀਵਰਸਿਟੀ ਪ੍ਰੀਖਿਆ ਫਾਰਮ ਵੇਲੇ ਲਈ ਜਾਵੇਗੀ।

ਸੈਲਫ ਫਾਈਨੈਂਸਿੰਗ ਕੋਰਸਿਜ਼ ਲਈ ਆਮ ਹਦਾਇਤਾਂ

1. ਹਰ ਵਿਦਿਆਰਥੀ ਲਈ ਹਰ ਵਿਸ਼ੇ ਵਿੱਚ ਘੱਟ-ਘੱਟ ਕੁੱਲ 75% ਹਾਜ਼ਰੀ (ਥਿਊਰੀ ਅਤੇ ਪ੍ਰੈਕਟੀਕਲ) ਜ਼ਰੂਰੀ ਹੈ ।
2. ਹਰ ਵਿਦਿਆਰਥੀ ਲਈ ਕਾਲਜ ਟੈਸਟ ਦੇਣੇ ਜ਼ਰੂਰੀ ਹਨ।
3. ਜਿਨਾਂ ਵਿਦਿਆਰਥੀਆਂ ਨੇ ਦਸਵੀਂ ਪੰਜਾਬੀ ਵਿਸ਼ੇ ਨਾਲ ਪਾਸ ਨਹੀਂ ਕੀਤੀ, ਉਨਾਂ ਨੂੰ ਦਸਵੀਂ ਦਾ ਪੰਜਾਬੀ ਵਿਸ਼ਾ ਜਾਂ ਪੰਜਾਬੀ ਪਰਵੇਸ਼ਕਾਂ ਦੀ ਪ੍ਰੀਖਿਆ ਡਿਗਰੀ ਖਤਮ ਹੋਣ ਤੋਂ ਪਹਿਲਾਂ ਪਾਸ ਕਰਨੀ ਜਰੂਰੀ ਹੈ।
4. ਪ੍ਰੀਖਿਆ ਦਾਖ਼ਲਾ ਫ਼ੀਸ ਹਰ ਕਲਾਸ ਭਾਗ ਲਈ ਸਮੇਂ ਸਮੇਂ ਦੱਸੀ ਜਾਵੇਗੀ।
5. ਸਾਰੇ ਵਿਦਿਆਰਥੀਆਂ ਲਈ ਕਾਲਜ ਦੀਆਂ ਹਦਾਇਤਾਂ ਮੰਨਣੀਆਂ ਲਾਜਮੀ ਹਨ। ਹਦਾਇਤਾਂ ਦੀ ਪਾਲਣਾ ਨਾ ਕਰਨ ਤੇ ਪ੍ਰਿੰਸੀਪਲ ਦੁਆਰਾ ਲਿਆ ਗਿਆ ਕੋਈ ਵੀ ਫੈਸਲਾ ਆਖ਼ਰੀ ਹੋਵੇਗਾ। ਬਿਨਾਂ ਛੁੱਟੀ ਮਨਜੂਰ ਕਰਵਾਏ, ਜੇ ਕੋਈ ਵਿਦਿਆਰਥੀ ਇੱਕ ਹਫਤਾ ਗ਼ੈਰਹਾਜ਼ਰ ਰਹਿੰਦਾ ਹੈ ਤਾਂ ਮੁੜ ਦਾਖ਼ਲਾ ਫ਼ੀਸ 1000/- ਰੁਪਏ ਹੈ। ਜੇ ਕੋਈ ਵੀ ਵਿਦਿਆਰਥੀ ਬਿਨਾਂ ਛੁੱਟੀ ਮਨਜੂਰ ਕਰਵਾਏ ਗ਼ੈਰਹਾਜ਼ਰ ਰਹਿੰਦਾ ਹੈ ਤਾਂ ਉਹਨੂੰ 5 ਰੁਪਏ ਪਤੀ ਲੈਕਚਰ ਪ੍ਰਤੀਦਿਨ ਦਾ ਜੁਰਮਾਨਾ ਲੱਗੇਗਾ।
6. ਵਿਦਿਆਰਥੀਆਂ ਲਈ ਪ੍ਰਤੀਦਿਨ ਕਾਲਜ ਵਿੱਚ ਆਪਣਾ I-Card ਲੈ ਕੇ ਆਉਣਾ ਜਰੂਰੀ ਹੈ। ਸੈਸ਼ਨ ਖਤਮ ਹੋਣ ਤੇ I-Card ਜਮਾਂ ਕਰਵਾਏ ਬਿਨਾਂ ਕਿਸੇ ਵੀ ਵਿਦਿਆਰਥੀ ਨੂੰ ਰੋਲ ਨੰਬਰ ਜਾਰੀ ਨਹੀਂ ਹੋਵੇਗਾ, ਜੇ ਕਿਸੇ ਵਿਦਿਆਰਥੀ ਦਾ I-Card ਗੁਆਚ ਜਾਂਦਾ ਹੈ ਤਾਂ ਉਹ 100 ਰੁਪਏ ਫ਼ੀਸ ਭਰਕੇ ਦੁਬਾਰਾ I-Card ਬਣਵਾ ਸਕਦਾ ਹੈ।
7. ਸਮੈਸਟਰ ਪ੍ਰੀਖਿਆ ਉਨ੍ਹਾਂ ਰੈਗੂਲਰ ਵਿਦਿਆਰਥੀਆਂ ਲਈ ਖੁੱਲੀ ਹੈ ਜੋ ਕਿ ਕਾਲਜ ਅਤੇ ਯੂਨੀਵਰਸਿਟੀ ਦੀਆਂ ਵੱਖ-ਵੱਖ ਸ਼ਰਤਾਂ ਪੂਰੀਆਂ ਕਰਦੇ ਹਨ।

ਕਾਲਜ ਬਾਰੇ ਆਮ ਜਾਣਕਾਰੀ

ਵਜੀਫ਼ੇ

ਆਰਟਸ ਅਤੇ ਸਾਇੰਸ ਕਲਾਸਾਂ ਵਿੱਚ ਯੂਨੀਵਰਸਿਟੀ ਜਾਂ ਸਰਕਾਰ ਵੱਲੋਂ ਜੋ ਵਜੀਫ਼ੇ ਮਿਲਦੇ ਹਨ ਉਹਨਾਂ ਲਈ ਇਸ ਕਾਲਜ ਦੇ ਵਿਦਿਆਰਥੀ ਵੀ ਹੱਕਦਾਰ ਹੋਣਗੇ। ਇਹ ਸਕਾਲਰਸ਼ਿ ਲਈ ਸਮੇਂ ਸਿਰ ਅਪਲਾਈ ਕਰਨਾ ਵਿਦਿਆਰਥੀ ਦੀ ਆਪਣੀ ਜਿੰਮੇਵਾਰੀ ਹੈ। ਵਜੀਫ਼ੇ ਨੂੰ ਅਪਲਾਈ ਕਰਨ ਸੰਬੰਧੀ ਪੰਜਾਬ ਸਰਕਾਰ ਵੱਲੋਂ ਪੋਰਟਲ ਖੋਲਣ ਦੀ ਮਿਤੀ ਕਾਲਜ ਦੇ ਨੋਟਿ ਬੋਰਡ ਉੱਪਰ ਲਗਾਈ ਜਾਵੇਗੀ। ਸਰਕਾਰ ਵੱਲੋਂ ਨਿਰਧਾਰਿਤ ਕੀਤੀ ਮਿਤੀ ਅਧੀਨ ਹੀ ਪੋਰਟਲ ਉੱਪਰ ਵਜੀਫ਼ੇ ਲਈ ਅਪਲਾਈ ਕਰਨ ਜਿੰਮੇਵਾਰੀ ਵਿਦਿਆਰਥੀ ਦੀ ਆਪਣੀ ਹੋਵੇ ਸੰਬੰਧਿਤ ਵਿਦਿਆਰਥੀ ਨੋਟਿਸ ਬੋਰਡ ਉੱਪਰ ਸਮੇਂ ਸਮੇਂ ਸਿਰ ਧਿਆਨ ਦਿੰਦੇ ਰਹਿਣ। ਇਹਨਾਂ ਵਜੀਫਿਆਂ ਦਾ ਵੇਰਵਾ ਨਿਮਨ ਲਿਖਤ ਹੈ :

1) ਮੈਰਿਟ ਸਕਾਲਰਸ਼ਿਪ (ਰਾਜ ਯੋਗਤਾ ਵਜ਼ੀਫ਼ਾ)

ਇਹ ਵਜੀਫ਼ੇ 10+2 (ਆਰਟਸ ਜਾਂ ਸਾਇੰਸ) ਦੇ ਬੋਰਡ ਦੇ ਇਮਤਿਹਾਨਾਂ ਦੇ ਨਤੀਜਿਆਂ ਦੇ ਅਧਾਰ ਤੇ ਦਿੱਤੇ ਜਾਣਗੇ। ਇਹ ਫੈਸਲਾ ਬੋਰਡ ਨੇ ਕੀਤਾ ਹੈ ਅਤੇ ਇਹ (75/- ਰੁਪਏ ਮਹੀਨੇ ਦੇ ਹਿਸਾਬ ਨਾਲ ਸਰਕਾਰ ਦਿੰਦੀ ਹੈ। ਵਿਦਿਆਰਥੀ ਪੰਜਾਬ ਦਾ ਵਸਨੀਕ ਹੋਣਾ ਜ਼ਰੂਰੀ ਹੈ ।

2) 1984 ਦੇ ਦੰਗਾਂ ਪੀੜਤਾਂ ਨੂੰ ਵਜੀਫ਼ੇ

ਸਾਲ 1984 ਦੇ ਦੰਗਾ ਪੀੜਤ ਪਰਿਵਾਰਾਂ ਦੇ ਵਿਦਿਆਰਥੀ ਬੱਚਿਆਂ ਨੂੰ 100/- ਰੁ: ਪ੍ਰਤੀ ਮਹੀਨਾ ਵਜੀਫ਼ਾ ਸਰਕਾਰ ਵੱਲੋਂ ਦਿੱਤਾ ਜਾਂਦਾ ਹੈ। ਇਸ ਤੋਂ ਇਲਾਵਾ ਇਹ ਵਿਦਿਆਰਥੀਆਂ ਦੀ ਪੂਰੀ ਟਿਊਸ਼ਨ ਫ਼ੀਸ ਵੀ ਮੁਆਫ਼ ਕੀਤੀ ਜਾਂਦੀ ਹੈ । ਲੜਕੇ

3) ਅਨੁਸੂਚਿਤ ਜਾਤੀਆਂ ਨਾਲ ਸਬੰਧਤ ਲੜਕੀਆਂ ਨੂੰ ਸਪੈਸ਼ਲ ਗਰਾਂਟ ਅਨੁਸੂਚਿਤ ਜਾਤੀਆਂ ਨਾਲ ਸਬੰਧਤ ਲੜਕੇ/ਲੜਕੀਆਂ ਜਿਨ੍ਹਾਂ ਦੇ ਮਾਪੇ/ਸਰਪ੍ਰਸਤ ਪੰਜਾਬ ਰਾਜ ਦੇ ਪੱ ਵਸਨੀਕ ਹੋਣ ਅਤੇ ਪੰਜਾਬ ਜਾਂ ਚੰਡੀਗੜ੍ਹ ਦੇ ਕਾਲਜ ਵਿੱਚ ਪੜ੍ਹ ਰਹੀਆਂ ਹੋਣ ਨੂੰ ਵਿਸ਼ੇਸ਼ ਗਰਾਂਟ ਮਨਜ਼ੂਰ ਕੀਤੀ ਜਾਂਦੀ ਹੈ, ਬਸ਼ਰਤੇ ਇਸ ਕੇਸ ਵਿੱਚ ਪਰਿਵਾਰ ਦੀ ਸਾਲਾਨਾ ਆਮਦ 2,50000/- ਰੁ:(ਦੋ ਲੱਖ ਪੰਜਾਹ ਹਜ਼ਾਰ ਰੁਪਏ) ਤੋਂ ਵੱਧ ਨਾ ਹੋਵੇ ।

ਜੁਰਮਾਨੇ

ਯੋਗ ਅਧਿਕਾਰੀ ਵੱਲੋਂ ਛੁੱਟੀ ਮਨਜ਼ੂਰ ਕਰਵਾਏ ਬਿਨ੍ਹਾਂ ਗ਼ੈਰਹਾਜ਼ਰ ਹੋਣ ਤੇ ਜੁਰਮਾਨਾ ਕੀਤਾ ਜਾਂਦਾ ਹੈ । ਇਸ ਦਾ ਵੇਰਵਾ ਇਸ ਪ੍ਰਕਾਰ ਹੈ:

1) ਕਿਸੇ ਖਾਸ ਦਿਨ ਇੱਕ ਪੀਰੀਅਡ ਦੀ ਗ਼ੈਰਹਾਜ਼ਰੀ ਲਈ 25 ਪੈਸੇ, ਰੁਪਿਆ ਅਤੇ ਇੱਕ ਪੀਰੀਅਡ ਤੋਂ ਵੱਧ ਗ਼ੈਰਹਾਜ਼ਰੀ ਲਈ 50 ਪੈਸੇ ਜੁਰਮਾਨਾ ਕੀਤਾ ਜਾਵੇਗਾ ।
2) ਟਿਊਟੋਰੀਅਲ ਗਰੁੱਪ ਮੀਟਿੰਗ ਵਿੱਚ ਗ਼ੈਰਹਾਜ਼ਰ ਹੋਣ ਤੇ 1/- ਰੁਪਿਆ ਜੁਰਮਾਨਾ ਵਸੂਲ ਕੀਤਾ ਜਾਵੇਗਾ ।
3) ਦੁਰਵਿਵਹਾਰ ਦੇ ਦੋਸ਼ੀ ਵਿਦਿਆਰਥੀ ਨੂੰ ਪ੍ਰਿੰਸੀਪਲ ਵੱਲੋਂ ਜੁਰਮਾਨਾ ਕੀਤਾ ਜਾ ਸਕਦਾ ਹੈ। ਇਹ ਜੁਰਮਾਨਾ ਨੋਟਿਸ ਲੱਗਣ ਤੋਂ 5 ਦਿਨਾਂ ਦੇ ਅੰਦਰ-ਅੰਦਰ ਦਫ਼ਤਰ ਜ ਕਰਾਉਣਾ ਹੋਵੇਗਾ ।
4) ਜੇਕਰ ਕੋਈ ਵਿਦਿਆਰਥੀ ਅਜਿਹੇ ਕੰਮ ਵਿੱਚ ਹਿੱਸਾ ਲੈ ਰਿਹਾ ਹੋਵੇ ਜਾਂ ਸਿੱਧੇ ਜਾਂ ਅਸਿੱਧੇ ਢੰਗ ਨਾਲ ਕਾਲਜ ਅਨੁਸ਼ਾਸਨ ਨੂੰ ਹਾਨੀ ਪਹੁੰਚਾਉਦਾ ਹੋਵੇ ਤਾਂ ਉਸ ਦਾ ਨਾਂ ਕੱਟਣ ਪ੍ਰਿੰਸੀਪਲ ਨੂੰ ਪੂਰਾ ਅਧਿਕਾਰ ਹੈ ।
5) ਵਿਦਿਆਰਥੀ ਨੂੰ ਅਜਿਹੀਆਂ ਪਾਰਟੀਆਂ ਜਾਂ ਗਰੁੱਪ ਬਣਾਉਣ ਦੀ ਆਗਿਆ ਨਹੀਂ ਹੋਵੇਗੀ ਜਿਨ੍ਹਾਂ ਨੂੰ ਕਾਲਜ ਪ੍ਰਵਾਨ ਨਹੀਂ ਕਰਦਾ । ਕਾਲਜ ਵਿੱਚ ਦਾਖ਼ਲ ਵਿਦਿਆਰਥੀ ਉੱਤੇ ਯੂਨੀਵਰਸਿਟੀ/ਸਰਕਾਰ ਵੱਲੋਂ ਜਾਰੀ ਅਨੁਸ਼ਾਸਨ ਦੇ ਨਿਯਮ ਲਾਗੂ ਹੋਣਗੇ ।

ਛੁੱਟੀ ਦੇ ਨਿਯਮ

1. ਵਿਦਿਆਰਥੀਆਂ ਨੂੰ ਛੁੱਟੀ ਜਾਣ ਤੋਂ ਪਹਿਲਾਂ ਛੁੱਟੀ ਮਨਜ਼ੂਰ ਕਰਵਾਉਣੀ ਜ਼ਰੂਰੀ ਹੈ। ਜੇ ਕਿਸੇ ਖਾਸ ਕਾਰਨ ਕਰਕੇ ਵਿਦਿਆਰਥੀ ਬਿਨ੍ਹਾਂ ਛੁੱਟੀ ਮਨਜ਼ੂਰ ਕਰਵਾਇ ਗ਼ੈਰਹਾਜ਼ਰ ਹੋਵੇ ਤਾਂ ਉਸ ਨੂੰ ਹਾਜ਼ਰ ਹੋਣ ਤੋਂ ਪੰਜ ਦਿਨਾਂ ਦੇ ਅੰਦਰ-ਅੰਦਰ ਛੁੱਟੀ ਮਨਜ਼ੂਰ ਕਰਵਾਉਣੀ ਪਵੇਗੀ।

2. ਇੱਕ ਹਫਤੇ ਤੋਂ ਵੱਧ ਬਿਮਾਰੀ ਦੀ ਛੁੱਟੀ ਨਾਲ ਡਾਕਟਰੀ ਸਰਟੀਫ਼ਿਕੇਟ ਹੋਣਾ ਜਰੂਰੀ ਹੈ। ਹਫ਼ਤੇ ਤੋਂ ਵੱਧ ਹਰ ਪ੍ਰਕਾਰ ਦੀ ਛੁੱਟੀ ਤੇ ਮਾਪੇ ਜਾਂ ਸਰਪ੍ਰਸਤ ਦੇ ਹਸਤਾਖ਼ਰ ਜ਼ ਜ਼ਰੂਰੀ ਹਨ। ਇਹ ਸਰਟੀਫ਼ਿਕੇਟ ਕਾਲਜ ਵਿੱਚ ਮੁੜ-ਪ੍ਰਵੇਸ਼ ਤੇ ਤੁਰੰਤ ਦੇਣਾ ਜ਼ਰੂਰੀ ਹੈ।

3. ਛੁੱਟੀ ਨਿਮਨ-ਲਿਖਤ ਢੰਗ ਨਾਲ ਮਨਜ਼ੂਰ ਹੋਣੀ ਚਾਹੀਦੀ ਹੈ ।

	ਛੁੱਟੀ ਦਾ ਸਮਾਂ	ਸਿਫ਼ਾਰਿਸ਼ ਕਰਨ ਦਾ ਅਧਿਕਾਰ	ਮਨਜ਼ੂਰ ਕਰਨ ਦਾ ਅਧਿਕਾਰ
1)	ਛੇ ਦਿਨਾਂ ਦੀ ਆਮ ਛੁੱਟੀ	ਟਿਊਟਰ	ਟਿਊਟਰ
2)	ਦਸ ਦਿਨਾਂ ਦੀ ਆਮ ਛੁੱਟੀ	ਟਿਊਟਰ	ਸੀਨੀਅਰ ਟਿਊਟਰ
3)	ਦਸ ਦਿਨਾਂ ਤੋਂ ਉਪਰ ਛੁੱਟੀ	ਟਿਊਟਰ ਤੇ ਸੀਨੀਅਰ ਟਿਊਟਰ	ਪ੍ਰਿੰਸੀਪਲ

ਗ਼ੈਰਹਾਜ਼ਰੀ, ਨਾਮ ਕੱਟ ਜਾਣਾ ਅਤੇ ਮੁੜ ਦਾਖ਼ਲਾ

1. ਯੂਨੀਵਰਸਿਟੀ ਦੀਆਂ ਹਦਾਇਤਾਂ ਅਨੁਸਾਰ ਜਿਨ੍ਹਾਂ ਵਿਦਿਆਰਥੀਆਂ ਦੇ ਨਾਮ ਲਗਾਤਾਰ 10 ਦਿਨ ਕਲਾਸ ਵਿੱਚ ਗ਼ੈਰਹਾਜ਼ਰ ਰਹਿਣ ਕਾਰਨ ਜਾਂ ਫ਼ੀਸ ਜਮ੍ਹਾਂ ਨਾ ਕਰਵਾਉਣ ਜਾਂ ਹੋਰ ਕਿਸੇ ਕਾਰਨ ਕੱਟ ਦਿੱਤੇ ਜਾਂਦੇ ਹਨ, ਅਜਿਹੇ ਵਿਦਿਆਰਥੀ ਨਾਮ ਕੱਟਣ ਦੀ ਮਿਤੀ ਤੋਂ ਦੋ ਹਫ਼ਤੇ ਦੇ ਅੰਦਰ-ਅੰਦਰ ਜੇਕਰ ਪ੍ਰਿੰਸੀਪਲ ਆਗਿਆ ਦੇਣ ਤਾਂ ਮੁੜ ਦਾਖ਼ਲ ਹੋ ਸਕਦੇ ਹਨ, ਜਿਸ ਲਈ ਉਨ੍ਹਾਂ ਨੂੰ ਮੁੜ ਦਾਖ਼ਲਾ ਫ਼ੀਸ, ਪੂਰਾ ਪੀ.ਟੀ.ਏ. ਫੰਡ ਅਤੇ ਜੁਰਮਾਨਾ ਭਰਨਾ ਪਵੇਗਾ ।
2. ਦਸ ਦਿਨਾਂ ਦੀ ਗ਼ੈਰਹਾਜ਼ਰੀ ਦੇ ਅਧਾਰ ਤੇ ਨਾਮ ਕੱਟਣ ਉਪਰੰਤ ਕੇਵਲ ਦੋ ਵਾਰ ਹੀ ਨਿਯਮ ਨੰ: 1 ਅਨੁਸਾਰ ਮੁੜ ਦਾਖ਼ਲਾ ਹੋ ਸਕਦਾ ਹੈ । ਇਸ ਤੋਂ ਬਾਅਦ ਉਹ ਵਿਦਿਆਰਥੀ ਆਪਣਾ ਦਾਖ਼ਲਾ ਅਧਿਕਾਰ ਗੁਆ ਬੈਠੇਗਾ ।
3. ਵਿਦਿਆਰਥੀ ਨੂੰ ਆਪਣਾ ਆਈ ਕਾਰਡ, ਫ਼ੀਸ ਸਲਿੱਪ ਦੀ ਕਾਪੀ ਹਰ ਰੋਜ ਕਾਲਜ ਵਿੱਚ ਆਪਣੇ ਪਾਸ ਰੱਖਣਾ ਜ਼ਰੂਰੀ ਹੈ ।

ਯੂਨੀਵਰਸਿਟੀ ਪ੍ਰੀਖਿਆ ਲਈ ਨਿਯਮ/ਸ਼ਰਤਾਂ

1) ਯੂਨੀਵਰਸਿਟੀ ਦੀ ਸਾਲਾਨਾ/ਸਮੈਸਟਰ ਪ੍ਰੀਖਿਆ ਵਿੱਚ ਬੈਠਣ ਲਈ ਕੇਵਲ ਉਹੀ ਵਿਦਿਆਰਥੀ ਯੋਗ ਹੋਣਗੇ ਜਿਨ੍ਹਾਂ ਦੇ ਹਰ ਵਿਸ਼ੇ ਦੇ ਥਿਊਰੀ ਅਤੇ ਪ੍ਰੈਕਟੀਕਲ (ਜਿੱਥੇ ਲਾਗੂ ਹੋਵੇ) ਵਿੱਚ ਵੱਖ-ਵੱਖ ਤੌਰ ਤੇ 75% ਹਾਜ਼ਰੀਆਂ ਪੂਰੀਆਂ ਕੀਤੀਆਂ ਹੋਣ ।
2) ਸਮੈਸਟਰ ਪ੍ਰਣਾਲੀ ਦੇ ਅੰਤਰਗਤ ਹਰ ਵਿਦਿਆਰਥੀ ਲਈ 75% ਹਾਜ਼ਰੀਆਂ, ਦੋ ਮਹੀਨਾਵਾਰ ਟੈਸਟ ਅਤੇ ਆਪਣੇ ਸਬੰਧਤ ਕਲਾਸ ਟੀਚਰ ਕੋਲ ਅਸਾਈਨਮੈਂਟਸ ਜਮ੍ਹਾਂ ਕਰਵਾਉਣੀਆਂ ਲਾਜ਼ਮੀ ਹਨ, ਜਿਸਦੇ ਅਧਾਰ ਤੇ ਵਿਦਿਆਰਥੀ ਦੀ ਅਸੈੱਸਮੈਂਟ ਭੇਜੀ ਜਾਵੇਗੀ, ਸੋ ਵਿਦਿਆਰਥੀ ਇਸਦਾ ਸੈਸ਼ਨ ਦੌਰਾਨ ਪੂਰਾ ਧਿਆਨ ਰੱਖਣ।

ਟਿਊਟੋਰੀਅਲ ਗਰੁੱਪ ਪ੍ਰਣਾਲੀ

1) ਹਰ ਵਿਦਿਆਰਥੀ ਨੂੰ ਇੱਕ ਟਿਊਟੋਰੀਅਲ ਗਰੁੱਪ ਵਿੱਚ ਰੱਖਿਆ ਜਾਂਦਾ ਹੈ ।
2) ਟਿਊਟਰ ਵਿਦਿਆਰਥੀ ਲਈ ਇੱਕ ਗਾਈਡ ਤੇ ਸਲਾਹਕਾਰ ਹੋਵੇਗਾ । ਉਹ ਵਿਦਿਆਰਥੀਆਂ ਦੀਆਂ ਵਿੱਦਿਅਕ ਅਤੇ ਵਿਅਕਤੀਗਤ ਸਮੱਸਿਆਵਾਂ ਬਾਰੇ ਉਨ੍ਹਾਂ ਦੀ ਅਗਵਾਈ ਕਰੇਗਾ । ਟਿਊਟਰ ਦਾ ਆਪਣੇ ਗਰੁੱਪ ਦੇ ਹਰ ਇੱਕ ਵਿਦਿਆਰਥੀ ਨਾਲ ਨੇੜੇ ਦਾ ਸੰਪਰਕ ਹੋਵੇਗਾ ।
3) ਟਿਊਟੋਰੀਅਲ ਗਰੁੱਪ ਮੀਟਿੰਗਜ਼ ਲੋੜ ਮੁਤਾਬਿਕ ਹੋਣਗੀਆਂ ।
4) ਸੀਨੀਅਰ ਟਿਊਟਰ ਸਾਰੇ ਗਰੁੱਪਾਂ ਵਿੱਚ ਤਾਲਮੇਲ ਰੱਖੇਗਾ ।
5) ਟਿਊਟਰ ਆਪਣੇ ਗਰੁੱਪਾਂ ਦੇ ਵਿਦਿਆਰਥੀਆਂ ਦੀ ਉੱਨਤੀ ਦਾ ਰਿਕਾਰਡ ਰੱਖੇਗਾ । ਉਹ ਉਹਨਾਂ ਦੇ ਚਰਿੱਤਰ ਸਰਟੀਫ਼ਿਕੇਟ ਤੋਂ ਇਲਾਵਾ ਉਹਨਾਂ ਦੀ ਵਿੱਦਿਅਕ ਉੱਨਤੀ ਰਿਪੋਰਟ ਤੇ ਵੀ ਰਾਇ ਦੇਵੇਗਾ ।
6) ਟਿਊਟੋਰੀਅਲ ਗਰੁੱਪ ਵਿੱਚ ਗ਼ੈਰਹਾਜ਼ਰੀ ਦਾ ਵਿਸ਼ੇਸ਼ ਜੁਰਮਾਨਾ ਹੋਵੇਗਾ ।
7) ਟਿਊਟੋਰੀਅਲ ਗਰੁੱਪ ਵਾਦ-ਵਿਵਾਦ, ਪੱਤਰ ਪੜ੍ਹਨ ਆਦਿ ਤੋਂ ਇਲਾਵਾ ਪੁਸਤਕਾਲਿਆਂ, ਅਜਾਇਬ ਘਰ ਅਤੇ ਹੋਰ ਵਿੱਦਿਅਕ ਥਾਵਾਂ ਦੇਖਾਉਣ ਦਾ ਵੀ ਪ੍ਰਬੰਧ ਕਰਨਗੇ ।

ਲਾਇਬਰੇਰੀ ਅਤੇ ਸ਼ਨਾਖਤੀ ਕਾਰਡ ਦੇ ਨਿਯਮ

ਕਾਲਜ ਪੁਸਤਕਾਲੇ ਵਿੱਚ ਲਗਭਗ 72000 ਪੁਸਤਕਾਂ ਹਨ ਅਤੇ ਲੋੜ ਅਨੁਸਾਰ ਹਰ ਸਾਲ ਖਰੀਦੀਆਂ ਜਾਂਦੀਆਂ ਹਨ । ਇਸ ਤੋਂ ਇਲਾਵਾ ਰੀਡਿੰਗ ਰੂਮ ਵਿੱਚ ਹਰ ਤਰ੍ਹਾਂ ਦੇ ਮਿਆਰੀ ਅਖ਼ਬਾਰ ਅਤੇ ਰਸਾਲੇ ਮੰਗਵਾਏ ਜਾਂਦੇ ਹਨ । ਲੋੜਵੰਦ ਵਿਦਿਆਰਥੀਆਂ ਲਈ ਪੁਸਤਕਾਲੇ ਵਿੱਚ ਪਾਠ-ਪੁਸਤਕ ਵਿਭਾਗ ਵੀ ਹੈ । ਪੁਸਤਕਾਲੇ ਵਿੱਚੋਂ ਪੁਸਤਕਾਂ ਕਢਾਉਣ ਲਈ ਹੇਠ ਲਿਖੇ ਨਿਯਮ ਹਨ:

1. (i) ਹਰ ਕਲਾਸ ਦੇ ਵਿਦਿਆਰਥੀ ਨੂੰ ਇੱਕ ਸਮੇਂ ਦੋ ਪੁਸਤਕਾਂ ਮਿਲ ਸਕਦੀਆਂ ਹਨ ।
(ii) ਆਨਰਜ਼/ਐਮ.ਏ. ਦੇ ਵਿਦਿਆਰਥੀ 5 ਪੁਸਤਕਾਂ ਲੈ ਸਕਦੇ ਹਨ ।
2. ਲਾਇਬਰੇਰੀ ਵਿੱਚੋਂ ਉਧਾਰ ਲਈ ਪੁਸਤਕ ਵੱਧ ਤੋਂ ਵੱਧ 14 ਦਿਨਾਂ ਤੱਕ ਰੱਖੀ ਜਾ ਸਕਦੀ ਹੈ। ਜੇ ਮਿਆਦ ਖਤਮ ਹੋਣ ਤੇ ਪੁਸਤਕ ਵਾਪਿਸ ਨਾ ਕੀਤੀ ਜਾਵੇ ਤ 10 ਪੈਸੇ ਪ੍ਰਤੀ ਦਿਨ ਪ੍ਰਤੀ ਪੁਸਤਕ ਜੁਰਮਾਨਾ ਕੀਤਾ ਜਾਵੇਗਾ। ਇਹ ਜੁਰਮਾਨਾ ਮੁਆਫ ਨਹੀਂ ਹੋਵੇਗਾ। ਪੁਸਤਕ ਰੀਨਿਊ ਕਰਾਉਣ ਲਈ ਪੁਸਤਕ ਦਾ ਲਾਇਬਰੇਰੀ ਲਿਆਉਣਾ ਜਰੂਰੀ ਹੈ।
3. ਹਰ ਵਿਦਿਆਰਥੀ ਨੂੰ ਇੱਕ ਸ਼ਨਾਖਤੀ-ਕਮ-ਲਾਇਬਰੇਰੀ ਕਾਰਡ ਦਿੱਤਾ ਜਾਵੇਗਾ । ਕਿਤਾਬ ਲੈਣ ਜਾਂ ਵਾਪਸ ਕਰਨ ਵਾਲੇ ਦਾ ਇੰਦਰਾਜ਼ ਇਸੇ ਕਾ ਉੱਤੇ ਹੋਵੇਗਾ ਅਤੇ ਇਸ ਵਿੱਚ ਦਰਜ ਹੋਈਆਂ ਸਾਰੀਆਂ ਕਿਤਾਬਾਂ ਲਈ ਵਿਦਿਆਰਥੀ ਖੁਦ ਜਿੰਮੇਵਾਰ ਹੋਵੇਗਾ ।
4. ਜੇ ਇਹ ਕਾਰਡ ਗੁਆਚ ਜਾਵੇ ਤਾਂ ਲਾਇਬਰੇਰੀ ਮੁੱਖੀ ਨੂੰ ਤੁਰੰਤ ਇਤਲਾਹ ਦੇਣੀ ਚਾਹੀਦੀ ਹੈ ਅਤੇ ਪੁਲਿਸ ਵਿੱਚ ਰਿਪੋਰਟ ਦਰਜ ਕਰਵਾਉਣੀ ਜ਼ਰੂਰੀ ਇਸ ਦੀ ਕਾਪੀ ਨੋਟਿਸ ਬੋਰਡ ਤੇ ਲਗਾਉਣੀ ਜ਼ਰੂਰੀ ਹੈ ਤਾਂ ਜੋ ਕੋਈ ਹੋਰ ਇਸ ਕਾਰਡ ਦੀ ਦੁਰਵਰਤੋਂ ਨਾ ਕਰ ਸਕੇ। ਨਵਾਂ ਕਾਰਡ ਦਰਜ ਕਰਵਾਈ ਰਿ ਦੇ ਅਧਾਰ ਤੇ ਲਾਇਬਰੇਰੀ ਵਿੱਚੋਂ ਫਾਰਮ ਲੈ ਕੇ ਲੋੜੀਂਦੀ ਫ਼ੀਸ ਭਰ ਕੇ ਇੱਕ ਪਾਸਪੋਰਟ ਸਾਇਜ਼ ਦੀ ਨਵੀਂ ਫੋਟੋ ਦੇ ਕੇ ਜਾਰੀ ਕਰਵਾਇਆ ਜਾ ਸਕਦਾ

ਗ਼ੈਰਹਾਜ਼ਰੀ, ਨਾਮ ਕੱਟ ਜਾਣਾ ਅਤੇ ਮੁੜ ਦਾਖ਼ਲਾ

1. ਯੂਨੀਵਰਸਿਟੀ ਦੀਆਂ ਹਦਾਇਤਾਂ ਅਨੁਸਾਰ ਜਿਨ੍ਹਾਂ ਵਿਦਿਆਰਥੀਆਂ ਦੇ ਨਾਮ ਲਗਾਤਾਰ 10 ਦਿਨ ਕਲਾਸ ਵਿੱਚ ਗ਼ੈਰਹਾਜ਼ਰ ਰਹਿਣ ਕਾਰਨ ਜਾਂ ਫ਼ੀਸ ਜਮ੍ਹਾਂ ਨਾ ਕਰਵਾਉਣ ਜਾਂ ਹੋਰ ਕਿਸੇ ਕਾਰਨ ਕੱਟ ਦਿੱਤੇ ਜਾਂਦੇ ਹਨ, ਅਜਿਹੇ ਵਿਦਿਆਰਥੀ ਨਾਮ ਕੱਟਣ ਦੀ ਮਿਤੀ ਤੋਂ ਦੋ ਹਫ਼ਤੇ ਦੇ ਅੰਦਰ-ਅੰਦਰ ਜੇਕਰ ਪ੍ਰਿੰਸੀਪਲ ਆਗਿਆ ਦੇਣ ਤਾਂ ਮੁੜ ਦਾਖ਼ਲ ਹੋ ਸਕਦੇ ਹਨ, ਜਿਸ ਲਈ ਉਨ੍ਹਾਂ ਨੂੰ ਮੁੜ ਦਾਖ਼ਲਾ ਫ਼ੀਸ, ਪੂਰਾ ਪੀ.ਟੀ.ਏ. ਫੰਡ ਅਤੇ ਜੁਰਮਾਨਾ ਭਰਨਾ ਪਵੇਗਾ ।
2. ਦਸ ਦਿਨਾਂ ਦੀ ਗ਼ੈਰਹਾਜ਼ਰੀ ਦੇ ਅਧਾਰ ਤੇ ਨਾਮ ਕੱਟਣ ਉਪਰੰਤ ਕੇਵਲ ਦੋ ਵਾਰ ਹੀ ਨਿਯਮ ਨੰ: 1 ਅਨੁਸਾਰ ਮੁੜ ਦਾਖ਼ਲਾ ਹੋ ਸਕਦਾ ਹੈ । ਇਸ ਤੋਂ ਬਾਅਦ ਉਹ ਵਿਦਿਆਰਥੀ ਆਪਣਾ ਦਾਖ਼ਲਾ ਅਧਿਕਾਰ ਗੁਆ ਬੈਠੇਗਾ ।
3. ਵਿਦਿਆਰਥੀ ਨੂੰ ਆਪਣਾ ਆਈ ਕਾਰਡ, ਫ਼ੀਸ ਸਲਿੱਪ ਦੀ ਕਾਪੀ ਹਰ ਰੋਜ ਕਾਲਜ ਵਿੱਚ ਆਪਣੇ ਪਾਸ ਰੱਖਣਾ ਜ਼ਰੂਰੀ ਹੈ ।

ਯੂਨੀਵਰਸਿਟੀ ਪ੍ਰੀਖਿਆ ਲਈ ਨਿਯਮ/ਸ਼ਰਤਾਂ

1) ਯੂਨੀਵਰਸਿਟੀ ਦੀ ਸਾਲਾਨਾ/ਸਮੈਸਟਰ ਪ੍ਰੀਖਿਆ ਵਿੱਚ ਬੈਠਣ ਲਈ ਕੇਵਲ ਉਹੀ ਵਿਦਿਆਰਥੀ ਯੋਗ ਹੋਣਗੇ ਜਿਨ੍ਹਾਂ ਦੇ ਹਰ ਵਿਸ਼ੇ ਦੇ ਥਿਊਰੀ ਅਤੇ ਪ੍ਰੈਕਟੀਕਲ (ਜਿੱਥੇ ਲਾਗੂ ਹੋਵੇ) ਵਿੱਚ ਵੱਖ-ਵੱਖ ਤੌਰ ਤੇ 75% ਹਾਜ਼ਰੀਆਂ ਪੂਰੀਆਂ ਕੀਤੀਆਂ ਹੋਣ ।
2) ਸਮੈਸਟਰ ਪ੍ਰਣਾਲੀ ਦੇ ਅੰਤਰਗਤ ਹਰ ਵਿਦਿਆਰਥੀ ਲਈ 75% ਹਾਜ਼ਰੀਆਂ, ਦੋ ਮਹੀਨਾਵਾਰ ਟੈਸਟ ਅਤੇ ਆਪਣੇ ਸਬੰਧਤ ਕਲਾਸ ਟੀਚਰ ਕੋਲ ਅਸਾਈਨਮੈਂਟਸ ਜਮ੍ਹਾਂ ਕਰਵਾਉਣੀਆਂ ਲਾਜ਼ਮੀ ਹਨ, ਜਿਸਦੇ ਅਧਾਰ ਤੇ ਵਿਦਿਆਰਥੀ ਦੀ ਅਸੈੱਸਮੈਂਟ ਭੇਜੀ ਜਾਵੇਗੀ, ਸੋ ਵਿਦਿਆਰਥੀ ਇਸਦਾ ਸੈਸ਼ਨ ਦੌਰਾਨ ਪੂਰਾ ਧਿਆਨ ਰੱਖਣ।

ਟਿਊਟੋਰੀਅਲ ਗਰੁੱਪ ਪ੍ਰਣਾਲੀ

1) ਹਰ ਵਿਦਿਆਰਥੀ ਨੂੰ ਇੱਕ ਟਿਊਟੋਰੀਅਲ ਗਰੁੱਪ ਵਿੱਚ ਰੱਖਿਆ ਜਾਂਦਾ ਹੈ ।
2) ਟਿਊਟਰ ਵਿਦਿਆਰਥੀ ਲਈ ਇੱਕ ਗਾਈਡ ਤੇ ਸਲਾਹਕਾਰ ਹੋਵੇਗਾ । ਉਹ ਵਿਦਿਆਰਥੀਆਂ ਦੀਆਂ ਵਿੱਦਿਅਕ ਅਤੇ ਵਿਅਕਤੀਗਤ ਸਮੱਸਿਆਵਾਂ ਬਾਰੇ ਉਨ੍ਹਾਂ ਦੀ ਅਗਵਾਈ ਕਰੇਗਾ । ਟਿਊਟਰ ਦਾ ਆਪਣੇ ਗਰੁੱਪ ਦੇ ਹਰ ਇੱਕ ਵਿਦਿਆਰਥੀ ਨਾਲ ਨੇੜੇ ਦਾ ਸੰਪਰਕ ਹੋਵੇਗਾ ।
3) ਟਿਊਟੋਰੀਅਲ ਗਰੁੱਪ ਮੀਟਿੰਗਜ਼ ਲੋੜ ਮੁਤਾਬਿਕ ਹੋਣਗੀਆਂ ।
4) ਸੀਨੀਅਰ ਟਿਊਟਰ ਸਾਰੇ ਗਰੁੱਪਾਂ ਵਿੱਚ ਤਾਲਮੇਲ ਰੱਖੇਗਾ ।
5) ਟਿਊਟਰ ਆਪਣੇ ਗਰੁੱਪਾਂ ਦੇ ਵਿਦਿਆਰਥੀਆਂ ਦੀ ਉੱਨਤੀ ਦਾ ਰਿਕਾਰਡ ਰੱਖੇਗਾ । ਉਹ ਉਹਨਾਂ ਦੇ ਚਰਿੱਤਰ ਸਰਟੀਫ਼ਿਕੇਟ ਤੋਂ ਇਲਾਵਾ ਉਹਨਾਂ ਦੀ ਵਿੱਦਿਅਕ ਉੱਨਤੀ ਰਿਪੋਰਟ ਤੇ ਵੀ ਰਾਇ ਦੇਵੇਗਾ ।
6) ਟਿਊਟੋਰੀਅਲ ਗਰੁੱਪ ਵਿੱਚ ਗ਼ੈਰਹਾਜ਼ਰੀ ਦਾ ਵਿਸ਼ੇਸ਼ ਜੁਰਮਾਨਾ ਹੋਵੇਗਾ ।
7) ਟਿਊਟੋਰੀਅਲ ਗਰੁੱਪ ਵਾਦ-ਵਿਵਾਦ, ਪੱਤਰ ਪੜ੍ਹਨ ਆਦਿ ਤੋਂ ਇਲਾਵਾ ਪੁਸਤਕਾਲਿਆਂ, ਅਜਾਇਬ ਘਰ ਅਤੇ ਹੋਰ ਵਿੱਦਿਅਕ ਥਾਵਾਂ ਦੇਖਾਉਣ ਦਾ ਵੀ ਪ੍ਰਬੰਧ ਕਰਨਗੇ ।

ਲਾਇਬਰੇਰੀ ਅਤੇ ਸ਼ਨਾਖਤੀ ਕਾਰਡ ਦੇ ਨਿਯਮ

ਕਾਲਜ ਪੁਸਤਕਾਲੇ ਵਿੱਚ ਲਗਭਗ 72000 ਪੁਸਤਕਾਂ ਹਨ ਅਤੇ ਲੋੜ ਅਨੁਸਾਰ ਹਰ ਸਾਲ ਖਰੀਦੀਆਂ ਜਾਂਦੀਆਂ ਹਨ । ਇਸ ਤੋਂ ਇਲਾਵਾ ਰੀਡਿੰਗ ਰੂਮ ਵਿੱਚ ਹਰ ਤਰ੍ਹਾਂ ਦੇ ਮਿਆਰੀ ਅਖ਼ਬਾਰ ਅਤੇ ਰਸਾਲੇ ਮੰਗਵਾਏ ਜਾਂਦੇ ਹਨ । ਲੋੜਵੰਦ ਵਿਦਿਆਰਥੀਆਂ ਲਈ ਪੁਸਤਕਾਲੇ ਵਿੱਚ ਪਾਠ-ਪੁਸਤਕ ਵਿਭਾਗ ਵੀ ਹੈ । ਪੁਸਤਕਾਲੇ ਵਿੱਚੋਂ ਪੁਸਤਕਾਂ ਕਢਾਉਣ ਲਈ ਹੇਠ ਲਿਖੇ ਨਿਯਮ ਹਨ:

1. (i) ਹਰ ਕਲਾਸ ਦੇ ਵਿਦਿਆਰਥੀ ਨੂੰ ਇੱਕ ਸਮੇਂ ਦੋ ਪੁਸਤਕਾਂ ਮਿਲ ਸਕਦੀਆਂ ਹਨ ।
(ii) ਆਨਰਜ਼/ਐਮ.ਏ. ਦੇ ਵਿਦਿਆਰਥੀ 5 ਪੁਸਤਕਾਂ ਲੈ ਸਕਦੇ ਹਨ ।
2. ਲਾਇਬਰੇਰੀ ਵਿੱਚੋਂ ਉਧਾਰ ਲਈ ਪੁਸਤਕ ਵੱਧ ਤੋਂ ਵੱਧ 14 ਦਿਨਾਂ ਤੱਕ ਰੱਖੀ ਜਾ ਸਕਦੀ ਹੈ। ਜੇ ਮਿਆਦ ਖਤਮ ਹੋਣ ਤੇ ਪੁਸਤਕ ਵਾਪਿਸ ਨਾ ਕੀਤੀ ਜਾਵੇ ਤਾ 10 ਪੈਸੇ ਪ੍ਰਤੀ ਦਿਨ ਪ੍ਰਤੀ ਪੁਸਤਕ ਜੁਰਮਾਨਾ ਕੀਤਾ ਜਾਵੇਗਾ। ਇਹ ਜੁਰਮਾਨਾ ਮੁਆਫ ਨਹੀਂ ਹੋਵੇਗਾ। ਪੁਸਤਕ ਰੀਨਿਊ ਕਰਾਉਣ ਲਈ ਪੁਸਤਕ ਦਾ ਲਾਇਬਰੇਰੀ ਲਿਆਉਣਾ ਜਰੂਰੀ ਹੈ।
3. ਹਰ ਵਿਦਿਆਰਥੀ ਨੂੰ ਇੱਕ ਸ਼ਨਾਖਤੀ-ਕਮ-ਲਾਇਬਰੇਰੀ ਕਾਰਡ ਦਿੱਤਾ ਜਾਵੇਗਾ । ਕਿਤਾਬ ਲੈਣ ਜਾਂ ਵਾਪਸ ਕਰਨ ਵਾਲੇ ਦਾ ਇੰਦਰਾਜ਼ ਇਸੇ ਕਾਰਡ ਉੱਤੇ ਹੋਵੇਗਾ ਅਤੇ ਇਸ ਵਿੱਚ ਦਰਜ ਹੋਈਆਂ ਸਾਰੀਆਂ ਕਿਤਾਬਾਂ ਲਈ ਵਿਦਿਆਰਥੀ ਖੁਦ ਜ਼ਿੰਮੇਵਾਰ ਹੋਵੇਗਾ ।
4. ਜੇ ਇਹ ਕਾਰਡ ਗੁਆਚ ਜਾਵੇ ਤਾਂ ਲਾਇਬਰੇਰੀ ਮੁੱਖੀ ਨੂੰ ਤੁਰੰਤ ਇਤਲਾਹ ਦੇਣੀ ਚਾਹੀਦੀ ਹੈ ਅਤੇ ਪੁਲਿਸ ਵਿੱਚ ਰਿਪੋਰਟ ਦਰਜ ਕਰਵਾਉਣੀ ਜ਼ਰੂਰੀ ਹੈ। ਇਸ ਦੀ ਕਾਪੀ ਨੋਟਿਸ ਬੋਰਡ ਤੇ ਲਗਾਉਣੀ ਜ਼ਰੂਰੀ ਹੈ ਤਾਂ ਜੋ ਕੋਈ ਹੋਰ ਇਸ ਕਾਰਡ ਦੀ ਦੁਰਵਰਤੋਂ ਨਾ ਕਰ ਸਕੇ। ਨਵਾਂ ਕਾਰਡ ਦਰਜ ਕਰਵਾਈ ਰਿਪੋਰਟ ਦੇ ਅਧਾਰ ਤੇ ਲਾਇਬਰੇਰੀ ਵਿੱਚੋਂ ਫਾਰਮ ਲੈ ਕੇ ਲੋੜੀਂਦੀ ਫ਼ੀਸ ਭਰ ਕੇ ਇੱਕ ਪਾਸਪੋਰਟ ਸਾਇਜ਼ ਦੀ ਨਵੀਂ ਫੋਟੋ ਦੇ ਕੇ ਜਾਰੀ ਕਰਵਾਇਆ ਜਾ ਸਕਦਾ ਹੈ।

5. ਜੇ ਵਿਦਿਆਰਥੀ ਕਾਲਜ ਪੁਸਤਕਾਲੇ ਦੀ ਕਿਤਾਬ ਗੁਆ ਦੇਵੇ ਜਾਂ ਖ਼ਰਾਬ ਕਰ ਦੇਵੇ ਤਾਂ ਉਸ ਨੂੰ ਕਿਤਾਬ ਦਾ ਵਰਤਮਾਨ ਮੁੱਲ ਭਰਨਾ ਪਵੇਗਾ । ਕਿਤਾਬ ਕਿਸੇ ਸੈੱਟ ਜਾਂ ਲੜੀ ਵਿੱਚੋਂ ਗੁਆਚੀ ਜਾਂ ਖ਼ਰਾਬ ਕੀਤੀ ਕਿਤਾਬ ਦੀ ਥਾਂ ਸਮੁੱਚੇ ਸੈੱਟ ਜਾਂ ਲੜੀ ਦਾ ਮੁੱਲ ਭਰਨਾ ਪਵੇਗਾ । ਜੇ ਗੁਆਚੀ ਜਾਂ ਖਰਾਬ ਕੀ ਪੁਸਤਕ ਹੁਣ ਦੁਰਲੱਭ ਹੋ ਗਈ ਹੋਵੇ ਤਾਂ ਉਸ ਦੀ ਕੀਮਤ ਤੇ ਵਿਸ਼ੇਸ਼ ਜੁਰਮਾਨਾ ਭਰਨਾ ਪਵੇਗਾ ।

6. ਲਾਇਬਰੇਰੀ ਸਕਿਉਰਟੀ ਕਾਲਜ ਛੱਡਣ ਤੋਂ ਕੇਵਲ ਇੱਕ ਸਾਲ ਦੇ ਅੰਦਰ-ਅੰਦਰ ਵਾਪਿਸ ਲਈ ਜਾ ਸਕਦੀ ਹੈ । ਇਸ ਤੋਂ ਬਾਅਦ ਇਹ ਰਕਮ ਜ਼ਬਤ ਜਾਵੇਗੀ ।

7. ਲਾਇਬਰੇਰੀ ਅਤੇ ਰੀਡਿੰਗ ਰੂਮ ਵਿੱਚ ਚੁੱਪ ਰਹਿਣਾ ਅਤੇ ਮਰਿਆਦਾ ਕਾਇਮ ਰੱਖਣਾ ਜ਼ਰੂਰੀ ਹੈ । ਮਰਿਆਦਾ ਭੰਗ ਕਰਨ ਵਾਲੇ ਨੂੰ ਜੁਰਮਾਨਾ ਕੀਤਾ ਸਕਦਾ ਹੈ ਜਾਂ ਉਸ ਤੋਂ ਕੁੱਝ ਸਮੇਂ ਲਈ ਪੁਸਤਕਾਲੇ ਦੇ ਮਿਲੇ ਅਧਿਕਾਰ ਖੋਹੇ ਜਾ ਸਕਦੇ ਹਨ ।

8. ਕਾਲਜ ਦੇ ਹਰ ਵਿਦਿਆਰਥੀ ਕੋਲ ਰੋਜਾਨਾ ਸ਼ਨਾਖਤੀ-ਕਮ-ਲਾਇਬਰੇਰੀ ਕਾਰਡ ਹੋਣਾ ਜ਼ਰੂਰੀ ਹੈ। ਇਸ ਕਾਰਡ ਦੀ ਅਣਹੋਂਦ ਦੀ ਹਾਲਤ ਵਿੱ ਵਿਦਿਆਰਥੀ ਨੂੰ ਜੁਰਮਾਨਾ ਵੀ ਕੀਤਾ ਜਾ ਸਕਦਾ ਹੈ ।

9. ਲਾਇਬਰੇਰੀ ਤੋਂ "ਕੁੱਝ ਬਕਾਇਆ ਨਹੀਂ" (No dues) ਲੈਣ ਵੇਲੇ ਇਹ ਕਾਰਡ ਰੱਦ ਕਰ ਦਿੱਤਾ ਜਾਵੇਗਾ। ਪ ਵਿਦਿਆਰਥੀ ਲਈ ਇਹ ਜ਼ਰੂਰੀ ਹੋਵੇਗਾ ਕਿ ਇਹ ਰੱਦ ਕੀਤਾ ਸ਼ਨਾਖਤੀ ਕਾਰਡ ਫੋਟੋ ਸਮੇਤ ਸੰਭਾਲ ਕੇ ਰੱਖਣ, ਕਿਉਂਕਿ ਇਸ ਕਾਰਡ ਤੋਂ ਬਗੈਰ ਕਾਲ ਮੈਗਜ਼ੀਨ, ਲਾਇਬਰੇਰੀ ਸਿਕਿਉਰਿਟੀ ਅਤੇ ਯੂਨੀਵਰਸਿਟੀ ਕੁੱਲ ਅੰਕ ਸਰਟੀਫ਼ਿਕੇਟ ਆਦਿ ਨਹੀਂ ਦਿੱਤੇ ਜਾਣਗੇ ਅਤੇ ਯੂਨੀਵਰਸਿਟੀ ਪ੍ਰੀਖਿਆ ਵਿੱ ਬੈਠਣ ਵੀ ਨਹੀਂ ਦਿੱਤਾ ਜਾਵੇਗਾ ।

10. ਇਹ ਕਾਰਡ ਕਿਸੇ ਵੀ ਅਧਿਕਾਰੀ ਵੱਲੋਂ ਮੰਗਣ ਤੇ ਵਿਖਾਉਣਾ ਅਤਿ ਜ਼ਰੂਰੀ ਹੋਵੇਗਾ। ਇਹ ਕਾਰਡ ਸਮੈਸਟਰ ਪ੍ਰੀਖਿਆ ਦੌਰਾਨ ਵੀ ਵਿਦਿਆਰਥੀ ਨੂੰ ਆਪਣੇ ਪਾਸ ਰੱਖਣਾ ਜਰੂਰੀ ਹੈ ।

ਪੁਰਸਕਾਰਾਂ ਲਈ ਨਿਯਮ

ਜ਼ਰੂਰੀ ਨੋਟ :

ੳ) ਕਾਲਜ ਪੁਰਸਕਾਰ ਲਈ ਕੇਵਲ ਉਨ੍ਹਾਂ ਵਿਦਿਆਰਥੀਆਂ ਨੂੰ ਹੀ ਵਿਚਾਰਿਆ ਜਾਵੇਗਾ, ਜਿਨ੍ਹਾਂ ਨੇ ਕਿਸੇ ਵੀ ਖੇਤਰ ਵਿੱਚ ਪ੍ਰਿੰਸੀਪਲ ਦੀ ਆਗਿਆ ਨਾਲ ਹੀ ਕਾਲਜ ਦੀ ਪ੍ਰਤੀਨਿਧਤਾ, ਸਰਕਾਰ ਜਾਂ ਯੂਨੀਵਰਸਿਟੀ ਤੋਂ ਪ੍ਰਮਾਣਿਤ ਮੁਕਾਬਲਿਆਂ ਆਦਿ ਵਿੱਚ ਕੀਤੀ ਹੋਵੇ ।

ਅ) ਜਦੋਂ ਕਿਸੇ ਵੀ ਵਿਦਿਆਰਥੀ ਨੂੰ ਕੋਈ ਸਨਮਾਨ ਦਿੱਤਾ ਜਾਂਦਾ ਹੈ, ਉਸ ਸਮੇਂ ਸਬੰਧਤ ਵਿਦਿਅਰਥੀ ਦਾ ਕਾਲਜ ਰੋਲ ਤੇ ਹੋਣਾ ਜ਼ਰੂਰੀ ਹੈ । ਇਸ ਲਈ ਸਾਰੇ ਪੁਰਸਕਾਰ ਦਫਤਰ ਤੋਂ ਤਸਦੀਕ ਹੋਣੇ ਜ਼ਰੂਰੀ ਹਨ ।

ੲ) ਨਿੱਜੀ ਪੱਧਰ ਤੇ ਪ੍ਰਾਈਵੇਟ ਮੁਕਾਬਲਿਆਂ ਜਾਂ ਯੂਨੀਵਰਸਿਟੀ/ਵਿਭਾਗ/ਸਰਕਾਰ ਤੋਂ ਗੈਰ ਪ੍ਰਮਾਣਿਤ ਮੁਕਾਬਲਿਆਂ ਆਦਿ ਦੇ ਅਧਾਰ ਤੇ ਇਹ ਪੁਰਸਕਾਰ ਨਹੀਂ ਦਿੱਤੇ ਜਾਣਗੇ।

ਨਿਯਮ :

1. ਵਿਦਿਆਰਥੀਆਂ ਦੀਆਂ ਅਕਾਦਮਿਕ, ਖੇਡਾਂ ਤੇ ਸੱਭਿਆਚਾਰਕ ਸਰਗਰਮੀਆਂ ਵਿੱਚ ਉਤਸ਼ਾਹ ਵਧਾਉਣ ਲਈ ਅਤੇ ਉਹਨਾਂ ਦੇ ਵਿਅਕਤੀਗਤ ਅਤੇ ਸਰਬਪੱਖੀ ਵਿਕਾਸ ਲਈ ਉਹਨਾਂ ਨੂੰ ਉਪਰੋਕਤ ਤਿੰਨ ਖੇਤਰਾਂ ਵਿੱਚ ਇਨਾਮ ਦਿੱਤੇ ਜਾਂਦੇ ਹਨ ।

2. ਇਹ ਇਨਾਮ ਸਬੰਧਤ ਇੰਚਾਰਜ ਦੀ ਸਿਫ਼ਾਰਿਸ਼ ਤੇ ਪ੍ਰਿੰਸੀਪਲ ਸਾਹਿਬ ਵੱਲੋਂ ਮਿਲੀ ਪ੍ਰਵਾਨਗੀ ਪਿੱਛੋਂ ਦਿੱਤੇ ਜਾਣਗੇ। ਅਜਿਹੀ ਸਿਫ਼ਾਰਿਸ਼ ਵਿਦਿਆਰਥੀ ਦੁਆਰਾ ਭਿੰਨ-ਭਿੰਨ ਖੇਤਰਾਂ ਵਿੱਚ ਹਾਸਲ ਕੀਤੀਆਂ ਪ੍ਰਾਪਤੀਆਂ ਉਪਰੰਤ ਹੀ ਦਿੱਤੀ ਜਾਵੇਗੀ ਅਤੇ ਇਨਾਮ ਨਿਯਮਾਂ ਅਨੁਸਾਰ ਅਤੇ ਪ੍ਰਿੰਸੀਪਲ ਸਾਹਿਬ ਦੁਆਰਾ ਨਿਸ਼ਚਿਤ ਕੀਤੀ ਕਮੇਟੀ ਦੁਆਰਾ ਜਾਂਚ ਪੜਤਾਲ ਮਗਰੋਂ ਦਿੱਤੇ ਜਾਣਗੇ । ਇਨਾਮ ਪ੍ਰਾਪਤੀ ਦੇ ਇੱਛੁਕ ਵਿਦਿਆਰਥੀ ਨੂੰ ਇਨਾਮ ਦੇ ਹੱਕਦਾਰ ਬਣਨ ਲਈ ਯੋਗ ਅਧਿਕਾਰੀ ਦੁਆਰਾ ਜਾਰੀ ਕੀਤੀਆਂ ਗਈਆਂ ਮੌਲਿਕ ਸਰਤਾਂ ਪੂਰੀਆਂ ਕਰਨੀਆਂ ਹੋਣਗੀਆਂ ।

3. ਇਹ ਸਾਰੇ ਇਨਾਮ ਇਸ ਸੂਰਤ ਵਿੱਚ ਮਿਲਣਗੇ ਕਿ ਵਿਦਿਆਰਥੀ ਨੇਕ ਚਲਣੀ ਅਤੇ ਚੰਗੇ ਵਿਹਾਰ ਵਾਲੇ ਹੋਣ। ਵਿਦਿਆਰਥੀ ਅਨੁਸ਼ਾਸਨਹੀਣਤਾ ਕਰਕੇ ਜੁਰਮਾਨਾ ਜਾਂ ਤਾੜਨਾ ਹੋਣ ਕਾਰਨ ਕਿਸੇ ਵੀ ਕਿਸਮ ਦੇ ਇਨਾਮ ਦਾ ਹੱਕਦਾਰ ਨਹੀਂ ਹੋਵੇਗਾ । ਇਨ੍ਹਾਂ ਗੱਲਾਂ ਦੀ ਤਸਦੀਕ ਸਬੰਧਤ ਸਰਗਰਮੀਆਂ ਇੰਚਾਰਜ਼ ਅਤੇ ਟਿਊਟਰਾਂ ਦੁਆਰਾ ਕੀਤੀ ਜਾਵੇਗੀ ਅਤੇ ਪ੍ਰਿੰਸੀਪਲ ਸਾਹਿਬ ਦੁਆਰਾ ਪ੍ਰਵਾਨਗੀ ਦਿੱਤੀ ਜਾਵੇਗੀ ।

4. ਉਹ ਵਿਦਿਆਰਥੀ ਕਦੀ ਵੀ ਕਾਲਜ ਦੇ ਕਿਸੇ ਵੀ ਇਨਾਮ ਦਾ ਹੱਕਦਾਰ ਨਹੀਂ ਹੋਵੇਗਾ ਜਿਹੜਾ ਬੋਰਡ ਜਾਂ ਯੂਨੀਵਰਸਿਟੀ ਦੀਆਂ ਪ੍ਰੀਖਿਆਵਾਂ ਵਿੱਚ ਅਯੋਗ ਵਸੀਲੇ (Unfair Means) ਵਰਤਣ ਦਾ ਦੋਸ਼ੀ ਹੋਵੇਗਾ ।

5. ਹਰ ਖੇਤਰ ਨਾਲ ਸੰਬੰਧਿਤ ਇਨਾਮ ਕੇਵਲ ਉਸੇ ਵਿਦਿਆਰਥੀ ਨੂੰ ਦਿੱਤੇ ਜਾਣਗੇ ਜਿਹੜਾ ਕਾਲਜ ਦੁਆਰਾ ਲਈਆਂ ਗਈਆਂ ਪ੍ਰੀਖਿਆਵਾਂ ਵਿੱਚ ਆਪਣੇ ਸਾਰੇ ਵਿਸ਼ਿਆਂ ਦੇ ਇਮਤਿਹਾਨ ਦੇਵੇਗਾ ਅਤੇ ਜਿਹੜਾ ਯੂਨੀਵਰਸਿਟੀ ਦੇ ਸਮੈਸਟਰ ਇਮਤਿਹਾਨ ਵਿੱਚ ਕਾਲਜ ਦੇ ਬਾਕਾਇਦਾ ਰੈਗੂਲਰ (Regular) ਵਿਦਿਆਰਥੀ ਦੇ ਰੂਪ ਵਿੱਚ ਬੈਠਣ ਯੋਗ ਹੋਵੇਗਾ ।

6. ਕੇਵਲ ਸ਼੍ਰੇਣੀ ਜਾਂ ਸਰਗਰਮੀਆਂ ਵਿੱਚ ਸੀਨੀਆਰਤਾ (Seniority ਕਲਾਸ/ਜਨਮ ਮਿਤੀ ਦੀ) ਹੀ ਕਿਸੇ ਇਨਾਮ ਦਾ ਹੱਕਦਾਰ ਬਣਾਵੇਗੀ । ਕਿਸੇ ਵੀ ਇਨਾਮ ਦੇ ਹੱਕਦਾਰ ਹੋਣ ਲਈ ਅਕਾਦਮਿਕ, ਖੇਡਾਂ ਅਤੇ ਸੱਭਿਆਚਾਰਕ ਸਰਗਰਮੀਆਂ ਵਿੱਚੋਂ ਕਿਸੇ ਸਰਗਰਮੀ ਵਿੱਚ ਅਮਲੀ ਭਾਗ ਲੈ ਕੇ ਜੇਤੂ ਹੋਣਾ ਜ਼ਰੂਰੀ ਹੈ ।

7. ਕਿਸੇ ਵੀ ਆਇਟਮ ਵਿੱਚ ਵਿਦਿਆਰਥੀ ਨੂੰ ਕਾਲਜ ਵਿੱਚ ਪੜ੍ਹਾਈ ਦੇ ਦੌਰਾਨ ਇੱਕ ਵਾਰੀ ਹੀ ਕਲਰ ਦਿੱਤਾ ਜਾਵੇਗਾ । ਜੇ ਕੋਈ ਵਿਦਿਆਰਥੀ ਉਸ ਆਈਟਮ ਵਿੱਚ ਮੁੜ ਕਾਲਜ ਕਲਰ ਪ੍ਰਾਪਤ ਕਰਨ ਦੇ ਯੋਗ ਹੋ ਜਾਵੇ ਤਾਂ ਪਹਿਲੇ ਕਾਲਜ ਕਲਰ ਨੂੰ ਰਿਨਿਊ (Renew) ਕੀਤਾ ਜਾਵੇਗਾ ।

8. ਰੋਲ ਆਫ਼ ਆਨਰ ਪ੍ਰਾਪਤ ਕਰਨ ਵਾਲੇ ਨੂੰ ਕਾਲਜ ਕਲਰ ਸਰਟੀਫਿਕੇਟ ਵੀ ਦਿੱਤਾ ਜਾਵੇਗਾ ।

ਵਿੱਦਿਅਕ ਰੋਲ ਆਫ਼ ਆਨਰ

ਵਿਦਿਅਕ ਰੋਲ ਆਫ਼ ਆਨਰ ਦੀ ਪੁਸਤਕ ਵਿੱਚ ਹਸਤਾਖਰ ਕਰਨ ਦਾ ਮਾਣ ਉਸ ਵਿਦਿਆਰਥੀ ਨੂੰ ਪ੍ਰਾਪਤ ਹੋਵੇਗਾ ਜਿਸ ਨੇ :-

1. ਕਿਸੇ ਸ਼੍ਰੇਣੀ ਵਿੱਚ ਕਾਲਜ ਵਿਦਿਆਰਥੀ ਦੇ ਨਾਤੇ ਯੂਨੀਵਰਸਿਟੀ ਦੀ ਪ੍ਰੀਖਿਆ ਵਿੱਚ ਪਾਸ ਹੋ ਕੇ ਪਹਿਲੇ 10 ਸਥਾਨਾਂ ਵਿੱਚੋਂ ਕੋਈ ਸਥਾਨ ਪ੍ਰਾਪਤ ਕੀਤਾ ਹੋਵੇ ।
2. ਬੀ. ਏ. ਆਨਰਜ਼ ਦੇ ਕਿਸੇ ਵਿਸ਼ੇ ਵਿੱਚ ਯੂਨੀਵਰਸਿਟੀ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ ਹੋਵੇ ।
3. ਕਿਸੇ ਕੋਰਸ ਦੇ ਕਿਸੇ ਵਿਸ਼ੇ ਵਿੱਚ ਯੂਨੀਵਰਸਿਟੀ ਮੈਡਲ ਪ੍ਰਾਪਤ ਕਰਕੇ ਸਮੁੱਚੀ ਯੂਨੀਵਰਸਿਟੀ ਵਿੱਚ ਪਹਿਲਾ ਸਥਾਨ ਪ੍ਰਾਪਤ ਕਰਨ ਵਾਲੇ ਨੂੰ ।

ਵਿੱਦਿਅਕ ਕਾਲਜ ਕਲਰ

ਇਹ ਇਨਾਮ ਉਨ੍ਹਾਂ ਵਿਦਿਆਰਥੀਆਂ ਨੂੰ ਦਿੱਤਾ ਜਾਵੇਗਾ ਜੋ ਯੂਨੀਵਰਸਿਟੀ ਦੀ ਪ੍ਰੀਖਿਆ ਦੇ ਅਧਾਰ ਤੇ ਛਪੀ ਮੈਰਿਟ ਵਿੱਚ ਪਹਿਲੇ 10 ਸਥਾਨਾਂ ਨੂੰ ਛੱਡ ਕੇ ਕੋਈ ਪੁਜ਼ੀਸ਼ਨ ਹਾਸਲ ਕਰਨ ਜਾਂ ਕਿਸੇ ਆਨਰਜ਼ ਵਿਸ਼ੇ ਵਿੱਚ ਯੂਨੀਵਰਸਿਟੀ ਵਿੱਚ ਦੂਜਾ ਜਾਂ ਤੀਸਰਾ ਸਥਾਨ ਪ੍ਰਾਪਤ ਕਰਨ ।

ਯੂਨੀਵਰਸਿਟੀ ਪ੍ਰੀਖਿਆ ਦੇ ਅਧਾਰ ਤੇ ਇਨਾਮ

1. ਇਸ ਕਾਲਜ ਦੇ ਵਿਦਿਆਰਥੀਆਂ ਵਿੱਚੋਂ ਯੂਨੀਵਰਸਿਟੀ ਦੀ ਕਿਸੇ ਸ਼੍ਰੇਣੀ ਦੀ ਪ੍ਰੀਖਿਆ ਵਿੱਚ ਆਪਣੇ ਕਾਲਜ ਵਿੱਚ ਪਹਿਲਾ ਅਤੇ ਦੂਜਾ ਸਥਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਇਨਾਮ ਦਿੱਤਾ ਜਾਵੇਗਾ । ਅਗਰ ਐਗਰੀਗੇਟ ਤੋਂ ਇਲਾਵਾ ਕੋਈ ਦੂਜਾ ਵਿਦਿਆਰਥੀ ਇੱਕ ਸਾਲ (ਚਾਲੂ ਵਰ੍ਹੇ) ਦੇ ਜੋੜ ਵਿੱਚੋਂ ਉਪਰੋਕਤ ਵਿਦਿਆਰਥੀ ਤੋਂ ਵੱਧ ਨੰਬਰ ਲੈਂਦਾ ਹੈ ਤਾਂ ਉਸਨੂੰ ਵੀ ਇਨਾਮ ਦਿੱਤਾ ਜਾਵੇਗਾ ।
2. ਕਿਸੇ ਵੀ ਸ਼੍ਰੇਣੀ ਵਿੱਚ ਇਨਾਮ ਪ੍ਰਾਪਤ ਕਰਨ ਲਈ ਵਿਦਿਆਰਥੀ ਨੇ ਘੱਟੋ-ਘੱਟ 60% ਅੰਕ ਜ਼ਰੂਰ ਪ੍ਰਾਪਤ ਕੀਤੇ ਹੋਣ ।

ਵਿੱਦਿਅਕ ਲੇਡੀ ਕੌਲਾ ਇਨਾਮ

ਲੇਡੀ ਕੌਲਾ ਇਨਾਮ ਵਿਦਿਆਰਥਣਾਂ ਨੂੰ ਪ੍ਰੋਤਸਾਹਨ ਦੇਣ ਲਈ ਜੀਂਦ ਰਿਆਸਤ ਦੇ ਭੂਤ-ਪੂਰਵ ਮੁੱਖ ਮੰਤਰੀ ਕੌਲਾ ਸਾਹਿਬ ਨੇ ਆਪਣੀ ਪਤਨੀ ਦੇ ਨਾਂ ਸ਼ੁਰੂ ਕੀਤੇ ਸਨ । ਇਹ ਇਨਾਮ ਕਾਲਜ ਦੀਆਂ ਵਿਦਿਆਰਥਣਾਂ ਵਿੱਚੋਂ ਬੋਰਡ/ਯੂਨੀਵਰਸਿਟੀ ਦੇ ਇਮਤਿਹਾਨਾਂ ਵਿੱਚ ਕਾਲਜ ਵਿੱਚੋਂ ਕੇਵਲ ਪਹਿਲਾ ਸਥਾਨ ਪ੍ਰਾਪਤ ਕਰਨ ਤੇ ਉਹਨਾਂ ਵਿਦਿਆਰਥਣਾਂ ਨੂੰ ਦਿੱਤੇ ਜਾਂਦੇ ਹਨ ਜਿਹਨਾਂ ਨੇ ਘੱਟੋ-ਘੱਟ 50% ਅੰਕ ਪ੍ਰਾਪਤ ਕੀਤੇ ਹੋਣ ਅਤੇ ਉਸ ਕਲਾਸ ਵਿੱਚ ਵਿਦਿਆਰਥਣਾਂ ਦੀ ਗਿਣਤੀ 5 ਤੋਂ ਘੱਟ ਨਾ ਹੋਵੇ ।

ਪ੍ਰੋ. ਬੀ. ਐੱਸ. ਗੋਇਲ ਮੈਮੋਰੀਅਲ ਵਿੱਦਿਅਕ ਅਵਾਰਡ

ਇਹ ਅਵਾਰਡ ਇਸ ਕਾਲਜ ਦੇ ਸਵਰਗੀ ਪ੍ਰੋ. ਬੀ. ਐੱਸ. ਗੋਇਲ ਇਕਨਾਮਿਕਸ ਵਿਭਾਗ ਦੇ ਪਰਿਵਾਰ ਵੱਲੋਂ ਉਸ ਵਿਦਿਆਰਥੀ ਨੂੰ ਦਿੱਤਾ ਜਾਂਦਾ ਹੈ ਜੋ ਬੀ. ਏ. ਭਾਗ ਤੀਜਾ ਅਤੇ ਬੀ.ਕਾਮ. ਭਾਗ ਤੀਜਾ ਦੀ ਸਾਲਾਨਾ/ਸਮੈਸਟਰ ਯੂਨੀਵਰਸਿਟੀ ਪ੍ਰੀਖਿਆ ਵਿੱਚ ਇਕਨਾਮਿਕਸ ਦੇ ਵਿਸ਼ੇ ਵਿੱਚ ਕਾਲਜ ਵਿੱਚ ਅੱਵਲ ਰਹੇ ਅਤੇ ਇਕਨਾਮਿਕਸ ਵਿਸ਼ੇ ਵਿੱਚ ਘੱਟੋ-ਘੱਟ 50% ਅੰਕ ਪ੍ਰਾਪਤ ਕਰੇ ।

ਸ਼੍ਰੀ ਬੰਤ ਰਾਮ ਲੱਡੇ ਵਿੱਦਿਅਕ ਵਜ਼ੀਫ਼ਾ

ਇਹ ਵਜ਼ੀਫ਼ਾ ਕਾਲਜ ਦੇ ਉਹਨਾਂ ਦੋ ਵਿਦਿਆਰਥੀਆਂ ਨੂੰ ਦਿੱਤਾ ਜਾਵੇਗਾ ਜੋ ਪੜ੍ਹਾਈ ਵਿੱਚ ਵੀ ਚੰਗੇ ਹੋਣ ਤੇ ਜਿਨ੍ਹਾਂ ਦੀ ਮਾਲੀ ਹਾਲਤ ਵੀ ਵਜ਼ੀਫ਼ੇ ਦੀਆਂ ਸ਼ਰਤਾਂ ਪੂਰੀਆਂ ਕਰਦੀ ਹੋਵੇ । ਅਜਿਹੇ ਵਿਦਿਆਰਥੀਆਂ ਦੀ ਚੋਣ ਇੱਕ ਵਿਸ਼ੇਸ਼ ਕਮੇਟੀ ਤੇ ਪ੍ਰਿੰਸੀਪਲ ਰਾਹੀਂ ਕੀਤੀ ਜਾਵੇਗੀ ।

ਇੰਜ. ਆਦਰਸ਼ ਕੁਮਾਰ ਮੈਮੋਰੀਅਲ ਵਿੱਦਿਅਕ ਅਵਾਰਡ

ਇਹ ਇਨਾਮ ਉਸ ਵਿਦਿਆਰਥੀ ਨੂੰ ਦਿੱਤਾ ਜਾਵੇਗਾ ਜੋ ਪੰਜਾਬੀ ਯੂਨੀਵਰਸਿਟੀ ਦੀ ਸਮੈਸਟਰ ਪ੍ਰੀਖਿਆ ਵਿੱਚ ਬੀ. ਐਸ. ਸੀ. ਭਾਗ ਤੀਜਾ ਵਿੱਚੋਂ ਕਾਲਜ ਵਿੱਚ ਅੱਵਲ ਰਿਹਾ ਹੋਵੇ ।

'ਪ੍ਰੇਮ ਅਮੀਰ' ਮੈਮੋਰੀਅਲ ਵਿੱਦਿਅਕ ਅਵਾਰਡ

ਇਹ ਇਨਾਮ ਸ਼੍ਰੀ ਅਨਿਲ ਚੰਦਰ ਦੱਤ ਅਤੇ ਉਨ੍ਹਾਂ ਦੇ ਭੈਣਾਂ, ਭਰਾਵਾਂ ਜੋ ਇਸ ਕਾਲਜ ਦੇ ਵਿਦਿਆਰਥੀ ਰਹੇ ਹਨ, ਵੱਲੋਂ ਆਪਣੇ ਸਵਰਗੀ ਮਾਤਾ, ਪਿਤਾ ਦੀ ਯਾਦ ਵਿੱਚ ਉਨ੍ਹਾਂ ਹੋਣਹਾਰ ਵਿਦਿਆਰਥੀਆਂ ਨੂੰ ਦਿੱਤਾ ਜਾਂਦਾ ਹੈ ਜਿੰਨ੍ਹਾਂ ਨੇ ਬੀ. ਏ./ ਬੀ. ਐੱਸਸੀ./ ਬੀ. ਕਾਮ. ਭਾਗ ਤੀਜਾ/ ਐੱਮ.ਏ.ਭਾਗ ਦੂਜਾ ਦੀ ਸਾਲਾਨਾ/ਸਮੈਸਟਰ ਯੂਨੀਵਰਸਿਟੀ ਪ੍ਰੀਖਿਆ ਵਿੱਚ ਇਸ ਕਾਲਜ ਵਿੱਚੋਂ ਪਹਿਲਾ ਸਥਾਨ ਪ੍ਰਾਪਤ ਕੀਤਾ ਹੋਵੇ ।

'ਮੁਨੀਸ਼ ਬਾਂਸਲ' ਮੈਮੋਰੀਅਲ ਵਿੱਦਿਅਕ ਅਵਾਰਡ

ਮੁਨੀਸ਼ ਬਾਂਸਲ ਦੇ ਮਾਤਾ ਪਿਤਾ ਵੱਲੋਂ ਉਸ ਦੀ ਯਾਦ ਵਿੱਚ ਉਨ੍ਹਾਂ ਵਿਦਿਆਰਥੀਆਂ ਨੂੰ ਦਿੱਤਾ ਜਾਂਦਾ ਹੈ ਜੋ ਯੂਨੀਵਰਸਿਟੀ ਦੀ ਸਾਲਾਨਾ/ਸਮੈਸਟਰ ਪ੍ਰੀਖਿਆ ਵਿੱਚੋਂ ਬੀ.ਕਾਮ. I, II, ਅਤੇ III ਵਿੱਚ ਇਸ ਕਾਲਜ ਵਿੱਚੋਂ ਅੱਵਲ ਰਹੇ ਹੋਣ ।

ਗਿਆਨੀ ਨਰਿੰਦਰ ਸਿੰਘ ਮੈਮੋਰੀਅਲ ਅਕਾਦਮਿਕ ਅਵਾਰਡ

ਇਹ ਵਿੱਦਿਅਕ ਅਵਾਰਡ ਇਸ ਕਾਲਜ ਦੇ ਪੁਰਾਣੇ ਅਤੇ ਹੋਣਹਾਰ ਵਿਦਿਆਰਥੀ ਗਿਆਨੀ ਨਰਿੰਦਰ ਸਿੰਘ ਜ਼ਿਲ੍ਹਾ ਲੋਕ ਸੰਪਰਕ ਅਫ਼ਸਰ, ਸੰਗਰੂਰ ਜੀ ਦੀ ਯਾਦ ਵਿੱਚ ਉਨ੍ਹਾਂ ਦੇ ਪਰਿਵਾਰ ਵੱਲੋਂ ਉਸ ਵਿਦਿਆਰਥੀ ਨੂੰ ਦਿੱਤਾ ਜਾਵੇਗਾ ਜਿਸ ਨੇ ਯੂਨੀਵਰਸਿਟੀ ਦੀ ਸਾਲਾਨਾ/ਸਮੈਸਟਰ ਪ੍ਰੀਖਿਆ ਵਿੱਚ ਬੀ. ਏ. ਭਾਗ ਤੀਜਾ ਵਿੱਚ ਪੰਜਾਬੀ ਸਾਹਿਤ ਦੇ ਵਿਸ਼ੇ ਵਿੱਚ ਸਭ ਤੋਂ ਵੱਧ ਅੰਕ ਪ੍ਰਾਪਤ ਕੀਤੇ ਹੋਣ ।

ਪ੍ਰੋ. ਆਰ.ਡੀ.ਅਗਰਵਾਲ ਮੈਮੋਰੀਅਲ ਅਵਾਰਡ

ਇਹ ਅਵਾਰਡ ਲੇਟ(ਰਿਟਾ.) ਪ੍ਰੋ. ਆਰ.ਡੀ.ਅਗਰਵਾਲ ਦੇ ਪਰਿਵਾਰ ਵੱਲੋਂ ਅੰਗਰੇਜ਼ੀ ਸਹਿਤ ਵਿਸ਼ੇ ਵਿੱਚੋਂ ਅੱਵਲ ਆਉਣ ਵਾਲੇ ਵਿਦਿਆਰਥੀ ਨੂੰ ਦਿੱਤਾ ਜਾਵੇਗਾ ।

ਹੰਸ ਰਾਜ ਮੈਮੋਰੀਅਲ ਅਵਾਰਡ

ਇਹ ਅਵਾਰਡ (ਰਿਟਾ.) ਪ੍ਰੋ: ਡੀ.ਡੀ.ਪਾਲ ਵੱਲੋਂ ਆਪਣੇ ਪਿਤਾ ਜੀ ਦੀ ਯਾਦ ਵਿੱਚ ਬੀ.ਐੱਸਸੀ. ਭਾਗ ਪਹਿਲਾ, ਦੂਜਾ ਅਤੇ ਤੀਜੇ ਦੀ ਯੂਨੀਵਰਸਿਟੀ ਪ੍ਰੀਖਿਆ ਵਿਚੋਂ ਜੁਆਲੋਜੀ ਵਿਸ਼ੇ ਵਿੱਚ ਅੱਵਲ ਆਉਣ ਵਾਲੇ ਵਿਦਿਆਰਥੀ ਨੂੰ ਦਿੱਤਾ ਜਾਵੇਗਾ ।

ਡਾ. ਸੁਨੀਤਾ ਯਾਦਗਾਰੀ ਇਨਾਮ

ਇਹ ਇਨਾਮ ਡਾ. ਸੁਨੀਤਾ (ਲੈਕਚਰਾਰ ਹਿੰਦੀ) ਦੀ ਯਾਦ ਵਿੱਚ ਉਨ੍ਹਾਂ ਦੇ ਪਰਿਵਾਰ ਵੱਲੋਂ ਬੀ.ਏ. ਭਾਗ ਪਹਿਲਾ, ਦੂਜਾ ਅਤੇ ਤੀਜੇ ਦੀ ਯੂਨੀਵਰਸਿਟੀ ਪ੍ਰੀਖਿਆ ਵਿੱਚ ਹਿੰਦੀ ਵਿਸ਼ੇ ਵਿੱਚ ਅੱਵਲ ਆਉਣ ਵਾਲੇ ਵਿਦਿਆਰਥੀ ਨੂੰ ਦਿੱਤਾ ਜਾਵੇਗਾ ।

ਭਗਤ ਪੂਰਨ ਸਿੰਘ ਸਮਾਜ ਸੇਵਾ ਅਵਾਰਡ

ਇਹ ਅਵਾਰਡ ਇਸ ਕਾਲਜ ਦੇ ਪੁਰਾਣੇ ਵਿਦਿਆਰਥੀ ਕੈਪਟਨ ਨਰਿੰਦਰ ਸਿੰਘ ਭੱਠਲ ਵੱਲੋਂ ਹਰ ਸਾਲ ਇੱਕ ਲੜਕੇ ਅਤੇ ਇੱਕ ਲੜਕੀ ਨੂੰ ਉੱਤਮ ਸਮਾਜ ਸੇਵਾ ਲਈ ਦਿੱਤਾ ਜਾਵੇਗਾ । ਵਿਦਿਆਰਥੀ ਦੀ ਚੋਣ ਪ੍ਰਿੰਸੀਪਲ ਸਾਹਿਬ ਦੀ ਪ੍ਰਧਾਨਗੀ ਹੇਠ, ਉਨ੍ਹਾਂ ਵੱਲੋਂ ਗਠਿਤ ਤਿੰਨ ਮੈਂਬਰੀ ਕਮੇਟੀ ਕਰੇਗੀ।

ਸ੍ਰ. ਖ਼ਜਾਨ ਸਿੰਘ ਬੱਟੂ ਯਾਦਗਾਰੀ ਲਿੰਗੁਇਸਟਿਕ ਅਵਾਰਡ

ਇਹ ਅਵਾਰਡ ਲੇਟ ਮੇਜਰ ਮਨਮੋਹਨ ਸਿੰਘ ਬੱਟੂ ਅਤੇ ਉਹਨਾਂ ਦੇ ਪਰਿਵਾਰ ਵੱਲੋਂ ਆਪਣੇ ਪਿਤਾ ਸ੍ਰ. ਖ਼ਜਾਨ ਸਿੰਘ ਬੱਟੂ ਦੀ ਯਾਦ ਵਿੱਚ ਬੀ. ਏ. ਭਾਗ ਤੀਜਾ (ਲਿਟ.) ਦੇ ਅੰਗਰੇਜ਼ੀ, ਪੰਜਾਬੀ ਅਤੇ ਹਿੰਦੀ ਭਾਸ਼ਾਵਾਂ ਅਤੇ ਐੱਮ. ਏ. ਭਾਗ ਦੂਜਾ ਦੇ ਅੰਗਰੇਜ਼ੀ ਅਤੇ ਪੰਜਾਬੀ ਭਾਸ਼ਾਵਾਂ ਦੇ ਪ੍ਰਤਿਭਾਵਾਨ ਵਿਦਿਆਰਥੀਆਂ ਨੂੰ ਹਰ ਸਾਲ ਦਿੱਤਾ ਜਾਵੇਗਾ, ਜਿਨ੍ਹਾਂ ਦੀ ਚੋਣ ਪ੍ਰਿੰਸੀਪਲ ਸਾਹਿਬ ਵੱਲੋਂ ਗਠਿਤ ਕਮੇਟੀ ਕਰੇਗੀ ।

ਸ਼੍ਰੀਮਤੀ ਮਨਜੀਤ ਕੌਰ ਸੇਖੋਂ ਮੈਮੋਰੀਅਲ ਵਿਦਿਅਕ ਅਵਾਰਡ

ਇਹ ਇਨਾਮ ਮਨਜੀਤ ਕੌਰ ਸੇਖੋਂ ਦੇ ਪਤੀ ਸ.ਸ.ਸ. ਸੇਖੋਂ ਵੱਲੋਂ ਉਨ੍ਹਾਂ ਦੀ ਯਾਦ ਵਿੱਚ ਉਨ੍ਹਾਂ ਵਿਦਿਆਰਥੀਆਂ ਨੂੰ ਦਿੱਤਾ ਜਾਂਦਾ ਹੈ, ਜੋ ਯੂਨੀਵਰਸਿਟੀ ਪ੍ਰੀਖਿਆ ਦੌਰਾਨ ਇਸ ਕਾਲਜ ਵਿੱਚੋਂ ਬੀ.ਏ. ਭਾਗ ਤੀਜਾ, ਅੰਗਰੇਜ਼ੀ ਸਾਹਿਤ, ਬੀ.ਕਾਮ ਭਾਗ ਤੀਜਾ, ਬੀ.ਐੱਸਸੀ. ਭਾਗ ਤੀਜਾ (ਮੈਡੀਕਲ ਅਤੇ ਨਾਨ-ਮੈਡੀਕਲ) ਵਿੱਚੋਂ ਅੱਵਲ ਰਹਿਣਗੇ।

ਡਾ. ਸੁਖਜੀਤ ਸਿੰਘ ਚਹਿਲ ਵੱਲੋਂ ਦਿੱਤੀ ਜਾਣ ਵਾਲੀ ਮਾਲੀ ਸਹਾਇਤਾ

ਡਾ. ਸੁਖਜੀਤ ਸਿੰਘ ਚਹਿਲ, ਐੱਮ.ਐੱਸ., NRI ਵੱਲੋਂ ਅਕਾਦਮਿਕ ਸੈਸ਼ਨ 2016-17 ਤੋਂ ਅਤਿਅੰਤ ਲੋੜ ਵਾਲੇ ਵਿਦਿਆਰਥੀ/ਵਿਦਿਆਰਥਣ (ਜਿੰਨ੍ਹਾਂ ਦੇ ਮਾਤਾ ਪਿਤਾ ਨਹੀ) ਨੂੰ ਇੱਕ ਗਠਿਤ ਕਮੇਟੀ ਰਾਹੀਂ ਚੋਣ ਕਰਕੇ ਬਣਦੀ ਮਾਲੀ ਸਹਾਇਤਾ ਦਿੱਤੀ ਜਾਵੇਗੀ।

ਸੂਬੇਦਾਰ ਮੇਜਰ ਕਰਤਾਰ ਸਿੰਘ ਧਾਲੀਵਾਲ ਮੈਮੋਰੀਅਲ ਕਲਚਰਲ ਅਵਾਰਡ

ਇਹ ਇਨਾਮ ਪ੍ਰੋ. ਡਾ. ਸੁਰਿੰਦਰ ਕੌਰ ਧਾਲੀਵਾਲ ਵੱਲੋਂ ਆਪਣੇ ਪਿਤਾ ਸਵ. ਸੂਬੇਦਾਰ ਮੇਜਰ ਕਰਤਾਰ ਸਿੰਘ ਧਾਲੀਵਾਲ ਦੀ ਯਾਦ ਵਿੱਚ ਸੱਭਿਆਚਾਰਕ ਗਤੀਵਿਧੀਆਂ ਦੇ ਅਧਾਰ ਤੇ 'ਸਰਵੋਤੱਮ ਕਲਾਕਾਰ ਲੜਕੀ' ਅਤੇ 'ਸਰਵੋਤੱਮ ਕਲਾਕਾਰ ਲੜਕਾ' ਨੂੰ ਦਿੱਤਾ ਜਾਵੇਗਾ।

ਰਣਬੀਰ ਐਲੂਮਨੀ ਕਲੱਬ ਅਵਾਰਡ:

ਇਹ ਅਵਾਰਡ ਇਸ ਕਾਲਜ ਦੇ ਪੁਰਾਣੇ ਵਿਦਿਆਰਥੀਆਂ ਦੀ ਰਜਿਸਟਰਡ ਕਲੱਬ ਵੱਲੋਂ ਮੌਜੂਦਾ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਲਈ ਦਿੱਤੇ ਜਾਂਦੇ ਹਨ, ਜਿਨ੍ਹਾਂ ਦਾ ਵੇਰਵਾ ਨਿਮਨਲਿਖਤ ਅਨੁਸਾਰ ਹੈ :

ੳ. ਸਰਵੋਤਮ ਅਕਾਦਮਿਕ ਅਵਾਰਡ: ਉਸ ਵਿਦਿਆਰਥੀ ਨੂੰ ਦਿੱਤਾ ਜਾਵੇਗਾ ਜਿਸਨੇ ਯੂਨੀਵਰਸਿਟੀ ਦੀ ਪਿਛਲੀ ਸਮੈਸਟਰ ਪ੍ਰੀਖਿਆ ਦੀਆਂ ਸਾਰੀਆਂ ਕਲਾਸਾਂ ਦੀਆਂ ਮੈਰਿਟ ਸੂਚੀਆਂ ਵਿੱਚੋਂ ਸਭ ਤੋਂ ਉੱਚਾ ਸਥਾਨ ਪ੍ਰਾਪਤ ਕੀਤਾ ਹੋਵੇ, ਬਰਾਬਰ ਹੋਣ ਦੀ ਸੂਰਤ ਵਿੱਚ ਸੀਨੀਅਰ ਵਿਦਿਆਰਥੀ ਦਾ ਹੱਕ ਹੋਵੇਗਾ।

ਅ. ਸਰਵੋਤਮ ਖਿਡਾਰੀ ਅਵਾਰਡ: ਉਸ ਵਿਦਿਆਰਥੀ ਨੂੰ ਦਿੱਤਾ ਜਾਵੇਗਾ । ਜਿਸਨੇ ਹੇਠ ਲਿਖੇ ਮਾਪ-ਦੰਡਾਂ ਅਨੁਸਾਰ ਸਭ ਤੋਂ ਵੱਧ ਅੰਕ ਪ੍ਰਾਪਤ ਕੀਤੇ ਹੋਣ

ੳ)	ਅੰਤਰ ਰਾਸ਼ਟਰੀ ਖੇਡ ਪ੍ਰਤਿਯੋਗਤਾ ਵਿੱਚ ਸੋਨੇ ਦਾ ਤਮਗਾ	- 10 ਅੰਕ
ਅ)	ਅੰਤਰ ਰਾਸ਼ਟਰੀ ਖੇਡ ਪ੍ਰਤਿਯੋਗਤਾ ਵਿੱਚ ਚਾਂਦੀ ਦਾ ਤਮਗਾ	- 08 ਅੰਕ
ੲ)	ਅੰਤਰ ਰਾਸ਼ਟਰੀ ਖੇਡ ਪ੍ਰਤਿਯੋਗਤਾ ਵਿੱਚ ਕਾਂਸੀ ਦਾ ਤਮਗਾ	- 07 ਅੰਕ
ਸ)	ਅੰਤਰ ਰਾਸ਼ਟਰੀ ਖੇਡ ਪ੍ਰਤਿਯੋਗਤਾ ਵਿੱਚ ਭਾਗ ਲਿਆ ਹੋਵੇ ਜਾਂ ਨੈਸ਼ਨਲ ਪੱਧਰ ਤੇ ਪਹਿਲਾ ਸਥਾਨ	- 06 ਅੰਕ
ਹ)	ਨੈਸ਼ਨਲ ਪੱਧਰ ਤੇ ਦੂਜਾ ਜਾਂ ਅੰਤਰਵਰਸਿਟੀ ਪੱਧਰ ਤੇ ਪਹਿਲਾ	- 05 ਅੰਕ
ਕ)	ਨੈਸ਼ਨਲ ਪੱਧਰ ਤੇ ਭਾਗ ਲਿਆ/ਅੰਤਰ ਵਰਸਿਟੀ ਤੇ ਦੂਜਾ ਸਥਾਨ/ ਪੰਜਾਬ ਰਾਜ ਓਪਨ ਟੂਰਨਾਮੈਂਟ ਵਿੱਚ ਪਹਿਲਾ ਸਥਾਨ	- 04 ਅੰਕ
ਖ)	ਅੰਤਰ ਵਰਸਿਟੀ ਵਿੱਚ ਭਾਗ ਲਿਆ/ਪੰਜਾਬ ਰਾਜ ਓਪਨ ਟੂਰਨਾਮੈਂਟ ਵਿੱਚ ਦੂਜਾ ਸਥਾਨ/ਯੂਨੀਵਰਸਿਟੀ ਟੂਰਨਾਮੈਂਟ ਵਿੱਚ ਪਹਿਲਾ ਸਥਾਨ	- 03 ਅੰਕ
ਗ)	ਯੂਨੀਵਰਸਿਟੀ ਵਿੱਚ ਦੂਜਾ ਸਥਾਨ	- 02 ਅੰਕ

ਏ) ਸਰਵੋਤਮ ਸਰਵਪੱਖੀ ਅਵਾਰਡ:

ਉਸ ਵਿਦਿਆਰਥੀ ਨੂੰ ਦਿੱਤਾ ਜਾਵੇਗਾ ਜਿਸਨੇ ਇੱਕ ਵਰ੍ਹੇ ਦੌਰਾਨ ਤਿੰਨਾਂ ਖੇਤਰਾਂ (ਅਕਾਦਮਿਕ, ਖੇਡਾਂ ਅਤੇ ਕੋਕਰੀਕੁਲਰ) ਵਿੱਚੋਂ ਕਿਸੇ ਦੋ ਖੇਤਰਾਂ ਵਿੱਚ ਰੋਲ ਆਫ਼ ਆਨਰ/ਕਾਲਜ ਕਲਰ ਪ੍ਰਾਪਤ ਕੀਤਾ ਹੋਵੇ ਅਤੇ ਇਸਦੇ ਨਾਲ ਹੀ

ੳ) ਉਸੇ ਸਾਲ ਅਕਾਦਮਿਕ ਖੇਤਰ ਵਿੱਚ ਯੂਨੀਵਰਸਿਟੀ ਦੀ ਸਾਲਾਨਾ ਪ੍ਰੀਖਿਆ ਦੇ ਕੁੱਲ ਜੋੜ ਵਿੱਚੋਂ ਘੱਟੋ-ਘੱਟ 60% ਅੰਕ ਪ੍ਰਾਪਤ ਕੀਤੇ ਹੋਣ ।

ਜਾਂ

ਅ) ਕੋਕਰੀਕੁਲਰ ਸਰਗਰਮੀਆਂ ਦੇ ਅਧਾਰ ਤੇ 10 ਅੰਕ ਪ੍ਰਾਪਤ ਕੀਤੇ ਹੋਣ ਜਾਂ

ੲ) ਯੂਨੀਵਰਸਿਟੀ/ਪੰਜਾਬ ਰਾਜ ਓਪਨ ਟੂਰਨਾਮੈਂਟ ਵਿੱਚ ਖੇਡਣ ਵਾਲੇ ਮੈਂਬਰ ਦੇ ਤੌਰ ਤੇ ਭਾਗ ਲਿਆ ਹੋਵੇ । ਪੁਜੀਸ਼ਨ ਫਸਟ, ਸੈਕਿੰਡ,

ਕੰਵਰ ਮਹਿੰਦਰ ਸਿੰਘ ਬੇਦੀ ਸਰਬਪੱਖੀ ਇਨਾਮ:

ਇਹ ਇਨਾਮ ਸੰਗਰੂਰ ਦੇ ਸਾਬਕਾ ਡਿਪਟੀ ਕਮਿਸ਼ਨਰ ਕੰਵਰ ਮਹਿੰਦਰ ਸਿੰਘ ਬੇਦੀ ਵੱਲੋਂ ਵਿਦਿਆਰਥੀ ਦੇ ਇੱਕ ਸਾਲ ਦੌਰਾਨ ਤਿੰਨਾਂ ਖੇਤਰਾਂ (ਵਿੱਦਿਅਕ, ਸੱਭਿਆਚਾਰਕ ਅਤੇ ਖੇਡਾਂ) ਵਿੱਚ ਕੁਸ਼ਲਤਾ ਦੇ ਆਧਾਰ ਤੇ ਹੇਠ ਲਿਖੇ (Criteria) ਅਨੁਸਾਰ ਘੱਟੋ-ਘੱਟ 12 ਅੰਕ ਪ੍ਰਾਪਤ ਕਰਨ ਵਾਲੇ ਵਿਦਿਆਰਥੀ ਨੂੰ ਦਿੱਤਾ ਜਾਵੇਗਾ । ਰੋਲ ਆਫ਼ ਆਨਰ 5 ਅੰਕ, ਕਾਲਜ ਕਲਰ 3 ਅੰਕ, ਸਾਲਾਨਾ/ਸਮੈਸਟਰ ਯੂਨੀਵਰਸਿਟੀ/ਬੋਰਡ ਪ੍ਰੀਖਿਆ ਵਿੱਚੋਂ ਆਪਣੀ ਕਲਾਸ ਵਿੱਚੋਂ ਅੱਵਲ 2 ਅੰਕ, ਗ੍ਰਹਿ ਪ੍ਰੀਖਿਆ ਦੇ ਐਗਰੀਗੇਟ ਚੋਂ ਫਸਟ-1 ਅੰਕ, ਕੋਕਰੀਕੁਲਰ ਸਰਗਰਮੀ ਮੈਰਿਟ ਸਰਟੀਫ਼ਿਕੇਟ 1/2 ਅੰਕ ਅਤੇ ਵਿਸ਼ੇ ਵਿੱਚੋਂ ਫਸਟ 1/2 ਅੰਕ ।

ਸਰਬਪੱਖੀ ਰੋਲ ਆਫ਼ ਆਨਰ:

ਉਸ ਵਿਦਿਆਰਥੀ ਨੂੰ ਸਰਬਪੱਖੀ ਰੋਲ ਆਫ ਆਨਰ (All Round College Roll of Honour) ਦਿੱਤਾ ਜਾਵੇਗਾ ਜੋ ਅਕਾਦਮਿਕ, ਖੇਡਾਂ ਅਤੇ ਕੋਕਰੀਕੁਲਰ ਸਰਗਰਮੀਆਂ ਵਿੱਚੋਂ ਹਰ ਇੱਕ ਵਿੱਚ ਕਾਲਜ ਕਲਰ/ਰੋਲ ਆਫ਼ ਆਨਰ ਪ੍ਰਾਪਤ ਕਰ ਲਵੇ। ਇਹ ਸਰਵਪੱਖੀ ਰੋਲ ਆਫ਼ ਆਨਰ ਆਪਣੇ ਇਸ ਕਾਲਜ ਦੇ ਅਧਿਐਨ ਕਾਲ ਵਿੱਚ ਕਦੇ ਵੀ ਹਾਸਲ ਕਰ ਸਕਦਾ ਹੈ ।

ਕੋਕਰੀਕੁਲਰ ਲੇਡੀ ਕੌਲਾ ਇਨਾਮ:

ਇਥੇ ਖੇਡਾ ਵਾਲੇ ਵਿਦਿਆਰਥੀ ਇਹ ਇਨਾਮ ਸਰਵੋਤਮ ਨਿਸ਼ਾਨੇਬਾਜ਼ ਲੜਕੀ, ਅੰਗਰੇਜ਼ੀ, ਹਿੰਦੀ ਤੇ ਪੰਜਾਬੀ ਦੀ ਸਰਵੋਤਮ ਵਕਤਾ ਲੜਕੀ, ਸੰਗੀਤ ਮੁਕਾਬਲੇ ਵਿੱਚ ਪਹਿਲੇ ਇਨਾਮ ਦੀ ਜੇਤੂ ਲੜਕੀ, ਡਰਾਮੇ ਜਾਂ ਮੋਨੋਐਕਟਿੰਗ ਵਿੱਚ ਸਰਵੋਤਮ ਕਲਾ ਪ੍ਰਦਰਸ਼ਨ ਕਰਨ ਵਾਲੀ ਲੜਕੀ, ਗਰੁੱਪ ਡਾਂਸ ਦੀ ਸਰਵੋਤਮ ਕਲਾਕਾਰ ਲੜਕੀ ਅਤੇ ਸਰਵੋਤਮ ਰੰਗੋਲੀ ਜਾਂ ਫਲਾਵਰ ਅਰੇਂਜਮੈਂਟ ਕਰਨ ਵਾਲੀ ਲੜਕੀ ਨੂੰ ਦਿੱਤਾ ਜਾਂਦਾ ਹੈ

ਖੇਡਾਂ ਦਾ ਲੇਡੀ ਕੌਲਾ ਇਨਾਮ:

ਇਹ ਇਨਾਮ ਸਰਵੋਤਮ ਲੜਕੀ ਐਥਲੀਟ ਨੂੰ ਸਾਲਾਨਾ ਖੇਡ ਸਮਾਰੋਹ ਦੇ ਅਧਾਰ ਤੇ ਦਿੱਤਾ ਜਾਵੇਗਾ ।

ਖੇਡ ਇਨਾਮਾਂ ਲਈ ਨਿਯਮ:

1) ਕਿਸੇ ਕਿਸਮ ਦਾ ਸਪੋਰਟਸ ਅਵਾਰਡ ਵਿਦਿਆਰਥੀ ਦੀ ਟੀਮ ਵਿੱਚ ਸੀਨੀਆਰਟੀ ਦੇ ਅਧਾਰ ਤੇ ਦਿੱਤਾ ਜਾਵੇਗਾ ।
2) ਸਮਾਨ ਸੀਨੀਆਰਟੀ ਦੀ ਹਾਲਤ ਵਿੱਚ ਇਹ ਅਵਾਰਡ ਵਿਦਿਆਰਥੀ ਦੀ ਯੂਨੀਵਰਸਿਟੀ ਟੂਰਨਾਂਮੈਂਟ ਵਿੱਚ ਖੇਡ ਕੁਸ਼ਲਤਾ(Performance) ਦੇ ਅਧਾਰ ਤੇ ਦਿੱਤਾ ਜਾਵੇਗਾ ।
3) ਇੱਕੋ ਜਿਹੀ ਕੁਸ਼ਲਤਾ (Performance) ਦੀ ਹਾਲਤ ਵਿੱਚ ਅਵਾਰਡ ਕਲਾਸਾਂ ਦੀ ਸੀਨੀਆਰਟੀ ਦੇ ਅਧਾਰ ਤੇ ਦਿੱਤੇ ਜਾਣਗੇ ।
4) ਇੱਕ ਕਲਾਸ ਹੋਣ ਦੀ ਹਾਲਤ ਵਿੱਚ ਵੱਡੀ ਉਮਰ ਵਾਲੇ ਵਿਦਿਆਰਥੀ ਨੂੰ ਅਵਾਰਡ ਦਿੱਤਾ ਜਾਵੇਗਾ। ਜੇ ਦੋਵੇਂ ਵਿਦਿਆਰਥੀ ਕਾਲਜ ਦੇ ਅਖੀਰਲੇ ਸਾ ਵਿੱਚ ਹੋਣ ਤਾਂ ਅਵਾਰਡ ਦੋਵਾਂ ਨੂੰ ਹੀ ਦਿੱਤਾ ਜਾਵੇਗਾ ।
5) ਟੀਮ ਦੇ ਉਹਨਾਂ ਖਿਡਾਰੀਆਂ ਨੂੰ ਹੀ ਇਨਾਮ ਦਿੱਤਾ ਜਾਵੇਗਾ ਜੋ ਅਸਲ ਰੂਪ ਵਿੱਚ ਮੈਦਾਨ ਵਿੱਚ ਖੇਡੇ ਹੋਣ ।
6) ਪ੍ਰਤੀਸ਼ਤਤਾ ਟੀਮ ਦੀ ਪੂਰੀ ਗਿਣਤੀ ਤੇ ਲਾਗੂ ਹੋਵੇਗੀ । 0.5 ਜਾਂ ਇਸ ਤੋਂ ਵੱਧ ਅੰਕ ਨੂੰ ਅਗਲਾ ਪੂਰਾ ਅੰਕ ਗਿਣਿਆ ਜਾਵੇਗਾ ।
7) ਯੂਨੀਵਰਸਿਟੀ/ਸਰਕਾਰ ਤੋਂ ਗੈਰ ਪ੍ਰਮਾਣਿਤ ਜਾਂ ਪ੍ਰਾਈਵੇਟ /ਓਪਨ ਮੁਕਾਬਲਿਆਂ ਦੇ ਅਧਾਰ ਤੇ ਇਹ ਇਨਾਮ ਨਹੀਂ ਦਿੱਤੇ ਜਾਣਗੇ ।

ਖੇਡਾਂ ਦਾ ਰੋਲ ਆਫ਼ ਆਨਰ:

ਰੋਲ ਆਫ਼ ਆਨਰ ਦੀ ਪੁਸਤਕ ਵਿੱਚ ਉਨ੍ਹਾਂ ਖਿਡਾਰੀਆਂ ਨੂੰ ਹਸਤਾਖ਼ਰ ਕਰਨ ਦਾ ਮਾਣ ਪ੍ਰਾਪਤ ਹੋਵੇਗਾ ਜੋ:

1) ਅੰਤਰ ਯੂਨੀਵਰਸਿਟੀ/ਸੀਨੀਅਰ ਤੇ ਜੂਨੀਅਰ ਨੈਸ਼ਨਲ ਮੁਕਾਬਲਿਆਂ ਵਿੱਚ ਭਾਗ ਲੈ ਰਹੀ ਟੀਮ ਦੇ ਮੈਂਬਰ ਹੋਣ ਅਤੇ ਉਹ ਟੀਮ ਪਹਿਲਾ, ਦੂਜਾ ਸਥਾਨ ਪ੍ਰਾਪਤ ਕਰੇ ਜਾਂ ਉਪਰੋਕਤ ਮੁਕਾਬਲਿਆਂ ਵਿੱਚ ਵਿਅਕਤੀਗਤ ਤੌਰ ਤੇ ਪਹਿਲਾ, ਦੂਜਾ ਸਥਾਨ ਪ੍ਰਾਪਤ ਕਰੇ ।
2) ਅੰਤਰ ਯੂਨੀਵਰਸਿਟੀ/ਯੂਨੀਵਰਸਿਟੀ/ਸਟੇਟ ਮੁਕਾਬਲਿਆਂ ਵਿੱਚ ਨਵਾਂ ਰਿਕਾਰਡ ਕਾਇਮ ਕਰਨ ।
3) ਯੂਨੀਵਰਸਿਟੀ/ਸਟੇਟ ਟੀਮ ਦੇ ਕਪਤਾਨ ਚੁਣੇ ਜਾਣ ਤੇ ।
4) ਭਾਰਤ ਦੀ ਕਿਸੇ ਵੀ ਟੀਮ ਵਿੱਚ ਅੰਤਰ-ਰਾਸ਼ਟਰੀ ਪੱਧਰ ਤੇ ਪ੍ਰਤੀਨਿੱਧਤਾ ਕਰਨ ਵਾਲੇ ਨੂੰ ।
5) ਆਲ ਇੰਡੀਆ ਨੈਸ਼ਨਲ/ਅੰਤਰ ਯੂਨੀਵਰਸਿਟੀ ਖੇਡ ਮੁਕਾਬਲੇ ਵਿੱਚ ਭਾਗ ਲਿਆ ਹੋਵੇ ਅਤੇ ਉਹ ਖਿਡਾਰੀ ਲਗਾਤਾਰ ਦੂਜੀ ਵਾਰ ਕਾਲਜ ਵੱਲੋਂ ਕਾਲਜ/ਸਟੇਟ ਮੁਕਾਬਲੇ ਵਿੱਚ ਭਾਗ ਲੈ ਚੁੱਕਾ ਹੋਵੇ ।

ਖੇਡਾਂ ਦਾ ਕਾਲਜ ਕਲਰ:

ਨਿਮਨ ਲਿਖਤ ਨਿਯਮਾਂ ਦੇ ਆਧਾਰ ਤੇ ਕਾਲਜ ਕਲਰ ਦਿੱਤਾ ਜਾਵੇਗਾ:

1) ਜ਼ੋਨ ਵਿੱਚ ਜੇਤੂ ਟੀਮ ਦੇ 10% ਖਿਡਾਰੀਆਂ ਨੂੰ ।

2) ਯੂਨੀਵਰਸਿਟੀ ਦੀ ਰਨਰਜ਼-ਅਪ ਟੀਮ ਦੇ 50% ਖਿਡਾਰੀਆਂ ਨੂੰ ।

3) ਯੂਨੀਵਰਸਿਟੀ ਦੀ ਪਹਿਲੇ ਸਥਾਨ ਦੀ ਜੇਤੂ ਟੀਮ ਦੇ 100% ਖਿਡਾਰੀਆਂ ਨੂੰ ।

4) ਯੂਨੀਵਰਸਿਟੀ ਅਥਲੈਟਿਕਸ ਮੀਟ ਮੁਕਾਬਲਿਆਂ ਵਿੱਚ (ਜਿਹੜੀਆਂ ਐਸੋਸੀਏਸ਼ਨਾਂ ਨੂੰ ਸਰਕਾਰ ਵੱਲੋਂ ਮਾਨਤਾ ਮਿਲੀ ਹੋਵੇ) ਪਹਿਲੀ, ਦੂਜੀ ਅਤੇ ਤੀਜੀ ਪੁਜ਼ੀਸ਼ਨ ਪ੍ਰਾਪਤ ਕਰਨ 'ਤੇ ਕਾਲਜ ਕਲਰ ਦਿੱਤਾ ਜਾਵੇਗਾ ਬਸ਼ਰਤੇ ਉਸ ਖਿਡਾਰੀ ਨੇ ਪ੍ਰਿੰਸੀਪਲ ਦੀ ਆਗਿਆ ਨਾਲ ਭਾਗ ਲਿਆ ਹੋਵੇ ।

5) ਕਾਲਜ ਦੇ ਸਰਵੋਤਮ ਖਿਡਾਰੀ/ਖਿਡਾਰਨ ਨੂੰ ਸਾਲਾਨਾ ਖੇਡ ਸਮਾਰੋਹ ਦੇ ਅਧਾਰ ਤੇ ।

6) ਵਿਅਕਤੀਗਤ ਖੇਡ ਮੁਕਾਬਲਿਆਂ ਵਿੱਚ ਪਹਿਲੀ, ਦੂਜੀ ਅਤੇ ਤੀਜੀ ਪੁਜੀਸ਼ਨ ਹਾਸਲ ਕਰਨ ਵਾਲੇ ਨੂੰ ।

7) ਸਟੇਟ ਜਾਂ ਨੈਸ਼ਨਲ ਰਾਈਫਲ ਐਸੋਸੀਏਸ਼ਨ ਜਾਂ ਐੱਨ. ਸੀ. ਸੀ. ਗਰੁੱਪ ਵੱਲੋਂ ਕਰਵਾਏ ਗਏ ਸ਼ੂਟਿੰਗ ਕੰਪੀਟੀਸ਼ਨ ਵਿੱਚ ਪਹਿਲੀ ਅਤੇ ਦੂਜੀ ਪੁਜ਼ੀਸ਼ਨ ਲੈਣ ਵਾਲੇ ਖਿਡਾਰੀ ਨੂੰ ।

8) ਕਿਸੇ ਵੀ ਖੇਡ ਵਿੱਚ ਪੰਜਾਬੀ ਯੂਨੀਵਰਸਿਟੀ ਟੀਮ ਦਾ ਮੈਂਬਰ ਹੋਵੇ ।

ਕੋਕਰੀਕੁਲਰ/ਸਹਿ-ਵਿੱਦਿਅਕ ਸਰਗਰਮੀਆਂ ਦੇ ਨਿਯਮ

1. ਹੇਠ ਲਿਖੀਆਂ ਕੋਕਰੀਕੁਲਰ ਸਰਗਰਮੀਆਂ ਵੱਖ-ਵੱਖ ਇਨਾਮਾਂ ਲਈ ਨਿਸ਼ਚਿਤ ਕੀਤੀਆਂ ਗਈਆਂ ਹਨ:
   (ੳ) ਯੂਨੀਵਰਸਿਟੀ ਫੈਸਟੀਵਲ ਦੇ ਜ਼ੋਨਲ ਅਤੇ ਅੰਤਰ ਜ਼ੋਨਲ ਮੁਕਾਬਲਿਆਂ ਵਿਚਲੀਆਂ ਸਾਰੀਆਂ ਆਈਟਮਾਂ ਅਤੇ ਕਿਸੇ ਵੀ ਅੰਤਰ ਕਾਲਜ ਮੁਕਾਬਲੇ ਤੇ ਅਧਾਰਿਤ ।
   (ਅ) ਐੱਨ. ਸੀ. ਸੀ. ਦੇ ਅਧਾਰ ਤੇ (ੲ) ਐੱਨ. ਐੱਸ. ਐੱਸ. ਦੇ ਅਧਾਰ ਤੇ (ਸ) ਰੈੱਡ ਕਰਾਸ ਦੇ ਅਧਾਰ ਤੇ

2. ਕਿਸੇ ਵਿਦਿਆਰਥੀ ਜਾਂ ਟੀਮ ਦੀ ਪ੍ਰਾਪਤੀ ਤਾਂ ਹੀ ਵਿਚਾਰੀ ਜਾਵੇਗੀ ਜੇ ਉਹ ਅੰਤਰ ਕਾਲਜ ਮੁਕਾਬਲਾ ਕਿਸੇ ਭਾਰਤੀ ਯੂਨੀਵਰਸਿਟੀ ਦੇ ਮਨਜ਼ੂਰ ਸ਼ੁਦਾ ਕਾਲਜ ਜਾਂ ਭਾਸ਼ਾ ਵਿਭਾਗ, ਪੰਜਾਬ ਵੱਲੋਂ ਕੀਤਾ ਗਿਆ ਹੋਵੇ ।

3. ਪ੍ਰਤੀਸ਼ਤਤਾ ਟੀਮ ਦੀ ਪੂਰੀ ਗਿਣਤੀ ਤੇ ਲਾਗੂ ਹੋਵੇਗੀ । 0.5 ਜਾਂ ਇਸ ਤੋਂ ਵੱਧ ਅੰਕ ਨੂੰ ਅਗਲਾ ਪੂਰਾ ਅੰਕ ਗਿਣਿਆ ਜਾਵੇਗਾ ।

ਕੋਕਰੀਕੁਲਰ ਰੋਲ ਆਫ਼ ਆਨਰ:

ਕੋਕਰੀਕੁਲਰ ਰੋਲ ਆਫ਼ ਆਨਰ ਦੀ ਪੁਸਤਕ ਵਿੱਚ ਹਸਤਾਖ਼ਰ ਕਰਨ ਦਾ ਮਾਣ ਹੇਠ ਲਿਖੇ ਵਿਦਿਆਰਥੀ ਨੂੰ ਪ੍ਰਾਪਤ ਹੋਵੇਗਾ:

1. ਅੰਤਰ ਯੂਨੀਵਰਸਿਟੀ ਯੂਥ ਫੈਸਟੀਵਲ ਵਿੱਚ ਵਿਅਕਤੀਗਤ ਤੌਰ ਤੇ ਪਹਿਲਾ, ਦੂਜਾ ਸਥਾਨ ਪ੍ਰਾਪਤ ਕਰਨ ਵਾਲੇ ਨੂੰ ।
2. ਅੰਤਰ ਯੂਨੀਵਰਸਿਟੀ ਯੂਥ ਫੈਸਟੀਵਲ ਦੀ ਟੀਮ ਦੇ ਉਸ ਮੈਂਬਰ ਨੂੰ ਜਿਸ ਨੇ ਉਪਰੋਕਤ ਮੁਕਾਬਲੇ ਵਿੱਚ ਪਹਿਲਾ, ਦੂਜਾ ਸਥਾਨ ਪ੍ਰਾਪਤ ਕੀਤਾ ਹੋਵੇ ।
3. ਕੋਕਰੀਕੁਲਰ ਸਰਗਰਮੀਆਂ ਦੇ ਅਧਾਰ ਤੇ ਘੱਟੋ-ਘੱਟ 25 ਪੁਆਇੰਟ ਲੈਣ ਵਾਲੇ ਨੂੰ ।
4. ਐੱਨ.ਸੀ.ਸੀ. ਕੈਡਿਟ /ਐੱਨ.ਐੱਸ.ਐੱਸ. ਵਲੰਟੀਅਰ ਨੂੰ ਜਿਸ ਨੇ ਦਿੱਲੀ ਵਿੱਚ ਹੋਣ ਵਾਲੇ ਰਿਪਬਲਿਕ ਡੇ ਕੈਂਪ ਜਾਂ ਪ੍ਰੇਡ ਵਿੱਚ ਭਾਗ ਲਿਆ ਹੋਵੇ ਜਾਂ ਅੰਤਰ ਰਾਸ਼ਟਰੀ ਪੱਧਰ ਤੇ ਯੂਥ ਐਕਸਚੇਂਜ ਪ੍ਰੋਗਰਾਮ ਵਿੱਚ ਭਾਗ ਲਿਆ ਹੋਵੇ ।
5. ਉਹ ਵਿਦਿਆਰਥੀ ਜਿਸਨੇ ਭਾਰਤ/ਰਾਜ ਸਰਕਾਰ/ਯੂਨੀਵਰਸਿਟੀ ਦੁਆਰਾ ਭੇਜੇ ਗਏ ਕਿਸੇ ਅੰਤਰ ਰਾਸ਼ਟਰੀ ਪੱਧਰ ਦੇ ਮੁਕਾਬਲੇ ਵਿੱਚ ਹਿੱਸਾ ਲਿਆ ਹੋਵੇ ਅਤੇ ਕਾਲਜ ਪ੍ਰਿੰਸੀਪਲ ਤੋਂ ਪ੍ਰਵਾਨਗੀ ਪ੍ਰਾਪਤ ਕੀਤੀ ਹੋਵੇ ।
6. ਐੱਨ. ਐੱਸ. ਐੱਸ. ਦੇ ਸਰਬ ਹਿੰਦ/ਅੰਤਰ ਰਾਜ/ਅੰਤਰ ਯੂਨੀਵਰਸਿਟੀ ਵਿੱਚ ਲਾਏ ਕੈਂਪ ਦੌਰਾਨ ਕਰਵਾਏ ਮੁਕਾਬਲਿਆਂ ਵਿੱਚ ਪਹਿਲਾ ਜਾਂ ਦੂਜਾ ਸਥਾਨ ਪ੍ਰਾਪਤ ਕਰਨ ਵਾਲੇ ਨੂੰ ਜਾਂ ਸਰਵੋਤਮ ਕੈਂਪਰ ਐਲਾਨੇ ਵਿਦਿਆਰਥੀ ਨੂੰ ਜਾਂ ਯੂਨੀਵਰਸਿਟੀ ਜਾਂ ਰਾਜ ਪੱਧਰੀ ਯੁਵਕ ਸੇਵਾਵਾਂ ਦੇ ਬੈਸਟ ਕੈਂਪਰ ਨੂੰ ਯੂਨੀਵਰਸਿਟੀ ਬੈਸਟ ਵਲੰਟੀਅਰ ਦਾ ਖਿਤਾਬ ਪ੍ਰਾਪਤ ਕਰਨ ਵਾਲੇ ਵਿਦਿਆਰਥੀ ਨੂੰ ।
7. ਕੌਮੀ ਜਾਂ ਯੂਥ ਰੈੱਡ ਕਰਾਸ ਦੇ ਅੰਤਰ ਸਟੇਟ/ਅੰਤਰ ਯੂਨੀਵਰਸਿਟੀ/ਸਰਬ ਹਿੰਦ ਕੈਂਪ ਜਾਂ ਮੁਕਾਬਲੇ ਵਿੱਚ ਪਹਿਲਾ ਜਾਂ ਦੂਜਾ ਸਥਾਨ ਪ੍ਰਾਪਤ ਕਰਨ ਵਾਲੇ ਵਲੰਟੀਅਰ ਨੂੰ ਜਾਂ ਸਟੇਟ ਰੈੱਡ ਕਰਾਸ ਵੱਲੋਂ ਮੈਡਲ ਪ੍ਰਾਪਤ ਕਰਨ ਵਾਲੇ ਨੂੰ । ਉਪਰੋਕਤ ਦਰਸ਼ਾਏ ਕੈਂਪ ਦੇ ਸਰਵੋਤਮ ਵਲੰਟੀਅਰ ਰਹਿਣ ਵਾਲੇ ਨੂੰ ।

ਕੋਕਰੀਕੁਲਰ ਕਾਲਜ ਕਲਰ ਦੇ ਨਿਯਮ:

1. ਕੋਕਰੀਕੁਲਰ ਕਾਲਜ ਕਲਰ ਉਸ ਵਿਦਿਆਰਥੀ ਨੂੰ ਦਿੱਤਾ ਜਾਵੇਗਾ ਜਿਸ ਨੇ ਯੂਨੀਵਰਸਿਟੀ ਦੇ ਅੰਤਰ ਜ਼ੋਨਲ ਯੂਥ ਫੈਸਟੀਵਲ ਜਾਂ ਭਾਸ਼ਾ ਵਿਭਾਗ ਦੀ ਰਾ
   ਪੱਧਰ ਦੀ ਪ੍ਰਤਿਯੋਗਤਾ ਦੇ ਕਿਸੇ ਵਿਅਕਤੀਗਤ ਆਇਟਮ ਜਾਂ ਗੁਰੱਪ ਆਈਟਮ ਵਿੱਚ ਪਹਿਲਾ, ਦੂਜਾ ਸਥਾਨ ਪ੍ਰਾਪਤ ਕੀਤਾ ਹੋਵੇ ।
2. ਜ਼ੋਨਲ ਯੂਥ ਫੈਸਟੀਵਲ ਦੇ ਜੇਤੂ ਟੀਮ ਦੇ 100% ਅਤੇ ਦੂਸਰੇ ਸਥਾਨ ਵਾਲੀ ਟੀਮ ਦੇ 50% ਸੀਨੀਅਰ ਵਿਦਿਆਰਥੀਆਂ ਨੂੰ ।
3. ਕੋਕਰੀਕੁਲਰ ਸਰਗਰਮੀਆਂ ਦੇ ਅਧਾਰ ਤੇ ਘੱਟੋ-ਘੱਟ 15 ਅੰਕ ਪ੍ਰਾਪਤ ਕਰਨ ਵਾਲੇ ਨੂੰ ।
4. ਐੱਨ.ਐੱਸ.ਐੱਸ. ਦੇ ਕੈਂਪ ਵਿੱਚ ਜੋ ਵਿਦਿਆਰਥੀ ਲਗਾਤਾਰ ਦੋ ਵਾਰ ਬੈਸਟ ਵਲੰਟੀਅਰ ਰਿਹਾ ਹੋਵੇ ਅਤੇ ਘੱਟੋ-ਘੱਟ ਦੋ ਵਾਰ ਖੂਨ ਦਾਨ ਕੀਤਾ ਹੋਵੇ ਅਤੇ (ਸੀ) ਸਰਟੀਫਿਕੇਟ ਪ੍ਰਾਪਤ ਕੀਤਾ ਹੋਵੇ ਉਸਨੂੰ ਕਾਲਜ ਕਲਰ ਦਿੱਤਾ ਜਾਵੇਗਾ।

4. ਕੋਕਰੀਕੁਲਰ ਕਾਲਜ ਕਲਰ ਲਈ ਕਾਲਜ ਪੱਧਰ ਤੇ ਤਿੰਨ ਸੱਤ ਰੋਜਾ ਕੈਂਪ ਲਗਾਏ ਹੋਣ ਤੇ ਅਤੇ ਘੱਟੋ-ਘੱਟ 2 ਵਾਰ ਬੈਸਟ ਵਲੰਟੀਅਰ ਐਲਾਨਿਆ ਗਿਆ ਹੋਵੇ ਅਤੇ 2 ਵਾਰ ਖੂਨਦਾਨ ਕੀਤਾ ਹੋਵੇ। 120 ਘੰਟਿਆਂ ਦੇ ਨਾਲ 100 ਘੰਟੇ ਰੁੱਖਾਂ ਦੀ ਸਾਂਭ ਸੰਭਾਲ, ਸੱਵਛ ਭਾਰਤ ਅਭਿਆਨ, ਪੋਸ਼ਨ ਪਖਵਾੜਾ, ਤੇ ਹੋਰ ਸਮਾਜਿਕ ਕੰਮਾਂ ਨਾਲ ਪੂਰੇ ਹੋਣੇ ਚਾਹੀਦੇ ਹਨ (ਬੀ ਜਾਂ ਸੀ) ਸਰਟੀਫਿਕੇਟ ਪ੍ਰਾਪਤ ਕੀਤਾ ਹੋਵੇ ਜਾਂ ਐੱਨ.ਐੱਸ.ਐੱਸ. ਦੇ ਉਸ ਵਲੰਟੀਅਰ ਨੂੰ ਜਿਸ ਨੇ ਅੰਤਰ-ਵਰਸਿਟੀ ਕੈਂਪ ਵਿੱਚ ਭਾਗ ਲਿਆ ਹੋਵੇ ਅਤੇ ਬੀ ਸਰਟੀਫ਼ਿਕੇਟ ਪ੍ਰਾਪਤ ਕੀਤਾ ਹੋਵੇ ।

5. ਉਹ ਕੈਡਟ ਜੋ ATC ਕੈਂਪ ਵਿੱਚ ਦੋ ਵਾਰ ਬੈਸਟ ਕੈਡੇਟ ਰਿਹਾ ਹੋਵੇ ਅਤੇ ਇੱਕ ਸਾਲ ਸੀਨੀਅਰ ਅੰਡਰ ਅਫ਼ਸਰ ਰਿਹਾ ਹੋਵੇ ਅਤੇ ਬੀ ਸਰਟੀਫ਼ਿਕੇਟ ਪਾਸ ਕੀਤਾ ਹੋਵੇ ਅਤੇ ਸੀ ਸਰਟੀਫਿਕੇਟ ਲਈ ਯੋਗ ਮੰਨਿਆ ਗਿਆ ਹੋਵੇ। ਜਾਂ
ਐੱਨ. ਸੀ. ਸੀ. ਦੇ Pre. R.D. ਕੈਂਪ ਜਾਂ ਬੇਸਿਕ ਲੀਡਰਸ਼ਿਪ ਕੈਂਪ ਦਿੱਲੀ ਵਿਖੇ ਲਾਉਣ ਵਾਲੇ ਵਿਦਿਆਰਥੀ ਨੂੰ ।
ਜਾਂ
ਐੱਨ. ਸੀ. ਸੀ. ਕੰਪਨੀ ਦੇ ਸੀਨੀਅਰ ਅੰਡਰ ਅਫ਼ਸਰ ਨੂੰ ਜਿਸ ਨੇ ATC ਕੈਂਪ ਲਗਾਇਆ ਹੋਵੇ ਅਤੇ 90% ਹਾਜਰੀਆਂ ਹੋਣ, ਲੋਕਲ ਪਰੇਡਾਂ ਵਿੱਚ ਭਾਗ ਲਿਆ ਹੋਵੇ ਅਤੇ ਕਾਲਜ ਵੱਲੋਂ ਕਰਵਾਏ ਗਏ ਪ੍ਰੋਗਰਾਮ ਵਿੱਚ ਭਾਗ ਲਿਆ ਹੋਵੇ । ਸੀਨੀਅਰਤਾ ਦੇ ਅਧਾਰ ਤੇ ਕੇਵਲ ਇੱਕ ਕੈਡਿਟ ਨੂੰ ।

6. ਯੂਥ ਰੈੱਡ ਕਰਾਸ ਦੇ ਅੰਤਰ ਰਾਜ/ਅੰਤਰ ਯੂਨੀਵਰਸਿਟੀ/ਸਰਬਹਿੰਦ ਇੱਕਤਰਤਾ ਵਿੱਚ ਸਟੇਟ/ਯੂਨੀਵਰਸਿਟੀ ਦੀ ਪ੍ਰਤੀਨਿਧਤਾ ਕਰਨ ਵਾਲੇ ਨੂੰ ਜਾਂ ਸਟੇਟ ਵੱਲੋਂ ਆਯੋਜਿਤ ਇੱਕਤਰਤਾ ਵਿੱਚ ਪਹਿਲਾ ਜਾਂ ਦੂਜਾ ਸਥਾਨ ਪ੍ਰਾਪਤ ਕੀਤਾ ਹੋਵੇ ਅਤੇ ਯੂਨਿਟ ਦੇ ਦੋ ਵਾਰੀ ਸਰਵੋਤਮ ਵਲੰਟੀਅਰ ਰਹਿਣ ਵਾਲੇ ਨੂੰ।

7. ਰੈਡ ਰੀਬਨ ਕਲੱਬ ਦੇ ਇੱਕ ਮੈਂਬਰ ਨੂੰ ਕਾਲਜ ਕਲਰ ਦਿੱਤਾ ਜਾਵੇਗਾ ਜਿਸ ਨੇ ਤਿੰਨ ਸਾਲ ਮੈਂਬਰਸ਼ਿਪ ਦੌਰਾਨ ਕਲੱਬ ਦੀ ਗਤੀਵਿਧੀ ਵਿੱਚ ਵੱਧਚੜ੍ਹ ਕੇ ਹਿੱਸਾ ਲਿਆ ਹੋਵੇ, ਤਿੰਨ ਵਾਰ ਖੂਨਦਾਨ ਕੀਤਾ ਹੋਵੇ, ਰੈਡ ਰੀਬਨ ਕਲੱਬ ਵੱਲੋਂ ਕਰਵਾਏ ਜਾਂਦੇ ਹਰ ਮੁਕਾਬਲੇ ਵਿੱਚ ਹਿੱਸਾ ਲੈ ਕੇ ਦੋ ਸਾਲ ਪਹਿਲੀ ਪੁਜਿਸ਼ਨ ਹਾਸਲ ਕੀਤੀ ਹੋਵੇ।

ਕੋਕਰੀਕੁਲਰ ਮੈਰਿਟ ਸਰਟੀਫ਼ਿਕੇਟ ਅਤੇ ਇਨਾਮਾਂ ਦੇ ਨਿਯਮ:

1. ਜ਼ੋਨਲ ਯੂਥ ਫੈਸਟੀਵਲ ਦੇ ਕਿਸੇ ਵਿਅਕਤੀਗਤ ਜਾਂ ਗਰੁੱਪ ਆਇਟਮ ਜਾਂ ਭਾਸ਼ਾ ਵਿਭਾਗ ਦੀ ਜ਼ਿਲ੍ਹਾ ਪੱਧਰ ਦੀ ਪ੍ਰਤਿਯੋਗਤਾ ਵਿੱਚੋਂ ਪਹਿਲਾ ਜਾਂ ਦੂਜਾ ਸਥਾਨ ਪ੍ਰਾਪਤ ਕਰਨ ਤੇ ਉਸ ਵਿਦਿਆਰਥੀ ਨੂੰ ਕਰਮਵਾਰ ਵਿੱਦਿਅਕ ਪਹਿਲੇ ਤੇ ਦੂਜੇ ਸਥਾਨ ਤੇ ਬਰਾਬਰ ਇਨਾਮ ਦਿੱਤਾ ਜਾਵੇਗਾ ਜਾਂ ਇੰਟਰ ਜ਼ੋਨਲ ਫੈਸਟੀਵਲ ਵਿੱਚ ਤੀਜਾ ਵਾਲੇ ਨੂੰ ਜਾਂ ਅੰਤਰ ਕਾਲਜ ਮੁਕਾਬਲਿਆ ਵਿਚ ਪਹਿਲਾ ਦੂਜਾ ਸਥਾਨ ਪ੍ਰਾਪਤ ਕਰਨ ਵਾਲੇ ਨੂੰ।
2. ਕਾਲਜ ਮੈਗਜ਼ੀਨ ਦੇ ਹਰ ਸੈਕਸ਼ਨ ਦੇ ਕੇਵਲ ਇੱਕ ਵਿਦਿਆਰਥੀ ਸੰਪਾਦਕ ਨੂੰ ।
3. ਐੱਨ.ਐੱਸ. ਐੱਸ. ਵਲੰਟੀਅਰ ਨੂੰ ਜਿਸ ਨੇ ਘੱਟੋ-ਘੱਟ 2 ਸੱਤ ਰੋਜਾ ਕੈਂਪ ਲਗਾਏ ਹੋਣ ਅਤੇ ਬੈਸਟ ਵਰਕਰ ਰਿਹਾ ਹੋਵੇ ਜਿਸਨੇ ਛੁੱਟੀਆਂ ਦੌਰਾਨ ਸਮਾਜ ਸੇਵੀ ਵਿਸ਼ੇਸ਼ ਗਤੀਵਿਧੀਆਂ ਕੀਤੀਆਂ ਹੋਣ। ਹਰ ਐਨ.ਐਸ.ਐੱਸ. ਇਕਾਈ ਦੇ ਪੰਜ ਪ੍ਰਤੀਸ਼ਤ ਵਲੰਟੀਅਰ ਨੂੰ ਦਿੱਤਾ ਜਾਵੇਗਾ।
4. ਜਿਸ ਵਿਦਿਆਰਥੀ ਨੇ ਕੋਈ ਵਿਸ਼ੇਸ਼ ਬਹਾਦਰੀ ਦਾ ਕੰਮ ਕੀਤਾ ਹੋਵੇ ਅਤੇ ਕਾਲਜ ਕੌਂਸਲ ਵੱਲੋਂ ਪ੍ਰਵਾਨ ਹੋਵੇ ।
5. ਐੱਨ.ਸੀ.ਸੀ. ਕੈਡਿਟ/ਰੈਡ ਕਰਾਸ ਵਲੰਟੀਅਰ/ ਐਨ. ਐਸ .ਐਸ, ਵਲੰਟੀਅਰ ਜਿਸ ਨੇ ਰਾਸ਼ਟਰੀ ਪੱਧਰ ਤੇ ਕੁਦਰਤੀ ਆਫ਼ਤ ਸਮੇਂ ਕੋਈ ਸ਼ਲਾਘਾਯੋਗ ਕੰਮ ਕੀਤਾ ਹੋਵ ਅਤੇ ਐਕਸਚੇਂਜ ਪ੍ਰੋਗਰਾਮ ਵਿੱਚ ਭਾਗ ਲਿਆ ਹੋਵੇ ।
6. ਜੋ ਵਿਦਿਆਰਥੀ ਯੂਨੀਵਰਸਿਟੀ ਪੱਧਰ ਤੇ ਲਾਏ ਐੱਨ.ਐੱਸ.ਐੱਸ. ਕੈਂਪ ਵਿੱਚ ਭਾਗ ਲਵੇ, ਜਿਸਨੇ ਐੱਨ.ਐੱਸ.ਐੱਸ. ਦਾ ਦੂਜਾ ਸਾਲ ਪੂਰਾ ਕਰ ਲਿਆ ਹੋਵੇ ਅਤੇ ਬੀ ਸਰਟੀਫਿਕੇਟ ਜਾਰੀ ਕੀਤਾ ਹੋਵੇ।
7. ਕੋਕਰੀਕੁਲਰ ਸਰਗਰਮੀਆਂ ਦੇ ਅਧਾਰ ਤੇ ਘੱਟੋ-ਘੱਟ 10 ਪੁਆਇੰਟ ਲੈਣ ਵਾਲੇ ਨੂੰ ।
8. ਯੂਥ ਰੈੱਡ ਕਰਾਸ ਵਲੰਟੀਅਰ ਨੂੰ ਜਿਸ ਨੇ 3 ਸਾਲ ਲਗਾਤਾਰ ਕਾਲਜ ਪੱਧਰ ਤੇ ਚਲਾਈਆਂ ਜਾਂਦੀਆਂ ਗਤੀਵਿਧੀਆ ਵਿੱਚ ਪੂਰੀ ਲਗਨ ਨਾਲ ਕੰਮ ਕੀਤਾ ਹੋਵੇ ਯੂਨਿਟ ਦੇ ਪੰਜ ਪ੍ਰਤੀਸ਼ਤ ਸੀਨੀਅਰ ਵਲੰਟੀਅਰਜ਼ ਨੂੰ ਦਿੱਤਾ ਜਾਵੇਗਾ।
9. ਰੈਡ ਰੀਬਨ ਕਲੱਬ ਦੇ 2 ਮੈਂਬਰਾਂ ਨੂੰ ਮੈਰਿਟ ਸਰਟੀਫਿਕੇਟ ਦਿੱਤਾ ਜਾਵੇਗਾ ਜਿਨ੍ਹਾਂ ਨੇ ਇੱਕ ਵਾਰ ਖੂਨਦਾਨ ਕੀਤਾ ਹੋਵੇ ਅਤੇ ਇੱਕਾਈ ਦੇ ਸਮੇਂ ਸਮੇਂ ਤੇ ਕਰਵਾਏ ਜਾਂਦੇ ਮੁਕਾਬਲਿਆਂ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ ਹੋਵੇ। ਕਾਲਜ ਰੈਡ ਰੀਬਨ ਕਲੱਬ ਦਾ ਲਗਾਤਾਰ ਤਿੰਨ ਸਾਲ ਤੋਂ ਮੈਂਬਰ ਰਿਹਾ ਹੋਵੇ।

ਨੋਟ: ਨਿਯਮ ਨੰਬਰ 2 ਤੋਂ 6 ਤੱਕ ਦੇ ਇਨਾਮ ਅਕਾਦਮਿਕ ਪਹਿਲੀ ਪੁਜੀਸ਼ਨ ਦੇ ਬਰਾਬਰ ਹੋਣਗੇ ।

ਅੰਕਾਂ ਦਾ ਵੇਰਵਾ - (ਵਿਅਕਤੀਗਤ ਪੁਜ਼ੀਸਨ ਲਈ) (ਇਹ ਟੀਮ ਦੇ ਮੈਂਬਰਾਂ ਤੇ ਵੀ ਲਾਗੂ ਹੋਵੇਗਾ)

ਅੰਤਰ ਕਾਲਜ ਮੁਕਾਬਲਿਆਂ ਵਿੱਚ

ਪਹਿਲਾ ਸਥਾਨ ਪ੍ਰਾਪਤ ਕਰਨ ਲਈ (5 ਅੰਕ), ਦੂਜਾ ਸਥਾਨ ਪ੍ਰਾਪਤ ਕਰਨ ਲਈ (3 ਅੰਕ) ਤੀਜਾ ਸਥਾਨ ਪ੍ਰਾਪਤ ਕਰਨ ਲਈ (2 ਅੰਕ)

ਐੱਨ.ਸੀ.ਸੀ.

ਇਸ ਕਾਲਜ ਵਿੱਚ ਨੈਸ਼ਨਲ ਕੈਡਿਟ ਕੋਰਪਸ (ਐੱਨ.ਸੀ.ਸੀ.) ਦੀ ਇੱਕ ਪਲਾਟੂਨ ਹੈ ਅਤੇ ਇਹ ਲੜਕੀਆਂ ਲਈ ਹੈ। ਐੱਨ. ਸੀ. ਸੀ. ਵਿਦਿਆਰਥੀਆਂ ਦੀ ਸਰਬਪੱਖੀ ਸ਼ਾਖਸੀਅਤ ਪੈਦਾ ਕਰਦਾ ਹੈ । ਇਹ ਤਿੰਨ ਸਾਲਾ ਟਰੇਨਿੰਗ ਹੈ । ਕੈਡਿਟਾਂ ਲਈ ਹਰ ਸਾਲ 30 ਪਰੇਡਾਂ ਵਿੱਚੋ 23 ਪਰੇਡਾਂ ਤੇ ਹਾਜ਼ਰ ਹੋਣਾ ਜ਼ਰੂਰੀ ਹੈ। 'ਬੀ' ਸਰਟੀਫ਼ਿਕੇਟ ਇਮਤਿਹਾਨ ਦੂਜੇ ਸਾਲ ਵਿੱਚ ਅਤੇ 'ਸੀ' ਸਰਟੀਫਿਕੇਟ ਇਮਤਿਹਾਨ ਤੀਜੇ ਸਾਲ ਵਿੱਚ ਹੁੰਦਾ ਹੈ ।

ਕੈਡਿਟਾਂ ਨੂੰ Trekking, Youth Exchange Programme, Parasailing, Para Trooping ਅਤੇ Mountaineering ਆਦਿ ਵਿੱਚ ਭਾਗ ਲੈਣ ਦਾ ਮੌਕਾ ਪ੍ਰਦਾਨ ਕੀਤਾ ਜਾਂਦਾ ਹੈ । 'ਸੀ' ਸਰਟੀਫ਼ਿਕੇਟ ਪਾਸ ਕਰਨ ਵਾਲੇ ਕੈਡਿਟ ਲੜਕੀਆਂ ਲਈ ਆਰਮੀ ਕੋਰਸਾਂ ਵਿੱਚ ਲਿਖਤੀ ਪ੍ਰੀਖਿਆ ਮੁਆਫ਼ ਕੀਤੀ ਜਾਂਦੀ ਹੈ । ਵੱਖ-ਵੱਖ ਨੌਕਰੀਆਂ ਜਾਂ ਉਚੇਰੀ ਸਿੱਖਿਆ ਲਈ ਦਾਖ਼ਲਾ ਲੈਣ ਵੇਲੇ ਵੀ ਨਿਸ਼ਚਿਤ ਅੰਕ ਦਿੱਤੇ ਜਾਂਦੇ ਹਨ।

ਨੋਟ: ਉਪਰੋਕਤ ਦਰਸ਼ਾਈ ਐਨ.ਸੀ.ਸੀ. ਦੀ ਸਹੂਲਤ ਦਾ ਲਾਭ ਉਦੋਂ ਹੀ ਮਿਲੇਗਾ ਜਦੋਂ ਕਾਲਜ ਵਿੱਚ ਐਨ.ਸੀ.ਸੀ. ਯੂਨਿਟ ਉਪਲਬੱਧ ਹੋਵੇਗਾ।

ਐੱਨ.ਐੱਸ.ਐੱਸ.

ਨੈਸ਼ਨਲ ਸਰਵਿਸ ਸਕੀਮ (ਐੱਨ. ਐੱਸ. ਐੱਸ.) ਵਿੱਚ 100-100 ਵਿਦਿਆਰਥੀਆਂ ਦੇ ਚਾਰ ਯੂਨਿਟ ਹਨ ਜਿਹਨਾਂ ਵਿੱਚੋਂ ਦੋ ਯੂਨਿਟ ਲੜਕਿਆਂ ਦੇ ਅਤੇ ਦੋ ਲੜਕੀਆਂ ਦੇ ਹਨ । ਇਸ ਯੋਜਨਾ ਦਾ ਮੁੱਖ ਮੰਤਵ ਯੁਵਕਾਂ ਨੂੰ ਅਜਿਹੀ ਟਰੇਨਿੰਗ ਦੇਣਾ ਹੈ ਜਿਸ ਨਾਲ ਉਹ ਸਮਾਜਕ ਜੀਵਨ ਦੇ ਭਿੰਨ-ਭਿੰਨ ਭਾਗਾਂ ਵਿੱਚ ਸਵਾਰਥਹੀਨ ਕੰਮ ਕਰ ਸਕਣ । ਇਸ ਨਾਲ ਵਿਦਿਆਰਥੀ ਉਹਨਾਂ ਸਮੱਸਿਆਵਾਂ ਤੋਂ ਜਾਣੂ ਹੁੰਦੇ ਹਨ ਜਿਹੜੀਆਂ ਹੱਲ ਕਰਨੀਆਂ ਜ਼ਰੂਰੀ ਹੁੰਦੀਆਂ ਹਨ । ਐੱਨ. ਐੱਸ. ਐੱਸ. ਦੇ ਵਿਦਿਆਰਥੀਆਂ ਨੂੰ ਆਪਣੀ ਕਿਸੇ ਵੀ ਚੋਣਵੀਂ ਸੇਵਾ ਦਾ ਕੰਮ ਕਰਨਾ ਹੁੰਦਾ ਹੈ ਅਤੇ ਇਸ ਕੰਮ ਲਈ ਇੱਕ ਸਾਲ ਵਿੱਚ ਘੱਟੋ-ਘੱਟ 120 ਘੰਟੇ ਲਗਾਉਣੇ ਜ਼ਰੂਰੀ ਹਨ। ਵਿਦਿਆਰਥੀਆਂ ਨੂੰ ' ਏ,ਬੀ ' ਅਤੇ 'ਸੀ' ਸਰਟੀਫ਼ਿਕੇਟ ਨਿਯਮਾਂ ਅਨੁਸਾਰ ਪ੍ਰਦਾਨ ਕੀਤੇ ਜਾਂਦੇ ਹਨ। ਨੌਕਰੀ/ਵਿੱਦਿਅਕ ਦਾਖ਼ਲੇ ਸਮੇਂ ਇਸ ਦੇ ਨਿਸ਼ਚਿਤ ਅੰਕ ਹਨ ।

ਯੂਥ ਰੈੱਡ ਕਰਾਸ ਸੋਸਾਇਟੀ

ਇਸ ਕਾਲਜ ਵਿੱਚ ਯੂਥ ਰੈੱਡ ਕਰਾਸ ਸੋਸਾਇਟੀ ਹੈ । ਇਸ ਵਿੱਚ 100 ਲੜਕੇ ਅਤੇ ਲੜਕੀਆਂ ਇੱਕ ਯੂਨਿਟ ਦੇ ਰੂਪ ਵਿੱਚ ਵਲੰਟੀਅਰ ਵਜੋਂ ਕੰਮ ਕਰਦੇ ਹਨ । ਯੂਥ ਰੈੱਡ ਕਰਾਸ ਦਾ ਮੁੱਖ ਮੰਤਵ ਮਨੁੱਖਤਾ ਦੀ ਸੇਵਾ ਹੈ । ਲੋੜ ਪੈਣ ਤੇ ਕੁਦਰਤੀ ਆਫਤਾਂ ਸਮੇਂ ਵਲੰਟੀਅਰ ਆਪਣੀਆਂ ਸੇਵਾਵਾਂ ਮਨੁੱਖਤਾ ਲਈ ਅਰਪਿਤ ਕਰਦੇ ਹਨ ਤੇ ਉਨ੍ਹਾਂ ਵਿੱਚ ਸਰਬੱਤ ਦੇ ਭਲੇ ਦੀ ਭਾਵਨਾ ਪੈਦਾ ਹੁੰਦੀ ਹੈ ।

ਕੈਰੀਅਰ ਕਾਊਂਸਲਿੰਗ ਅਤੇ ਪਲੇਸਮੈਂਟ ਸੈੱਲ

ਕਾਲਜ ਦੇ ਵਿਦਿਆਰਥੀਆਂ ਨੂੰ ਰੋਜ਼ਗਾਰ ਮੁਹੱਈਆ ਕਰਾਉਣ ਲਈ ਕਾਲਜ ਵਿਖੇ ਇੱਕ ਕੈਰੀਅਰ ਕਾਊਂਸਲਿੰਗ ਅਤੇ ਪਲੇਸਮੈਂਟ ਸੈੱਲ ਹੈ। ਇਹ ਸੈੱਲ ਵਿਦਿਆਰਥੀਆਂ ਨੂੰ ਕੈਰੀਅਰ ਸਬੰਧੀ ਯੋਗ ਅਗਵਾਈ ਪ੍ਰਦਾਨ ਕਰਨ ਦੇ ਨਾਲ ਨਾਲ ਉਨ੍ਹਾਂ ਦੀ ਸਮੇਂ ਸਮੇਂ ਸਿਰ ਕੈਂਪਸ ਵਿੱਚ ਵੱਖੋ ਵੱਖਰੀਆਂ ਕੰਪਨੀਆਂ ਨਾਲ ਇੰਟਰਵਿਊ ਵੀ ਆਯੋਜਿਤ ਕਰਵਾਉਂਦਾ ਹੈ।

ਸੂਚਨਾ ਦਾ ਅਧਿਕਾਰ ਐਕਟ-2005 (RTI Act 2005)

ਸੂਚਨਾ ਦਾ ਅਧਿਕਾਰ ਐਕਟ-2005 ਇਸ ਕਾਲਜ ਵਿਖੇ ਲਾਗੂ ਹੈ।

ਸੜਕ ਸੁਰੱਖਿਆ ਕਮੇਟੀ

ਕਾਲਜ ਵਿੱਚ ਇੱਕ ਸੜਕ ਸੁਰੱਖਿਆ ਕਮੇਟੀ ਬਣੀ ਹੋਈ ਹੈ, ਜਿਸਦੇ ਤਹਿਤ ਵਿਦਿਆਰਥੀਆਂ ਨੂੰ ਟ੍ਰੈਫਿਕ ਨਿਯਮਾਂ ਦੀ ਜਾਣਕਾਰੀ ਮੁਹੱਈਆ ਕਰਵਾਈ ਜਾਂਦੀ ਹੈ।

ਤੰਬਾਕੂ ਕੰਟਰੋਲ ਸੈੱਲ ਅਤੇ ਐਂਟੀ ਨਾਰਕੋਟਿਕ ਕਲੱਬ

ਕਾਲਜ ਵਿੱਚ ਤੰਬਾਕੂ ਕੰਟਰੋਲ ਸੈੱਲ ਅਤੇ ਐਂਟੀ ਨਾਰਕੋਟਿਕ ਕਲੱਬ ਬਣਿਆ ਹੋਇਆ ਹੈ, ਜਿਸਦੇ ਤਹਿਤ ਵਿਦਿਆਰਥੀਆਂ ਨੂੰ ਕੈਂਪਾਂ, ਸੈਮੀਨਾਰਾਂ, ਰੈਲੀਆਂ, ਖੇਡਾਂ ਅਤੇ ਹੋਰ ਗਤੀਵਿਧੀਆਂ ਰਾਹੀਂ ਨਸ਼ਿਆਂ ਤੋਂ ਦੂਰ ਰਹਿਣ ਲਈ ਜਾਗਰੂਕਤਾ ਪ੍ਰਦਾਨ ਕੀਤੀ ਜਾਂਦੀ ਹੈ।

ਪੀ.ਟੀ.ਏ.

ਕਾਲਜ ਵਿੱਚ ਮਾਪੇ-ਅਧਿਆਪਕ ਐਸੋਸ਼ੀਏਸ਼ਨ (P.T.A.) ਬਣੀ ਹੋਈ ਹੈ। ਇਸ ਕਾਲਜ ਵਿੱਚ ਦਾਖ਼ਲਾ ਲੈਣ ਵਾਲੇ ਵਿਦਿਆਰਥੀ ਦੇ ਮਾਤਾ-ਪਿਤਾ ਤੇ ਟੀਚਿੰਗ ਸਟਾਫ ਇਸਦੇ ਮੈਂਬਰ ਹਨ । ਇਸ ਦੀ ਜਨਰਲ ਬਾਡੀ ਦੀ ਮੀਟਿੰਗ ਦਾਖਲਾ ਮੁਕੰਮਲ ਹੋਣ ਉਪਰੰਤ ਕਾਲਜ ਕੈਂਪਸ ਵਿਖੇ ਹੁੰਦੀ ਹੈ। ਇਸ ਮੀਟਿੰਗ ਵਿੱਚ ਪੀ. ਟੀ. ਏ. ਦੀ ਕਾਰਜਕਾਰਨੀ ਕਮੇਟੀ, ਪੀ. ਟੀ. ਏ. ਦੇ ਸੰਵਿਧਾਨ ਅਨੁਸਾਰ ਗਠਿਤ ਕੀਤੀ ਜਾਦੀ ਹੈ।

ਕਾਨੂੰਨੀ ਸਾਖ਼ਰਤਾ ਸੈੱਲ

ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਕਾਲਜ ਵਿੱਚ ਕਾਨੂੰਨੀ ਸਾਖ਼ਰਤਾ ਸੈੱਲ ਸਥਾਪਿਤ ਹੈ। ਜਿਸ ਦੇ ਤਹਿਤ ਵੱਖ-ਵੱਖ ਵਿਸ਼ਿਆਂ ਤੇ ਵਿਦਿਆਰਥੀਆਂ ਨੂੰ ਜਾਣਕਾਰੀ ਮੁਹੱਈਆਂ ਕਰਵਾ ਕੇ ਸਮਾਜ ਅਤੇ ਪਛੜੇ ਵਰਗਾਂ ਵਿੱਚੋਂ ਇਸ ਸਬੰਧੀ ਜਾਗਰੂਕਤਾ ਪ੍ਰਦਾਨ ਕੀਤੀ ਜਾਂਦੀ ਹੈ।

ਰੈੱਡ ਰੀਬਨ ਕਲੱਬ

ਇਸ ਕਾਲਜ ਵਿੱਚ ਰੈੱਡ ਰੀਬਨ ਕਲੱਬ ਸਥਾਪਿਤ ਹਨ। ਇਸ ਕਲੱਬ ਵਿੱਚ 60 ਵਲੰਟੀਅਰ ਕੰਮ ਕਰਦੇ ਹਨ। ਇਸ ਕਲੱਬ ਦੇ ਮੈਂਬਰ ਦਾ ਕੰਮ ਸਮੇਂ-ਸਮੇਂ ਸੈਮੀਨਾਰ ਅਤੇ ਰੈਲੀਆਂ ਰਾਹੀਂ ਵਿਦਿਆਰਥੀਆਂ ਨੂੰ ਏਡਜ਼ ਪ੍ਰਤੀ ਜਾਗਰੂਕ ਕਰਨਾ ਹੈ।

ਇਨਵਾਇਰਮੈਂਟ ਆਵੇਅਰਨੈੱਸ ਸੋਸਾਇਟੀ

ਇਸ ਕਾਲਜ ਵਿੱਚ ਇਨਵਾਇਰਮੈਂਟ ਆਵੇਅਰਨੈੱਸ ਸੋਸਾਇਟੀ ਬਣੀ ਹੋਈ ਹੈ, ਜਿਸ ਤਹਿਤ ਵਿਦਿਆਰਥੀਆਂ ਨੂੰ ਵਾਤਾਵਰਨ ਸਬੰਧੀ ਜਾਗਰੂਕਤਾ ਪ੍ਰਦਾਨ ਕੀਤੀ ਜਾਂਦੀ ਹੈ।

ਰਣਬੀਰ ਐਲੂਮਨੀ ਕਲੱਬ, ਸੰਗਰੂਰ (RACS)

ਕਾਲਜ ਦੇ ਸਰਬਪੱਖੀ ਵਿਕਾਸ ਲਈ ਕਾਲਜ ਵਿੱਚ ਸਾਬਕਾ ਵਿਦਿਆਰਥੀਆਂ ਦੀ ਰਣਬੀਰ ਐਲੂਮਨੀ ਕਲੱਬ, ਸੰਗਰੂਰ ਬਣੀ ਹੋਈ ਹੈ। ਇਸ ਕਲੱਬ ਦਾ ਰਜਿਸਟ੍ਰੇਸ਼ਨ ਨੰਬਰ DIC/DRA/1516 ਆਫ਼ 2003 ਹੈ । ਇਸ ਕਾਲਜ ਦਾ ਕੋਈ ਵੀ ਸਾਬਕਾ ਵਿਦਿਆਰਥੀ 500 ਰੁਪਏ ਦੇ ਕੇ ਅਤੇ ਮੈਂਬਰਸ਼ਿਪ ਫਾਰਮ ਭਰਕੇ ਇਸ ਦਾ ਸਧਾਰਨ ਮੈਂਬਰ ਬਣ ਸਕਦਾ ਹੈ, ਇਹ ਮੈਂਬਰਸ਼ਿਪ ਤਿੰਨ ਸਾਲਾਂ ਲਈ ਹੋਵੇਗੀ। ਇਸ ਕਲੱਬ ਦੀ ਲਾਈਫ ਮੈਂਬਰਸ਼ਿਪ ਫੀਸ 1000 ਰੁਪਏ ਹੈ ।

ਫੁਟਕਲ ਜਾਣਕਾਰੀ

1. ਕਾਲਜ ਮੈਗਜ਼ੀਨ: 'ਦ ਰਣਬੀਰ' ਸਾਡੇ ਕਾਲਜ ਦਾ ਸਾਹਿਤਕ ਮੈਗਜ਼ੀਨ ਹੈ ਜਿਸ ਰਾਹੀਂ ਵਿਦਿਆਰਥੀ ਅਤੇ ਪ੍ਰਾਧਿਆਪਕ ਆਪਣੀ ਕਲਮ ਦੇ ਸਫਰ ਨੂੰ ਨਿਰੰਤਰ ਜਾਰੀ ਰੱਖਦੇ ਹਨ। ਇਸ ਮੈਗਜ਼ੀਨ ਦੇ ਪੰਜਾਬੀ, ਅੰਗਰੇਜ਼ੀ, ਹਿੰਦੀ, ਸੰਸਕ੍ਰਿਤ, ਸਾਇੰਸ, ਕਾਲਜ ਦਰਪਣ, ਕਾਮਰਸ, ਇਨਵਾਇਰਮੈਂਟ ਅਵੈਅਰਨੈੱਸ, ਸੋਸ਼ਲ ਸਾਇੰਸਜ਼, HEIS, ਸੱਭਿਆਚਾਰਕ ਅਤੇ ਪਿਕਟੋਰੀਅਲ ਸੈਕਸ਼ਨ ਹੁੰਦੇ ਹਨ। ਵਿਦਿਆਰਥੀ ਸੰਪਾਦਕਾਂ ਦੀ ਚੋਣ ਵਿਸ਼ੇਸ਼ ਟੈਸਟ ਰਾਹੀਂ ਕੀਤੀ ਜਾਂਦੀ ਹੈ ।
2. ਕਾਲਜ ਕੰਟੀਨ: ਵਿਦਿਆਰਥੀਆਂ ਦੀ ਸਹੂਲਤ ਲਈ ਕਾਲਜ ਵਿੱਚ ਕੰਟੀਨ ਦਾ ਉਚਿੱਤ ਪ੍ਰਬੰਧ ਹੈ, ਜਿਸ ਵਿੱਚ ਵਾਜਬ ਰੇਟਾਂ 'ਤੇ ਖਾਣ ਪੀਣ ਦੀਆਂ ਵਸਤੂਆਂ ਉਪਲੱਬਧ ਹਨ ।
3. ਲੜਕੀਆਂ ਲਈ ਕਾਮਨ ਰੂਮ : ਕਾਲਜ ਵਿੱਚ ਲੜਕੀਆਂ ਦੀ ਸਹੂਲਤ ਲਈ ਇੱਕ ਕਾਮਨ ਰੂਮ ਦਾ ਪ੍ਰਬੰਧ ਹੈ, ਜਿੱਥੇ ਵਿਦਿਆਰਥਣਾਂ ਆਪਣੇ ਖਾਲੀ ਸਮੇਂ ਵਿਚ ਬੈਠ ਸਕਦੀਆਂ ਹਨ ।
4. ਕਾਲਜ ਸਾਇਕਲ ਸਟੈਂਡ: ਵਹੀਕਲ ਵਾਲੇ ਵਿਦਿਆਰਥੀ ਆਪਣਾ ਵਹੀਕਲ ਨੰਬਰ ਦਾਖਲਾ ਫ਼ਾਰਮ ਵਿੱਚ ਜ਼ਰੂਰ ਭਰ ਦੇਣ। ਜੇ ਕੋਈ ਵਿਦਿਆਰਥੀ ਦਾਖਲੇ ਤੋਂ ਪਿੱਛੋਂ ਵਹੀਕਲ ਲਿਆਉਣਾ ਸ਼ੁਰੂ ਕਰਦਾ ਹੈ ਤਾਂ ਉਸ ਤੋਂ ਬਣਦੀ ਫ਼ੀਸ ਲਈ ਜਾਵੇਗੀ। ਬਿਨਾਂ ਫ਼ੀਸ ਤੋਂ ਕਾਲਜ ਵਿੱਚ ਵਹੀਕਲ ਲਿਆਉਣ ਵਾਲੇ ਤੋਂ ਬਣਦੀ ਫ਼ੀਸ ਅਤੇ 500 ਰੁ: ਜੁਰਮਾਨਾ ਲਿਆ ਜਾਵੇਗਾ ।
5. ਡਾਕਟਰੀ ਦੇਖ-ਭਾਲ ਤੇ ਇਲਾਜ (First Aid): ਕਾਲਜ ਵਿੱਚ ਡਿਸਪੈਂਸਰੀ ਦਾ ਪ੍ਰਬੰਧ ਹੈ ਅਤੇ ਲੋੜਵੰਦ ਵਿਦਿਆਰਥੀਆਂ ਨੂੰ ਡਾਕਟਰ ਦੀ ਸਿਫ਼ਾਰਸ਼ ਤੇ ਰੈੱਡ ਕਰਾਸ ਫੰਡ ਵਿੱਚੋਂ ਇਲਾਜ ਲਈ ਸਹਾਇਤਾ ਵੀ ਦਿੱਤੀ ਜਾਂਦੀ ਹੈ ।
6. ਬੱਸ/ਰੇਲਵੇ ਪਾਸ: ਨਜ਼ਦੀਕੀ ਪਿੰਡਾਂ ਤੋਂ ਆਉਣ ਵਾਲੇ ਵਿਦਿਆਰਥੀਆਂ ਨੂੰ ਬੱਸ ਪਾਸ ਬਣਾ ਕੇ ਦਿੱਤੇ ਜਾਂਦੇ ਹਨ। ਸ਼ਨਾਖਤੀ ਕਾਰਡ ਤੇ ਲੱਗੀ ਫੋਟੋ ਦੇ ਨਾਲ ਦੀਆਂ ਫੋਟੋਆਂ ਹੀ ਬੱਸ/ਰੇਲਵੇ ਪਾਸ ਲਈ ਵਰਤੀਆਂ ਜਾਣਗੀਆਂ । ਦਾਖ਼ਲਾ ਫ਼ਾਰਮ ਤੇ ਲਿਖਿਆ ਘਰ ਦਾ ਪਤਾ ਹੀ ਪਾਸ ਲਈ ਵਰਤਿਆ ਜਾਵੇਗਾ । ਸੋ ਵਿਦਿਆਰਥੀ ਇਹ ਪਤਾ ਧਿਆਨ ਨਾਲ ਭਰਨ ,ਇਸ ਸਬੰਧੀ ਅਧਾਰ ਕਾਰਡ ਦੀ ਕਾਪੀ ਤੇ ਰਾਸ਼ਨ ਕਾਰਡ ਦੀ ਕਾਪੀ ਫਾਰਮ ਨਾਲ ਨੱਥੀ ਕਰਨੀ ਜਰੂਰੀ ਹੈ।
7. ਪ੍ਰਿੰਸੀਪਲ ਸਾਹਿਬ ਦੀ ਅਗੇਤੀ ਆਗਿਆ ਤੋਂ ਬਿਨਾਂ ਕੋਈ ਮੀਟਿੰਗ ਕਾਲਜ ਦੇ ਅਹਾਤੇ ਵਿੱਚ ਨਹੀਂ ਕੀਤੀ ਜਾ ਸਕਦੀ ।

ਕਾਲਜ ਅਨੁਸ਼ਾਸਨ

1. ਅਧਿਆਪਕਾਂ ਅਤੇ ਸਹਿਪਾਠੀਆਂ ਪ੍ਰਤੀ ਵਿਦਿਆਰਥੀਆਂ ਤੋਂ ਸਦਵਿਹਾਰ ਦੀ ਆਸ ਕੀਤੀ ਜਾਂਦੀ ਹੈ। ਕਿਸੇ ਵੀ ਪ੍ਰਕਾਰ ਦੇ ਨਸ਼ੀਲੇ ਪਦਾਰਥਾਂ ਦੀ ਸਖ਼ਤ ਮਨਾਹੀ ਹੈ। ਗਾਲ੍ਹਾਂ ਕੱਢਣ ਵਾਲੇ ਵਿਦਿਆਰਥੀ ਨੂੰ ਤੁਰੰਤ ਸਸਪੈਂਡ ਕਰਕੇ ਵਿਸ਼ੇਸ਼ ਜੁਰਮਾਨਾ ਕੀਤਾ ਜਾਵੇਗਾ ।
2. ਵਿਦਿਆਰਥੀਆਂ ਦਾ ਫਰਜ਼ ਹੈ ਕਿ ਉਹ ਕਾਲਜ ਨੂੰ ਵੱਧ ਤੋਂ ਵੱਧ ਸਾਫ ਸੁਥਰਾ ਰੱਖਣ ਲਈ ਯਤਨਸ਼ੀਲ ਰਹਿਣ ਅਤੇ ਫੁੱਲਾਂ ਅਤੇ ਦਰੱਖਤਾਂ ਨੂੰ ਕਿਸੇ ਤਰ੍ਹਾਂ ਦਾ ਨੁਕਸਾਨ ਨਾ ਪਹੁੰਚਾਣ । ਕਾਲਜ ਦੀ ਪ੍ਰਾਪਰਟੀ ਨੂੰ ਨਾ ਖਰਾਬ ਕੀਤਾ ਜਾਵੇ
3. ਸੀਟਾਂ ਦੇ ਸੰਬੰਧ ਵਿੱਚ ਲੜਕੀਆਂ ਪ੍ਰਤੀ ਯੋਗ ਆਦਰ ਦਰਸਾਉਣਾ ਚਾਹੀਦਾ ਹੈ ।
4. ਵਿਦਿਆਰਥੀ ਆਪਣੀਆਂ ਤਕਲੀਫ਼ਾਂ ਅਤੇ ਸ਼ਿਕਾਇਤਾਂ ਸਿੱਧੇ ਟਿਊਟਰ ਕੋਲ ਕਰਨ ਤਾਂ ਕਿ ਯੋਗ ਹੱਲ ਕੱਢਿਆ ਜਾ ਸਕੇ ।
5. ਵਿਹਲੇ ਸਮੇਂ ਜਾਂ ਖਾਲੀ ਪੀਰੀਅਡ ਵਿੱਚ ਲਾਇਬਰੇਰੀ ਜਾਂ ਰੀਡਿੰਗ ਰੂਮ ਦੀ ਵਰਤੋਂ ਕੀਤੀ ਜਾਵੇ ।
6. ਵਿਦਿਆਰਥੀਆਂ ਨੂੰ ਕਾਰਾਂ/ਜੀਪਾਂ ਅਤੇ ਮੋਬਾਇਲ ਫੋਨ ਦੀ ਬੇਲੋੜੀ ਵਰਤੋ ਦੀ ਸਖ਼ਤ ਮਨਾਹੀ ਹੈ ।
7. ਵਿਦਿਆਰਥੀ ਵਰਾਂਡਿਆਂ ਵਿੱਚ ਬੇਮਤਲਬ ਨਾ ਫਿਰਨ ਤੇ ਲੱਗੀਆਂ ਕਲਾਸਾਂ ਦੌਰਾਨ ਜੇ ਕਿਸੇ ਮਜਬੂਰੀ ਵਿੱਚ ਵਰਾਂਡੇ ਵਿੱਚੋਂ ਲੰਘਣਾ ਪਵੇ ਤਾਂ ਖਾਮੋਸ਼ੀ ਨਾਲ ਲੰਘਿਆ ਜਾਵੇ ਤੇ ਲੱਗੀ ਕਲਾਸ ਵਿੱਚ ਕਿਸੇ ਵਿਦਿਆਰਥੀ/ਅਧਿਆਪਕ ਨੂੰ ਮਿਲਣ ਦੀ ਸਖਤ ਮਨਾਹੀ ਹੈ ।
8. ਕਾਲਜ ਕੰਟੀਨ ਨੂੰ ਸਾਫ਼ ਸੁਥਰਾ ਰੱਖਣਾ, ਲੜਾਈ ਝਗੜੇ ਤੋਂ ਗੁਰੇਜ਼ ਕਰਨਾ ਅਤੇ ਸਮੇਂ ਸਿਰ ਕੰਟੀਨ ਦਾ ਹਿਸਾਬ-ਕਿਤਾਬ ਰੱਖਣਾ ਵਿਦਿਆਰਥੀਆਂ ਦੇ ਆਪਣੇ ਹਿਤ ਵਿੱਚ ਹੈ ।
9. ਕਾਲਜ ਦੀਆਂ ਦੀਵਾਰਾਂ/ਫਰਨੀਚਰ/ਬਲੈਕ ਬੋਰਡਾਂ ਤੇ ਕੋਈ ਇਤਰਾਜ ਯੋਗ ਜਾਂ ਅਸ਼ਲੀਲ ਸ਼ਬਦ ਲਿਖਣ ਤੇ ਜੁਰਮਾਨਾ/ਅਨੁਸ਼ਾਸਨੀ ਕਾਰਵਾਈ ਕੀਤੀ ਜਾਵੇਗੀ । ਹਾਈਕੋਰਟ ਦੇ ਨਿਰਦੇਸ਼ਾਂ ਅਨੁਸਾਰ ਕਾਲਜ ਅਹਾਤੇ ਅੰਦਰ ਪੋਸਟਰ/ ਬੈਨਰ ਲਗਾਉਣਾ ਸਖਤ ਮਨ੍ਹਾਂ ਹੈ।
10. ਵਿਦਿਆਰਥਣਾਂ ਵਿਹਲੇ ਸਮੇਂ ਜਾਂ ਖਾਲੀ ਪੀਰੀਅਡ ਵਿੱਚ ਕੇਵਲ ਲੜਕੀਆਂ ਦੇ ਕਾਮਨ ਰੂਮ ਵਿਚ ਹੀ ਬੈਠਣਗੀਆਂ ।
11. ਵਿਦਿਆਰਥੀ ਆਪਣੇ ਨਾਲ ਕਿਸੇ **Outsider** ਨੂੰ ਨਾਲ ਲੈਕੇ ਨਹੀਂ ਆਉਣਗੇ,ਅਜਿਹੇ ਵਿਦਿਆਰਥੀ ਖਿਲਾਫ ਅਨੁਸਾਸ਼ਨੀ ਕਾਰਵਾਈ ਕੀਤੀ ਜਾਵੇਗੀ।
12. ਕਾਲਜ ਆਉਣ ਸਮੇਂ ਆਪਣਾ ਸ਼ਨਾਖਤੀ ਕਾਰਡ ਲੈਕੇ ਆਉਣਾ ਅਤਿ ਜਰੂਰੀ ਹੈ । ਇਸ ਤੋਂ ਬਿਨਾਂ ਕਾਲਜ ਵਿਚ ਦਾਖਲ ਨਹੀਂ ਹੋਣ ਦਿੱਤਾ ਜਾਵੇਗਾ ।
13. ਪੀਰੀਅਡਾਂ/ਕਲਾਸਾਂ ਖ਼ਤਮ ਹੋਣ ਉਪਰੰਤ ਕਿਸੇ ਵੀ ਵਿਦਿਆਰਥੀ /ਵਿਦਿਆਰਥਣਾਂ ਨੂੰ ਕਾਲਜ ਕੈਂਪਸ ਵਿਚ ਬੇਕਾਰ ਬੈਠਣ ਦੀ ਆਗਿਆ ਨਹੀਂ ਹੈ ।
14. ਕਾਲਜ ਵਿੱਚ ਨਸ਼ਾ ਕਰਨ ਵਾਲੇ ਵਿਦਿਆਰਥੀ ਦਾ ਦਾਖਲਾ ਰੱਦ ਕਰ ਦਿੱਤਾ ਜਾਵੇਗਾ ।
15. ਕਲਾਸਾ ਛੱਡਣ ਸਮੇ ਲਾਈਟਾਂ, ਪੱਖੇ ਬੰਦ ਕਰਨਾ ਵਿਦਿਆਰਥੀਆਂ ਦੀ ਨੈਤਿਕ ਜਿੰਮੇਵਾਰੀ ਹੈ।
16. ਪਾਣੀ ਬਹੁਤ ਕੀਮਤੀ ਹੈ, ਵਿਦਿਆਰਥੀ ਪਾਣੀ ਪੀਣ ਉਪਰੰਤ ਟੂਟੀ ਬੰਦ ਕਰਨਾ ਨਾ ਭੁੱਲਣ।
17. ਵਿਦਿਆਰਥੀ ਖਾਣ/ਪੀਣ ਉਪਰੰਤ ਲਿਫਾਫੇ/ਬੋਤਲਾਂ/ਰੈਪਰ ਡਸਟ ਬਿੰਨ ਵਿਚ ਸੁੱਟਣਾ ਯਕੀਨੀ ਬਣਾਉਣ।

ਕਾਲਜ ਕੈਲੰਡਰ 2020-21 /College Calender 2020-21

ਜੂਨ/ਜੁਲਾਈ:	ਗਰਮੀ ਦੀਆਂ ਛੁੱਟੀਆਂ 15-06-2020 ਤੋਂ 15-7-2020 ਤੱਕ।
ਅਗਸਤ :	ਕਾਲਜ ਖੁੱਲਣ ਉਪਰੰਤ ਸਾਰੇ ਕੋਰਸਾਂ ਦੇ ਦਾਖ਼ਲੇ, ਪਹਿਲੇ, ਤੀਜੇ ਅਤੇ ਪੰਜਵੇਂ ਸਮੈਸਟਰ ਦੀ ਪੜ੍ਹਾਈ ਸ਼ੁਰੂ, ਐੱਨ.ਐੱਸ.ਐੱਸ. ਅਤੇ ਐੱਨ.ਸੀ.ਸੀ. ਦੀ ਐਨਰੋਲਮੈਂਟ,ਅਗਸਤ ਦੇ ਅਖ਼ੀਰਲੇ ਸ਼ਨੀਵਾਰ ਪੀ.ਟੀ.ਏ. ਦੀ ਕਾਰਜਕਾਰਨੀ ਦੀ ਚੋਣ ਲਈ ਮੀਟਿੰਗ।
ਸਤੰਬਰ :	ਰੈੱਡ ਕਰਾਸ ਵਿੱਚ ਭਰਤੀ, ਵਨ ਮਹਾਉਤਸਵ, ਟਿਊਟੋਰੀਅਲ ਗਰੁੱਪਾਂ ਦਾ ਗਠਨ ਅਤੇ ਬੀ.ਏ. ਸਮੈਸਟਰ ਪਹਿਲਾ ਵਿੱਚ ਚੋਣਵਾਂ ਵਿਸ਼ਾ ਬਦਲਣ ਦੀ ਅੰਤਿਮ ਮਿਤੀ 10-9-2020 ਤੱਕ। ਟਿਊਟੋਰੀਅਲ ਗਰੁੱਪਾਂ ਦੀ ਮੀਟਿੰਗ (ਮਹੀਨੇ ਵਿੱਚ ਦੋ ਵਾਰ) ਅਧਿਆਪਕ ਦਿਵਸ ਸਮਾਰੋਹ, Drug De-addiction Workshop, ਵਿਭਾਗੀ/ਸੋਸਾਇਟੀਆਂ ਵੱਲੋਂ ਲੈਕਚਰ, ਟੇਲੈਂਟ ਹੰਟ ਪ੍ਰੋਗਰਾਮ, ਕਾਲਜ AQAR ਰਿਪੋਰਟ NAAC ਨੂੰ ਭੇਜਣੀ।
ਅਕਤੂਬਰ :	ਕਾਲਜ ਮੈਗਜ਼ੀਨ ਸੰਪਾਦਕਾਂ ਦੀ ਚੋਣ, ਐੱਨ.ਐੱਸ.ਐੱਸ. ਕੈਂਪ, ਵਿੱਦਿਅਕ ਟੂਰ, ਖ਼ੂਨਦਾਨ ਕੈਂਪ।
ਨਵੰਬਰ :	Adopted ਪਿੰਡ ਉਭਾਵਾਲ ਵਿੱਚ ਕਾਲਜ ਦੇ ਰੈਡ ਕਰਾਸ ਯੂਨਿਟ ਵੱਲੋਂ Awareness ਪ੍ਰੋਗਰਾਮ, UGC sponsored ਸੈਮੀਨਾਰ।
ਦਸੰਬਰ :	ਪਹਿਲੇ, ਤੀਸਰੇ ਅਤੇ ਪੰਜਵੇਂ ਸਮੈਸਟਰ ਦੇ ਇਮਤਿਹਾਨ, ਸਰਦੀ ਰੁੱਤ ਦੀਆਂ ਛੁੱਟੀਆਂ 26-12-2020 ਤੋਂ 08-01-2021 ਤੱਕ।
ਜ਼ਨਵਰੀ :	ਦੂਜੇ ਸਮੈਸਟਰ ਦੀ ਪੜਾਈ 09-01-2021 ਸ਼ੁਰੂ, ਐਨ.ਐਸ.ਐਸ. ਕੈਂਪ, ਨੈਸ਼ਨਲ ਵੋਟਰ ਡੇ ਸਮਾਰੋਹ, ਖ਼ੂਨਦਾਨ ਕੈਂਪ,ਵਿਭਾਗੀ, ਸੋਸਾਇਟੀਆਂ ਅਤੇ ਕਲੱਬਾਂ ਵਲੋਂ ਗਤੀਵਿਧੀਆਂ।
ਫਰਵਰੀ :	ਸਾਲਾਨਾ ਖੇਡ ਸਮਾਰੋਹ।
ਮਾਰਚ :	ਸਾਲਾਨਾ ਇਨਾਮ ਵੰਡ ਸਮਾਰੋਹ, ਅੰਤਰਰਾਸ਼ਟਰੀ ਮਹਿਲਾ ਦਿਵਸ, ਦੀ ਰਣਬੀਰ ਮੈਗਜ਼ੀਨ ਜਾਰੀ ਕਰਨਾ।
ਮਈ :	ਪੀ.ਟੀ.ਏ. ਫੰਡ ਦੀ ਆਡਿਟ ਰਿਪੋਰਟ, ਦੂਜੇ,ਚੌਥੇ, ਅਤੇ ਛੇਵੇ ਸਮੈਸਟਰ ਦੇ ਇਮਤਿਹਾਨ।
ਜੂਨ :	ਐਚ.ਈ.ਆਈ.ਐਸ. ਫੰਡ ਦੀ ਆਡਿਟ ਰਿਪੋਰਟ ।

ਇਸ ਤੋਂ ਇਲਾਵਾ ਸਮੇਂ - ਸਮੇਂ ਸਿਰ ਸਰਕਾਰੀ ਹਦਾਇਤਾਂ ਅਨੁਸਾਰ ਨੈਸ਼ਨਲ ਅਤੇ ਇੰਟਰ ਨੈਸ਼ਨਲ ਦਿਵਸ ਮਨਾਏ ਜਾਣਗੇ ।

ਐੱਸ.ਸੀ. ਵਿਦਿਆਰਥੀਆਂ ਦੀਆਂ ਫ਼ੀਸਾਂ ਸਬੰਧੀ

ਐੱਸ.ਸੀ. ਵਿਦਿਆਰਥੀ ਜਿਨ੍ਹਾਂ ਦੇ ਮਾਪਿਆਂ/ਸਰਪ੍ਰਸਤ ਦੀ ਸਾਰੇ ਵਸੀਲਿਆਂ ਤੋਂ ਸਾਲਾਨਾ ਆਮਦਨ 2.5 ਲੱਖ ਰੁਪਏ ਤੋਂ ਵੱਧ ਨਹੀਂ ਹੈ, ਦੀ ਭਲਾਈ ਵਿਭਾਗ ਦੇ ਪੱਤਰ ਨੰਬਰ ਮਿਤੀ 11-07-2007 ਦੀਆਂ ਹਦਾਇਤਾਂ ਅਨੁਸਾਰ ਦਾਖ਼ਲੇ ਸਮੇਂ ਹੀ ਟਿਊਸ਼ਨ ਫ਼ੀਸ ਅਤੇ ਹੋਰ ਨਾਨ-ਰਿੰਫਡਏਬਲ ਕੰਪਲਸਰੀ ਫ਼ੀਸਾਂ ਮੁਆਫ਼ ਕੀਤੀਆ ਜਾਣਗੀਆਂ । ਵਿਦਿਆਰਥੀ ਫ਼ੀਸ ਮੁਆਫ਼ ਕਰਵਾਉਣ ਲਈ ਦਾਖ਼ਲੇ ਸਮੇਂ ਹੇਠ ਲਿਖੇ ਦਸਤਾਵੇਜ ਦੇਣਗੇ ।

1. ਯੋਗ ਵਿਦਿਆਰਥੀ ਦਾਖ਼ਲੇ ਸਮੇਂ ਹਲਫ਼ੀਆ ਬਿਆਨ ਦੇਵੇਗਾ ਜੋ ਕਿ ਵਿਦਿਆਰਥੀ ਦੇ ਮਾਪੇ/ਗਾਰਡੀਅਨ ਵੱਲੋਂ ਹੋਵੇ ਅਤੇ ਕਾਰਜਕਾਰੀ ਮੈਜਿਸਟ੍ਰੇਟ ਤੋਂ ਤਸਦੀਕ ਹੋਵੇ। (ਹਲਫ਼ੀਆ ਬਿਆਨ ਦਾ ਨਮੂਨਾ ਸ਼ਾਮਲ ਹੈ)
2. ਵਿਦਿਆਰਥੀ ਆਪਣੇ ਜਾਤੀ ਸਰਟੀਫ਼ਿਕੇਟ ਦੀ ਅਤੇ ਅਧਾਰ ਕਾਰਡ ਦੀ ਤਸਦੀਕ ਸ਼ੁਦਾ ਕਾਪੀ ਦੇਵੇਗਾ ।
3. ਭਲਾਈ ਵਿਭਾਗ ਵੱਲੋਂ ਜੇਕਰ ਫ਼ੀਸਾਂ ਸਬੰਧੀ ਕੋਈ ਤਬਦੀਲੀ ਕੀਤੀ ਜਾਂਦੀ ਹੈ ਤਾਂ ਨੋਟਿਸ ਬੋਰਡ ਰਾਹੀਂ ਸੂਚਿਤ ਕੀਤਾ ਜਾਵੇਗਾ, ਜਿਸ ਦੀ ਜਾਣਕਾਰੀ ਹਾਸਲ ਕਰਨਾ ਵਿਦਿਆਰਥੀ ਦੀ ਨਿੱਜੀ ਜਿੰਮੇਵਾਰੀ ਹੋਵੇਗੀ ।
4. ਵਿਦਿਆਰਥੀ ਆਪਣੀ ਨਿੱਜੀ ਜਾਣਕਾਰੀ ਜਿਵੇਂ ਬੈਂਕ ਅਕਾਊਂਟ ਨੰਬਰ ਅਤੇ ਬੈਂਕ ਦਾ ਨਾਂ ਆਦਿ ਵੇਰਵਾ ਦਾਖ਼ਲਾ ਫਾਰਮ ਵਿੱਚ ਜਰੂਰ ਭਰਣ। ਗਲਤ ਜਾਣਕਾਰੀ ਦੇਣ ਦੀ ਸੂਰਤ ਵਿੱਚ ਵਿਦਿਆਰਥੀ ਦੀ ਜਿੰਮੇਵਾਰੀ ਹੋਵੇਗੀ। 5. ਕਲੇਮ ਸਮੇਂ ਤੇ ਦਿੱਤੇ ਜਾਣਗੇ ।

ਹਲਫ਼ੀਆ ਬਿਆਨ

1. ਇਹ ਕਿ ਮੈਂ.....ਪੁੱਤਰ ਸ੍ਰੀ.....ਵਾਸੀ..... .....ਤਹਿਸੀਲ..... ਜਿਲ੍ਹਾਂ..... ਦਾ ਰਹਿਣ ਵਾਲਾ ਹਾਂ ।
2. ਇਹ ਕਿ ਮੇਰਾ ਲੜਕਾ/ਲੜਕੀ ਜਿਸਦਾ ਨਾਮ ..... ਹੈ ਸਾਲ 2020-21 ਦੌਰਾਨ ਆਪਜੀ ਦੀ ਸੰਸਥਾ ਵਿ ..... ਕਲਾਸ ਵਿੱਚ ਦਾਖ਼ਲਾ ਲੈ ਰਿਹਾ ਹੈ।
3. ਇਹ ਕਿ ਮੈਂ ਅਤੇ ਮੇਰੇ ਲੜਕਾ/ਲੜਕੀ ..... ਜਾਤੀ ਨਾਲ ਸਬੰਧ ਰੱਖਦੇ ਹਾਂ ਕਿ ਸਰਕਾਰ ਵੱਲੋਂ ਅਨੁਸੂਚਿਤ ਜਾਤੀ ਕਰਾਰ ਦਿੱਤਾ ਗਿਆ ਹੈ।
4. ਇਹ ਮੇਰੀ ਅਤੇ ਮੇਰੇ ਪਰਿਵਾਰ ਦੀ ਸਾਲਾਨਾ ਆਮਦਨ ਸਾਰੇ ਵਸੀਲਿਆਂ ਤੋਂ 2, 50000/- ਰੁਪਏ ਤੋਂ ਵੱਧ ਨਹੀਂ ਹੈ ।
5. ਇਹ ਕਿ ਮੇਰੇ ਲੜਕੇ/ਲੜਕੀ ਦੀ ਬਣਦੀ ਫ਼ੀਸ ਮੁਆਫ਼ ਕੀਤੀ ਜਾਵੇ ।

ਬਿਆਨਕਾਰ

ਮੈਂ ਹਲਫ਼ ਨਾਲ ਬਿਆਨ ਕਰਦਾ ਹਾਂ ਕਿ ਮੇਰਾ ਉਕਤ ਬਿਆਨ ਸਹੀ ਵਾ-ਦਰੁਸਤ ਹੈ ਕਿਸੇ ਕਿਸਮ ਦੀ ਕੋਈ ਵੀ ਗੱਲ ਛੁਪਾ ਕੇ ਨਹੀਂ ਰੱਖੀ ਗਈ। ਜੇਕਰ ਮੇਰੇ ਵੱ ਦਿੱਤਾ ਗਿਆ ਬਿਆਨ ਗਲਤ ਕਰਾਰ ਦਿੱਤਾ ਜਾਂਦਾ ਹੈ ਤਾਂ ਮੈਂ ਸਜਾ ਦਾ ਭਾਗੀਦਾਰ ਹੋਵਾਂਗਾ ਅਤੇ ਆਪਣੇ ਲੜਕੇ /ਲੜਕੀ ਦੀ ਪੂਰੀ ਫ਼ੀਸ ਭਰਨ ਲਈ ਪਾਬੰਦ ਹੋਵਾਂਗਾ ।

ਬਿਆਨਕਾਰ

ਨੋਟ: ਇਹ ਹਲਫ਼ੀਆ ਬਿਆਨ ਮਾਪੇ/ਸਰਪ੍ਰਸਤ ਵੱਲੋਂ ਹੋਵੇ ਅਤੇ Executive Magistrate ਤੋਂ ਤਸਦੀਕ ਹੋਵੇ ।

ਵਿਸ਼ਾ : ਪੋਸਟ ਮੈਟ੍ਰਿਕ ਸਕਾਲਰਸ਼ਿਪ ਟੂ ਐੱਸ.ਸੀ./ਓ.ਬੀ.ਸੀ. ਸਕੀਮ ਅਧੀਨ ਦਿਵਿਆਰਥੀਆਂ ਲਈ ਵਜੀਫ਼ਾ ਅਪਲਾਈ ਕਰਨ ਲਈ ਗਾਈਡਲਾਈਨਜ਼ 2020-21

ਕੋਰਸ ਦਾ ਵੇਰਵਾ	ਵਿਦਿਆਰਥੀਆਂ ਵੱਲੋਂ ਸਕਾਲਰਸ਼ਿਪ ਦੇ ਫ਼ਾਰਮ ਭਰਨ ਦੀ ਮਿਤੀ	ਸੰਸਥਾ ਅਤੇ ਕਾਲਜ ਵੱਲੋਂ ਡੀ.ਪੀ.ਆਈ. (ਕਾ) ਨੂੰ ਵਜੀਫਾ ਫਾਰਮ ਭੇਜਣ ਦੀ ਆਖਰੀ ਮਿਤੀ	ਡੀ.ਪੀ.ਆਈ. ਵੱਲੋਂ ਭਲਾਈ ਵਿਭਾਗ ਨੂੰ ਮੰਗ ਭੇਜਣ ਦੀ ਆਖਰੀ ਮਿਤੀ
ਬੀ.ਏ./ਬੀ.ਐੱਸ.ਸੀ. ਭਾਗ-1 ਤੋਂ ਉਪਰ ਦੇ ਸਾਰੇ ਕੋਰਸ (ਨਵਾਂ ਦਾਖ਼ਲਾ)	ਸਕਾਲਰਸ਼ਿਪ ਦੇ ਫਾਰਮ ਭਰਨ ਦੀ ਮਿਤੀ ਭੱਵਿਖ ਵਿੱਚ ਭਲਾਈ ਵਿਭਾਗ ਪੰਜਾਬ ਸਰਕਾਰ ਵੱਲੋਂ ਪ੍ਰਾਪਤ ਪੱਤਰ ਮੁਤਾਬਿਕ ਨੋਟਿਸ ਬੋਰਡ ਉਪਰ ਲਗਾਈ/ਦੱਸੀ ਜਾਵੇਗੀ।		
ਰਿਨਿਊਲ ਕੇਸ ਵਾਸਤੇ	ਰਿਨਿਊਲ ਕੇਸ ਭੇਜਣ ਵਾਸਤੇ ਮਿਤੀ ਭੱਵਿਖ ਵਿੱਚ ਭਲਾਈ ਵਿਭਾਗ ਪੰਜਾਬ ਸਰਕਾਰ ਵੱਲੋਂ ਪ੍ਰਾਪਤ ਪੱਤਰ ਮੁਤਾਬਿਕ ਨੋਟਿਸ ਬੋਰਡ ਉਪਰ ਲਗਾਈ/ਦੱਸੀ ਜਾਵੇਗੀ।		

ਉਪਰੋਕਤ ਮਿਤੀਆਂ ਸੰਬੰਧੀ ਜਾਣਕਾਰੀ ਹਾਸਲ ਕਰਨਾ ਵਿਦਿਆਰਥੀ ਦੀ ਆਪਣੀ ਜਿੰਮੇਵਾਰੀ ਹੋਵੇਗੀ।

ਵਿਦਿਆਰਥੀ 2020-21 ਵਾਸਤੇ ਵਜੀਫ਼ਾ ਫਾਰਮ ਆਪਣੇ ਪੱਧਰ ਤੇ ਆਨਲਾਈਨ ਅਪਲਾਈ ਕਰਨਗੇ, ਜਿਸ ਦਾ ਵੈੱਬਸਾਈਟ ਸਾਫ਼ਟਵੇਅਰ ਵਿਭਾਗ ਵੱਲੋਂ ਤਿਆਰ ਕੀਤਾ ਜਾ ਰਿਹਾ ਹੈ, ਜਿਸ ਬਾਰੇ ਜਾਰੀ ਹੋਣ ਤੇ ਵਿਦਿਆਰਥੀਆਂ ਨੂੰ ਅਪਲਾਈ ਕਰਨ ਲਈ ਵਿਸਥਾਰ ਵਿੱਚ ਅਪਲਾਈ ਕਰਨ ਵਕਤ ਨੋਟਿਸ ਲਗਾਕੇ ਦਸਿਆ ਜਾਵੇਗਾ। ਜੇਕਰ ਕੋਈ ਵਿਦਿਆਰਥੀ ਸਮੇਂ ਸਿਰ ਵਜੀਫਾ ਅਪਲਾਈ ਨਹੀਂ ਕਰਦਾ ਤਾਂ ਕਾਲਜ ਦੀ ਕੋਈ ਜਿੰਮੇਵਾਰੀ ਨਹੀਂ ਹੋਵੇਗੀ।

ਵਜੀਫ਼ਾ ਫਾਰਮ ਆਨਲਾਈਨ ਅਪਲਾਈ ਕਰਨ ਤੋਂ ਬਾਅਦ ਵਿਦਿਆਰਥੀ ਅਪਲਾਈ ਕੀਤੇ ਫਾਰਮ ਦਾ ਪ੍ਰਿੰਟ ਕਢਵਾਉਣਗੇ ਅਤੇ ਆਪਣੇ ਫਾਰਮ ਕਾਲਜ ਵਿੱਚ ਹੇਠ ਲਿਖੇ ਦਸਤਾਵੇਜਾਂ ਅਨੁਸਾਰ ਜਮ੍ਹਾਂ ਕਰਵਾਉਣਗੇ।

ਲੜੀ ਨੰ:	ਵਜੀਫ਼ਾ ਫਾਰਮ ਨਾਲ ਨੱਥੀ ਕਰਨ ਵਾਲੇ ਦਸਤਾਵੇਜਾਂ ਸਬੰਧੀ ਹਦਾਇਤਾਂ
01	ਵਜੀਫ਼ਾ ਫਾਰਮ ਵਿੱਚ ਸਬੰਧਤ ਬੈਂਕ ਦਾ ਨਾਂ/ਆਈ.ਐੱਫ.ਐੱਸ.ਸੀ.ਕੋਡ, ਵਿਦਿਆਰਥੀ ਦੇ ਆਪਣੇ ਆਨਲਾਈਨ ਬੈਂਕ ਦਾ ਪੂਰਾ ਖਾਤਾ ਨੰਬਰ ਦਿੱਤਾ ਹੋਵੇ। ਇਹਨਾਂ ਦਸਤਾਵੇਜਾਂ ਦੀਆਂ ਦੋ ਕਾਪੀਆਂ ਕਰਵਾਉਣੀਆਂ ਹਨ। ਇੱਕ ਫਾਰਮ ਨਾਲ ਨੱਥੀ ਕੀਤੀ ਜਾਵੇ ਅਤੇ ਇੱਕ ਕਾਪੀ ਫਾਰਮ ਜਮ੍ਹਾਂ ਕਰਵਾਉਣ ਵਕਤ ਵਜੀਫ਼ਾ ਕਲਰਕ ਪਾਸ ਜਮ੍ਹਾਂ ਕਰਵਾਈ ਜਾਵੇ। ਵਿਦਿਆਰਥੀ ਦਾ ਬੈਂਕ ਖਾਤਾ ਚਾਲੂ ਹਾਲਤ ਵਿੱਚ ਹੋਣਾ ਚਾਹੀਦਾ ਹੈ।
02	ਐੱਸ.ਸੀ. ਵਿਦਿਆਰਥੀ ਦੀ ਵਜੀਫ਼ਾ ਅਪਲਾਈ ਕਰਨ ਲਈ ਪਰਿਵਾਰ ਦੀ ਸਾਲਾਨਾ ਆਮਦਨ 2,50000 ਤੋਂ ਵੱਧ ਨਾ ਹੋਵੇ ਅਤੇ ਬੀ.ਸੀ. ਵਿਦਿਆਰਥੀ ਦੇ ਪਰਿਵਾਰ ਦੀ ਸਾਲਾਨਾ ਆਮਦਨ ਇੱਕ ਲੱਖ ਤੋਂ ਵੱਧ ਨਾ ਹੋਵੇ।
03	ਵਿਦਿਆਰਥੀ ਦੇ ਪਿਤਾ ਵੱਲੋਂ ਇਨਕਮ ਸਬੰਧੀ ਹਲਫੀਆ ਬਿਆਨ ਕਾਰਜਕਾਰੀ ਮੈਜਿਸਟ੍ਰੇਟ (ਤਹਿਸੀਲਦਾਰ) ਵੱਲੋਂ ਤਸਦੀਕ ਕੀਤਾ ਹੋਵੇ।
04	ਵਿਦਿਆਰਥੀ ਦਾ ਆਪਣੀ ਜਾਤੀ ਨਾਲ ਸਬੰਧਤ ਸਰਟੀਫ਼ਿਕੇਟ ਦੀ ਫੋਟੋ ਕਾਪੀ ਤਸਦੀਕ ਹੋਣਾ ਜ਼ਰੂਰੀ ਹੈ। ਜੋ ਕਿ ਵਜੀਫ਼ਾ ਫਾਰਮ ਨਾਲ ਨੱਥੀ ਕੀਤਾ ਜਾਵੇ।
05	ਵਿਦਿਆਰਥੀ ਆਪਣੇ ਪਿਛਲੇ ਸਾਲ ਦੀ ਪਾਸ ਕੀਤੀ ਕਲਾਸ ਦਾ ਸਰਟੀਫ਼ਿਕੇਟ ਦੀ ਫੋਟੋ ਕਾਪੀ ਫਾਰਮ ਨਾਲ ਨੱਥੀ ਕਰੇਗਾ।
06	ਜੋ ਵਿਦਿਆਰਥੀ ਨੂੰ ਬੀ.ਏ., ਬੀ.ਐੱਸ.ਸੀ., ਬੀ.ਕਾਮ ਭਾਗ-1 ਵਿੱਚ ਦਾਖ਼ਲਾ ਲੈਣਗੇ, ਉਹ ਵਜੀਫ਼ਾ ਫਾਰਮ ਨਾਲ ਆਪਣੇ 10+2 ਦੇ ਸਰਟੀਫ਼ਿਕੇਟ ਨਾਲ ਦਸਵੀਂ ਕਲਾਸ ਦੇ ਸਰਟੀਫ਼ਿਕੇਟ ਦੀ ਫੋਟੋ ਕਾਪੀ ਵੀ ਨੱਥੀ ਕਰਨਗੇ।
07	ਵਿਦਿਆਰਥੀ ਨੂੰ ਇੱਕ ਕਲਾਸ ਦਾ ਵਜੀਫ਼ਾ ਇੱਕ ਵਾਰ ਹੀ ਮਿਲੇਗਾ। ਫੇਲ ਹੋਣ ਦੀ ਸੂਰਤ ਵਿੱਚ ਦੁਬਾਰਾ ਵਜੀਫ਼ਾ ਫਾਰਮ ਅਪਲਾਈ ਕਰਨ ਦੀ ਆਗਿਆ ਨਹੀਂ ਹੋਵੇਗੀ ਅਤੇ ਵਿਦਿਆਰਥੀ ਇੱਕ ਵਜੀਫ਼ਾ ਸਕੀਮ ਵਿੱਚ ਹੀ ਅਪਲਾਈ ਕਰ ਸਕਦਾ ਹੈ।
08	ਅਗਰ ਵਿਦਿਆਰਥੀ ਦੇ ਮਾਤਾ-ਪਿਤਾ ਕੋਈ ਪੈਨਸ਼ਨ ਪ੍ਰਾਪਤ ਕਰਦੇ ਹਨ ਤਾਂ ਕਾਪੀ ਫਾਰਮ ਨਾਲ ਨੱਥੀ ਕੀਤੀ ਜਾਵੇ।
09	ਜਿਸ ਐੱਸ.ਸੀ. ਵਿਦਿਆਰਥੀ ਨੇ ਦਾਖ਼ਲੇ ਵਕਤ ਫ਼ੀਸ ਮੁਆਫ਼ ਕਰਵਾਉਣ ਦਾ ਹਲਫੀਆ ਬਿਆਨ ਦਿੱਤਾ ਹੋਵੇਗਾ। ਉਹ ਐੱਸ.ਸੀ. ਵਿਦਿਆਰਥੀ ਹੀ ਵਜੀਫ਼ਾ ਫਾਰਮ ਦਫਤਰ ਵਿੱਚ ਜਮ੍ਹਾਂ ਕਰਵਾ ਸਕੇਗਾ/ਸਕੇਗੀ।
10	ਵਿਦਿਆਰਥੀ ਦਾ ਆਪਣਾ ਬੈਂਕ ਖਾਤਾ ਹੀ ਹੋਣਾ ਚਾਹੀਦਾ ਹੈ, ਮਾਤਾ-ਪਿਤਾ ਜਾਂ ਭੈਣ-ਭਰਾ ਦਾ ਖਾਤਾ ਨਾ ਹੋਵੇ। ਬੈਂਕ ਦਾ IFSC ਕੋਡ ਜਰੂਰ ਲਿ
11	ਵਿਦਿਆਰਥੀ ਨੂੰ ਦਾਖ਼ਲਾ ਲੈਣ ਸਮੇਂ ਹੀ ਆਪਣਾ ਆਧਾਰ ਕਾਰਡ ਦੀ ਕਾਪੀ ਅਤੇ ਆਧਾਰ ਨੰਬਰ ਦੇਣਾ ਲਾਜ਼ਮੀ ਹੋਵੇਗਾ।
12	ਲਾਭਪਾਤਰੀ ਆਪਣੀ ਅਤੇ ਆਪਣੇ ਮਾਤਾ ਪਿਤਾ ਦੇ ਆਧਾਰ ਕਾਰਡ ਦੀ ਫੋਟੋ ਕਾਪੀ ਨੱਥੀ ਕਰੇ।
13	ਲਾਭਪਾਤਰੀ ਰੈਜੀਡੈਂਸ ਸਰਟੀਫਿਕੇਟ ਦੀ ਕਾਪੀ ਫਾਰਮ ਦੇ ਨਾਲ ਅਟੈਚ ਕਰਨ।



ਸਾਲਾਨਾ ਅਥਲੈਟਿਕਸ ਮੀਟ 2019-20 ਦਾ ਉਦਘਾਟਨ ਕਰਦੇ ਹੋਏ ਐਸ.ਡੀ.ਐਮ. ਸ਼੍ਰੀ ਬਬਨਦੀਪ ਸਿੰਘ ਵਾਲੀਆ



ਜੇਤੂ ਵਿਦਿਆਰਥੀਆਂ ਨੂੰ ਇਨਾਮ ਦਿੰਦੇ ਹੋਏ ਪ੍ਰਿੰ. ਡਾ. ਚਿੰਰਜੀਵ ਕੌਰ (ਮੁੱਖ ਮਹਿਮਾਨ) ਅਤੇ ਕਾਲਜ ਪ੍ਰਿੰ. ਡਾ. ਪਰਮਿੰਦਰ ਸਿਘ ਜੀ



ਕੈਬਨਿਟ ਮੰਤਰੀ ਵਿਜੈ ਇੰਦਰ ਸਿੰਗਲਾ ਜੀ ਦਾ ਸਵਾਗਤ ਕਰਦੇ ਹੋਏ ਪ੍ਰਿੰਸੀਪਲ ਅਤੇ ਕਾਲਜ ਕੌਂਸਲ



ਕੈਬਨਿਟ ਮੰਤਰੀ ਵਿਜੈ ਇੰਦਰ ਸਿੰਗਲਾ ਜੀ ਜੋਨਲ ਯੂਥ ਫੈਸਟੀਵਲ ਦੇ ਇਨਾਮ ਜੇਤੂਆਂ ਨਾਲ





ਕੌਮਾਂਤਰੀ ਮਹਿਲਾ ਦਿਵਸ ਤੇ ਵਿਦਿਆਰਥੀਆਂ ਨੂੰ ਸੰਦੇਸ਼ ਦਿੰਦੇ ਹੋਏ ਕੈਬਨਿਟ ਮੰਤਰੀ ਸ੍ਰੀ ਵਿਜੈ ਇੰਦਰ ਸਿੰਗਲਾ ਅਤੇ ਡਾ. ਹਰਸ਼ਿੰਦਰ ਕੌਰ



ਪੰਜਾਬੀ ਯੂਨੀਵਰਸਿਟੀ ਦੇ ਵਾਇਸ ਚਾਂਸਲਰ ਡਾ. ਬੀ.ਐਸ. ਘੁੰਮਣ ਕਾਲਜ ਵਿਖੇ ਵਿਦਿਆਰਥੀ ਸੁਵਿਧਾ ਸੈਂਟਰ ਦਾ ਉਦਘਾਟਨ ਕਰਦੇ ਹੋਏ।



ਵਾਇਸ ਚਾਂਸਲਰ ਡਾ. ਬੀ.ਐਸ. ਘੁੰਮਣ ਪਾਸੋਂ ਕਾਲਜ ਪ੍ਰਿੰਸੀਪਲ ਅਤੇ ਸਟਾਫ਼ ਅੰਤਰ ਜੋਨਲ ਯੂਥ ਫੈਸਟੀਵਲ ਦੀਆਂ ਜੇਤੂ ਆਈਟਮਾਂ ਦੀ ਟਰਾਫ਼ੀ ਹਾਸਿਲ ਕਰਦੇ ਹੋਏ।





ਕੇਬਨਿਟ ਮੰਤਰੀ ਵਿਜੈ ਇੰਦਰ ਸਿੰਗਲਾ ਜੀ ਅਤੇ ਪ੍ਰਿੰਸੀਪਲ ਡਾ. ਪਰਮਿੰਦਰ ਸਿੰਘ ਗੁਰੂ ਤੇਗ ਬਹਾਦਰ ਵਿੱਦਿਅਕ ਬਲਾਕ ਦਾ ਨੀਂਹ ਪੱਥਰ ਰੱਖਦੇ ਹੋਏ ਅਤੇ ਕਲਾਪ੍ਰਦਰਸ਼ਨੀ ਦੇਖਦੇ ਹੋਏ



ਸ਼੍ਰੀ ਐਸ.ਆਰ. ਲੱਧੜ (I.A.S.Retd.) ਰੀਮੀਡੀਅਲ ਕਲਾਸਾਂ ਦੀ ਸ਼ੁਰੂਆਤ ਦਾ ਉਦਘਾਟਨ ਕਰਦੇ ਹੋਏ।



ਕਾਲਜ ਵਿਖੇ ਰੈਡ ਕਰਾਸ ਯੂਨਿਟ ਵੱਲੋਂ ਲਗਾਏ ਗਏ ਖੂਨਦਾਨ ਕੈਂਪ ਦੇ ਉਦਘਾਟਨ ਸਮੇਂ ਸ਼੍ਰੀ ਘਣਸ਼ਿਆਮ ਕੌਂਸਲ (ਚੇਅਰਮੈਨ ਇੰਡ. ਚੈਂਬਰ), ਪ੍ਰਿੰਸੀਪਲ ਡਾ. ਪਰਮਿੰਦਰ ਸਿੰਘ ਤੇ ਸਟਾਫ



ਕਾਲਜ NSS ਯੂਨਿਟ 3 ਅਤੇ 4 ਵੱਲੋਂ ਮਨਾਏ ਗਏ ਵਣ ਮਹਾਉਤਸਵ ਸਮਾਰੋਹ ਸਮੇਂ ਪ੍ਰਿੰਸੀਪਲ ਡਾ. ਪਰਮਿੰਦਰ ਸਿੰਘ ਬੂਟਾ ਲਗਾਉਂਦੇ ਹੋਏ



ਕਾਲਜ ਵਿਖੇ ਕਰਵਾਏ ਗਏ ਜੋਨਲ ਕ੍ਰਿਕਟ ਮੁਕਾਬਲੇ ਸਮੇਂ ਕਾਲਜ ਦੀ ਜੇਤੂ ਟੀਮ ਨਾਲ ਪ੍ਰਿੰਸੀਪਲ ਡਾ. ਪਰਮਿੰਦਰ ਸਿੰਘ ਅਤੇ ਸਰੀਰਕ ਸਿੱਖਿਆ ਵਿਭਾਗ ਦੇ ਅਧਿਕਾਰੀ



NSS ਯੂਨਿਟ-1 ਅਤੇ 2 ਵੱਲੋਂ ਲਗਾਏ ਗਏ ਕੈਂਪ ਸਮਾਪਤੀ ਸਮਾਰੋਹ ਤੇ ਬੈਸਟ ਵਲੰਟੀਅਰਜ਼ ਨੂੰ ਸਨਮਾਨਿਤ ਕਰਦੇ ਹੋਏ ਕਾਲਜ ਪ੍ਰਿੰਸੀਪਲ ਡਾ. ਪਰਮਿੰਦਰ ਸਿੰਘ



ਕਾਲਜ ਵੱਲੋਂ ਸਾਇੰਸ ਸਿਟੀ ਕਪੂਰਥਲਾ ਵਿਖੇ ਭੇਜੇ ਜਾ ਰਹੇ ਕਾਲਜ NSS ਵਲੰਟੀਅਰਜ਼ ਦੀ ਬੱਸ ਨੂੰ ਝੰਡੀ ਦੇ ਕੇ ਰਵਾਨਾ ਕਰਦੇ ਹੋਏ ਪ੍ਰਿੰਸੀਪਲ ਡਾ. ਪਰਮਿੰਦਰ ਸਿੰਘ

Affiliated to Punjabi University, Patiala
(NAAC Reaccredited Under Cycle II-'B' Grade)
Telefax : 01672-234133

Shiva Printers SNG 92167-00271

ਸਰਕਾਰੀ ਰਣਬੀਰ ਕਾਲਜ, ਸੰਗਰੂਰ

ਪੰਜਾਬੀ ਯੂਨੀਵਰਸਿਟੀ, ਪਟਿਆਲਾ ਨਾਲ ਐਫੀਲਿਏਟਿਡ

GOVT. RANBIR COLLEGE, SANGRUR

Affiliated to Punjabi University, Patiala

ਦਾਖਲੇ ਮਿਤੀ 5-7-2021 ਤੋਂ ਸ਼ੁਰੂ ਹਨ, ਦਾਖ਼ਲਾ ਲੈਣ ਵਾਲੇ ਵਿਦਿਆਰਥੀ ਕਾਲਜ ਵੈੱਬਸਾਈਟ www.ranbircollegesangrur.com ਤੇ ਉਪਲੱਬਧ ਦਾਖਲਾ ਫਾਰਮ online ਭਰਕੇ ਹੀ ਅਪਲਾਈ ਕਰ ਸਕਦੇ ਹਨ।

ਐਂਟਰੀ ਪੁਆਇੰਟ ਦੇ ਦਾਖਲੇ ਪੰਜਾਬ ਸਰਕਾਰ ਦੇ ਪੋਰਟਲ https:/admission.punjab.gov.in /ਪੰਜਾਬੀ ਯੂਨੀਵਰਸਿਟੀ ਦੇ ਦਾਖਲਾ ਸ਼ਡਿਊਲ ਅਨੁਸਾਰ ਹੋਣਗੇ

PROSPECTUS

A HAND BOOK OF INFORMATION 2021-22

COURSES

ਅੰਡਰ -ਗ੍ਰੈਜੂਏਟ ਡਿਗਰੀ ਕੋਰਸ (ਸਮੈਸਟਰ ਪ੍ਰਣਾਲੀ)

ੳ) ਬੀ.ਏ. ਤਿੰਨ ਸਾਲਾ 800 ਸੀਟਾਂ
ਅ) ਬੀ.ਐੱਸਸੀ. ਮੈਡੀਕਲ ਅਤੇ ਨਾਨ-ਮੈਡੀਕਲ (3 ਸਾਲਾ) 75 +75 ਸੀਟਾਂ
ੲ) ਬੀ.ਕਾਮ. (3 ਸਾਲਾ) 60 ਸੀਟਾਂ
ਸ) ਬੀ.ਏ. ਆਨਰਜ਼-ਇਕਨਾਮਿਕਸ, ਫਿਲਾਸਫ਼ੀ ਅਤੇ ਪੋਲ. ਸਾਇੰਸ

ਪੋਸਟ ਗ੍ਰੈਜੂਏਟ ਕੋਰਸ (ਸਮੈਸਟਰ ਪ੍ਰਣਾਲੀ)

ੳ) ਅੰਗਰੇਜ਼ੀ 40 ਸੀਟਾਂ
ਅ) ਪੰਜਾਬੀ 40 ਸੀਟਾਂ
ੲ) ਰਾਜਨੀਤੀ ਸ਼ਾਸਤਰ 40 ਸੀਟਾਂ

ਪੋਸਟ-ਗ੍ਰੈਜੂਏਟ ਸੈਲਫ਼-ਫਾਇਨੈਂਸਿੰਗ ਡਿਪਲੋਮਾ ਕੋਰਸ

ੳ) ਪੀ.ਜੀ.ਡੀ.ਸੀ.ਏ. (ਇੱਕ ਸਾਲਾ) 40 ਸੀਟਾਂ
ਅ) ਐੱਮ.ਐੱਸਸੀ. (IT) 40 ਸੀਟਾਂ
ੲ) ਐੱਮ.ਐੱਸਸੀ. (IT) Lateral 40 ਸੀਟਾਂ

ਅੰਡਰ-ਗ੍ਰੈਜੂਏਟ ਸੈਲਫ ਫਾਇਨੈਂਸਿੰਗ ਡਿਗਰੀ ਕੋਰਸਿਜ਼ (ਸਮੈਸਟਰ ਪ੍ਰਣਾਲੀ)

ੳ) ਬੀ.ਸੀ.ਏ. (B.C.A.) (ਤਿੰਨ ਸਾਲਾ **50 ਸੀਟਾਂ**
ਅ) ਹੋਸਪਿਟੈਲਿਟੀ ਡਿਪਲੋਮਾ ਇਨ ਫੂਡ ਪ੍ਰੋਡਕਸ਼ਨ 25 ਸੀਟਾਂ
ੲ) ਬੀ.ਬੀ.ਏ. (B.B.A.) (ਤਿੰਨ ਸਾਲਾ) **50 ਸੀਟਾਂ**
ਸ) ਹੋਸਪਿਟੈਲਿਟੀ ਡਿਪਲੋਮਾ ਇਨ ਫੂਡ ਐਂਡ ਬੈਵਰੇਜ਼ **25 ਸੀਟਾਂ**
ਏ) ਹੋਸਪਿਟੈਲਿਟੀ ਡਿਪਲੋਮਾ ਇੰਨ ਬੇਕਰੀ ਐਂਡ ਕੁਕਰੀ **50 ਸੀਟਾਂ**
ਸ) ਸਰਟੀਫਿਕੇਟ ਕੋਰਸ ਇੰਨ ਬੇਕਰੀ ਐਂਡ ਕੁਕਰੀ **50 ਸੀਟਾਂ**



e-mail: gcsangrur@gmail.com www.ranbircollegesangrur.com Telefax : 01672-234133

ਕਾਲਜ ਦੇ ਸੰਸਥਾਪਕ



Founder of the College
1878-1948

Vision:

To impart education in a way so as to bring out the higher qualities of mind, body and character of the learners.

Mission:

Transmission of knowledge and education of the masses in the rural, semi-urban and Urban areas of the region .

Imparting higher education to all sections of the Society.

Promotion of Punjabi Language and Culture.

Involving the youth in community activities through Youth welfare, NCC, NSS and Red Cross to inculcate a sense of discipline in them so as to make them responsible citizens of the nation with secular outlook.

Transforming the faculty and students to respect all religions and cultures for making them sensitive global citizens.



ਸਥਾਪਿਤ:1939

ਪ੍ਰਿੰਸੀਪਲ,
ਸਰਕਾਰੀ ਰਣਬੀਰ ਕਾਲਜ, ਸੰਗਰੂਰ
ਫੋਨ: 01672-234133

ਵਿਦਿਆਰਥੀਆਂ ਦੇ ਨਾਂ ਸੁਨੇਹਾ

ਪਿਆਰੇ ਵਿਦਿਆਰਥੀਓ,

ਜੀਂਦ ਰਿਆਸਤ ਦੀ ਰਾਜਧਾਨੀ ਰਹੇ ਜਿਲ੍ਹੇ ਸੰਗਰੂਰ ਦੀ ਸਿਰਮੌਰ ਸੰਸਥਾ ਸਰਕਾਰੀ ਰਣਬੀਰ ਕਾਲਜ ਦੇ ਵਿਹੜੇ ਵਿੱਚ ਆਪ ਸਭ ਦਾ ਸਵਾਗਤ ਕਰਦਾ ਹੋਇਆ, ਮੈਂ ਮਾਣ ਮਹਿਸੂਸ ਕਰਦਾ ਹਾਂ। ਮੈਂ ਸ਼ੁਕਰਗੁਜ਼ਾਰ ਹਾਂ ਉਸ ਪਰਮ ਪਿਤਾ ਪਰਮਾਤਮਾ ਦਾ ਜਿਸਨੇ ਮੈਨੂੰ ਇਸ ਮਾਣਮੱਤੀ ਸੰਸਥਾ ਵਿਚ ਮੁਖੀ ਵਜੋਂ ਸੇਵਾਵਾਂ ਨਿਭਾਉਣ ਦਾ ਮੌਕਾ ਬਖਸ਼ਿਆ ਹੈ ਅਤੇ ਮੈਂ ਤੁਹਾਨੂੰ ਵੀ ਵਧਾਈ ਦਿੰਦਾ ਹਾਂ ਕਿ ਤੁਹਾਨੂੰ ਇੱਥੇ ਸਿੱਖਿਆ ਪ੍ਰਾਪਤੀ ਦਾ ਮੌਕਾ ਮਿਲਣ ਜਾ ਰਿਹਾ ਹੈ।

ਪਿਆਰੇ ਵਿਦਿਆਰਥੀਓ! ਸਿੱਖਿਆ ਵਿਅਕਤੀ ਦੀ ਸਰੀਰਕ, ਮਾਨਸਿਕ ਅਤੇ ਬੌਧਿਕ ਸਮਰੱਥਾ ਵਿਚ ਵਾਧਾ ਕਰਕੇ ਉਸਨੂੰ ਸਮਾਜ ਵਿਚ ਸਨਮਾਨਯੋਗ ਥਾਂ ਦਿਵਾਉਂਦੀ ਹੈ। ਮੈਂ ਅਤੇ ਮੇਰਾ ਸਟਾਫ਼ ਤੁਹਾਡੇ ਸਰਬਪੱਖੀ ਵਿਕਾਸ ਲਈ ਹਰ ਸੰਭਵ ਯਤਨ ਕਰਨ ਲਈ ਵਚਨਬੱਧ ਹਾਂ। ਜਿਥੇ ਇਕ ਪਾਸੇ ਕਾਲਜ ਵਿਖੇ ਪੜ੍ਹਾਏ ਜਾਣ ਵਾਲੇ ਕੋਰਸਾਂ ਦੀ ਗਿਣਤੀ ਸਾਡੇ ਲਈ ਮਾਣ ਦਾ ਵਿਸ਼ਾ ਹੈ। ਉੱਥੇ ਸਹਿ-ਵਿੱਦਿਅਕ ਗਤੀਵਿਧੀਆਂ ਪ੍ਰਤੀ ਵੀ ਇੱਥੇ ਵਿਸ਼ੇਸ਼ ਧਿਆਨ ਦਿੱਤਾ ਜਾਂਦਾ ਹੈ। ਖੇਡਾਂ, ਭਾਸ਼ਣ ਪ੍ਰਤੀਯੋਗਤਾਵਾਂ, ਪ੍ਰਸਾਰ ਭਾਸ਼ਣ, ਵਰਕਸ਼ਾਪ, ਵਿੱਦਿਅਕ ਦੌਰੇ, ਗਿੱਧਾ, ਭੰਗੜਾ, ਨਾਟਕ, ਸੰਗੀਤ ਆਦਿ ਵਿਚ ਭਾਗ ਲੈਣ ਲਈ ਹਰ ਵਿਦਿਆਰਥੀ ਨੂੰ ਪ੍ਰੇਰਿਆ ਜਾਂਦਾ ਹੈ। ਕਾਲਜ ਦੇ ਐਨ.ਸੀ.ਸੀ. ਅਤੇ ਐਨ.ਐਸ.ਐਸ. ਦੇ ਯੂਨਿਟ ਵਿਦਿਆਰਥੀਆਂ ਨੂੰ ਸਮਾਜ ਅਤੇ ਦੇਸ਼ ਪ੍ਰਤੀ ਫਰਜ ਨਿਭਾਉਣ ਲਈ ਟ੍ਰੇਨਿੰਗ ਤੇ ਪੂਰਾ ਮੌਕਾ ਦਿੰਦੇ ਹਨ।

ਪਿਆਰੇ ਵਿਦਿਆਰਥੀਓ! ਪਿਛਲੇ ਸਾਲ ਕੋਵਿਡ-19 ਆਇਆ ਅਤੇ ਉਮੀਦ ਹੈ ਕਿ ਸੰਸਾਰ ਪੱਧਰ ਤੇ ਵੈਕਸੀਨਾਂ ਦੀ ਲੱਭਤ ਸਦਕਾ ਛੇਤੀ ਚਲਾ ਜਾਵੇਗਾ। ਮਨੁੱਖ ਦੀ ਹਿੰਮਤ ਤੇ ਸਿਰੜ ਸਦਕਾ ਅੱਜ ਇਸ ਮਹਾਂ ਭਿਆਨਕ ਰੋਗ ਤੋਂ ਪੂਰਨ ਮੁਕਤੀ ਦੀ ਆਸ ਹੈ। ਪਰ ਇਸ ਕਾਲ ਦੌਰਾਨ ਸਿੱਖਿਆ ਦੇ ਖੇਤਰ ਵਿਚ ਬਹੁਤ ਕੁਝ ਬਦਲ ਗਿਆ ਹੈ। ਇਨ੍ਹਾਂ ਹਾਲਤਾਂ ਵਿਚ ਪੜ੍ਹਾਈ ਲਿਖਾਈ ਅਤੇ ਕੰਮ ਕਾਜ ਦੇ ਢੰਗਾਂ ਵਿਚ ਵੀ ਤੇਜੀ ਨਾਲ ਤਬਦੀਲੀ ਲਿਆਉਣੀ ਪਈ। ਮੈਨੂੰ ਮਾਣ ਹੈ ਕਿ ਇਸ ਨਾਜ਼ੁਕ ਦੌਰ ਵਿਚ ਮੇਰੇ ਅਧਿਆਪਕਾਂ ਤੇ ਵਿਦਿਆਰਥੀਆਂ ਨੇ ਗਜ਼ਬ ਦੀ ਮਜਬੂਤੀ ਦਿਖਾਈ ਅਤੇ ਨਾ-ਕੇਵਲ ਪੜ੍ਹਾਈ ਬਲਕਿ ਹਰ ਤਰ੍ਹਾਂ ਦੀਆਂ ਸਹਿ-ਵਿੱਦਿਅਕ ਗਤੀਵਿਧੀਆਂ ਵੀ ਆਨ-ਲਾਈਨ ਵਿਧੀ ਰਾਹੀਂ ਜਾਰੀ ਰੱਖੀਆਂ।

ਵਿਦਿਆਰਥੀਓ! ਕਿਤਾਬੀ ਗਿਆਨ ਦੇ ਨਾਲ-ਨਾਲ ਮੋਬਾਇਲ/ਕੰਪਿਊਟਰ/ ਇੰਟਰਨੈੱਟ ਭਾਵੇਂ ਸਾਡੀ ਜ਼ਿੰਦਗੀ ਦਾ ਹਿੱਸਾ ਬਣ ਚੁੱਕੇ ਹਨ ਪਰ ਇਨ੍ਹਾਂ ਦੀ ਸੁਚੱਜੀ ਵਰਤੋਂ ਅਤਿ ਜ਼ਰੂਰੀ ਹੈ। ਸਭ ਤੋਂ ਜ਼ਰੂਰੀ ਹੈ ਮਾਂ-ਪਿਓ ਦੀ ਕਦਰ ਕਰਨਾ, ਅਧਿਆਪਕਾਂ ਦਾ ਕਿਹਾ ਮੰਨਣਾ ਅਤੇ ਆਪਣੇ ਤੋਂ ਵੱਡਿਆਂ ਦਾ ਸਤਿਕਾਰ ਕਰਨਾ। ਜ਼ਰੂਰੀ ਹੈ-ਨਸ਼ਿਆਂ ਦੀ ਅਲਾਮਤ ਤੋਂ ਬਚਣਾ, ਜ਼ਰੂਰੀ ਹੈ-ਪ੍ਰਕਿਤਕ ਸਾਧਨਾਂ ਦੀ ਸੁਚੱਜੀ ਵਰਤੋਂ, ਸੜਕੀ ਨਿਯਮਾਂ ਨੂੰ ਜ਼ਰੂਰ ਮੰਨੋ, ਜ਼ਿੰਮੇਵਾਰ ਨਾਗਰਿਕ ਬਣਕੇ ਸਮਾਜਿਕ ਬੁਰਾਈਆਂ ਨਾਲ ਲੜੋ। ਇਸ ਸੰਸਥਾ ਵਿਚ ਇਨ੍ਹਾਂ ਗੱਲਾਂ ਪ੍ਰਤੀ ਅਹਿਦ ਰੱਖਦੇ ਹੋਏ ਸਿੱਖਿਆ ਪ੍ਰਾਪਤੀ ਕਰਨਾ ਤੁਹਾਡੇ ਲਈ ਲਾਜ਼ਮੀ ਸਾਰਥਕ ਸਿੱਧ ਹੋਵੇਗਾ। ਆਸ ਹੈ ਤੁਸੀਂ ਆਪਣੇ ਸੁਨਹਿਰੀ ਸੁਪਨਿਆਂ ਨੂੰ ਸਾਕਾਰ ਕਰੋਗੇ।

ਤੁਹਾਡੇ ਸਾਰਿਆਂ ਦੇ ਉੱਜਵਲ ਭਵਿੱਖ ਲਈ ਬਹੁਤ ਸਾਰੀ ਸ਼ੁਭਕਾਮਨਾਵਾਂ!

ਪ੍ਰੋ. ਸੁਖਬੀਰ ਸਿੰਘ
ਪ੍ਰਿੰਸੀਪਲ

ਸਾਡੇ ਕਾਲਜ ਦੀ ਸ਼ਾਨ

ਅਕਾਦਮਿਕ ਸੈਸ਼ਨ 2020-21



ਭਾਗਰਵੀ ਚਾਵਲਾ (B.Sc.-I Medical)
ਅਜ਼ਾਦੀ ਦੀ 75ਵੀਂ ਵਰ੍ਹੇਗੰਢ ਮੌਕੇ ਯੁਵਕ ਭਲਾਈ ਵਿਭਾਗ ਵਲੋਂ ਕਰਵਾਏ ਭਾਸ਼ਣ ਮੁਕਾਬਲੇ ਵਿਚੋਂ ਪਹਿਲਾ ਸਥਾਨ



ਆਸ਼ੀਆ ਇੰਸਾਨ (B.Sc.-III Non-Med.)
ਜ਼ਿਲ੍ਹਾ ਚੋਣ ਅਫ਼ਸਰ ਵੱਲੋਂ "Persons with Disability" ਦੀ ਚੋਣ ਪ੍ਰਕਿਰਿਆ ਅਤੇ ਮਜ਼ਬੂਤ ਲੋਕਤੰਤਰ ਲਈ ਹਿੰਸੇਦਾਰੀ-ਆਨਲਾਈਨ ਪੋਸਟਰ ਮੇਕਿੰਗ ਮੁਕਾਬਲੇ ਵਿੱਚੋਂ ਪਹਿਲਾ ਸਥਾਨ



ਹਰਦੀਪ ਸਿੰਘ (B.A.-III)
ਜ਼ਿਲ੍ਹਾ ਚੋਣ ਅਫ਼ਸਰ ਵੱਲੋਂ "Persons with Disability" ਦੀ ਚੋਣ ਪ੍ਰਕਿਰਿਆ ਅਤੇ ਮਜ਼ਬੂਤ ਲੋਕਤੰਤਰ ਲਈ ਹਿੰਸੇਦਾਰੀ-ਆਨਲਾਈਨ ਲੇਖ ਮੁਕਾਬਲੇ ਵਿੱਚੋਂ ਪਹਿਲਾ ਸਥਾਨ



ਮਨਮੀਤ ਕੌਰ (B.A.-III)
ਜ਼ਿਲ੍ਹਾ ਚੋਣ ਅਫ਼ਸਰ ਵੱਲੋਂ "Persons with Disability" ਦੀ ਚੋਣ ਪ੍ਰਕਿਰਿਆ ਅਤੇ ਮਜ਼ਬੂਤ ਲੋਕਤੰਤਰ ਲਈ ਹਿੰਸੇਦਾਰੀ-ਆਨਲਾਈਨ ਭਾਸ਼ਣ ਮੁਕਾਬਲੇ ਵਿੱਚੋਂ ਪਹਿਲਾ ਸਥਾਨ ਅਤੇ N.S.S. ਬੈਸਟ ਵਲੰਟੀਅਰ ਯੂਨਿਟ-IV



ਮਹਿਕ ਜਿੰਦਲ (B.A.-I)
ਜ਼ਿਲ੍ਹਾ ਚੋਣ ਅਫ਼ਸਰ ਵੱਲੋਂ "Persons with Disability" ਦੀ ਚੋਣ ਪ੍ਰਕਿਰਿਆ ਅਤੇ ਮਜ਼ਬੂਤ ਲੋਕਤੰਤਰ ਲਈ ਹਿੰਸੇਦਾਰੀ-ਆਨਲਾਈਨ ਕਾਵਿ-ਉਚਾਰਨ ਮੁਕਾਬਲੇ ਵਿੱਚੋਂ ਪਹਿਲਾ ਸਥਾਨ



ਸਨਪ੍ਰੀਤ ਸਿੰਘ (B.Sc.-III Non-Med.)
N.S.S. ਬੈਸਟ ਵਲੰਟੀਅਰ
ਯੂਨਿਟ-I



ਨਿਸ਼ਾ ਗਰਗ (B.Sc.-III Non-Med.)
N.S.S. ਬੈਸਟ ਵਲੰਟੀਅਰ
ਯੂਨਿਟ-II



ਨਵਜੋਤ ਸਿੰਘ (B.Com.-III)
N.S.S. ਬੈਸਟ ਵਲੰਟੀਅਰ
ਯੂਨਿਟ-III



ਗੁਰਤੇਜ ਸਿੰਘ (B.A.-III)
N.S.S. ਬੈਸਟ ਵਲੰਟੀਅਰ
ਯੂਨਿਟ-III



ਅਵੀਸ਼ ਦੁਆ (B.Com.-III)
N.S.S. ਬੈਸਟ ਵਲੰਟੀਅਰ
ਯੂਨਿਟ-III



ਚਮਨਦੀਪ ਕੌਰ (B.Com.-III)
ਸੀਨੀਅਰ ਅੰਡਰ ਅਫ਼ਸਰ N.C.C.




ਮਨਪ੍ਰੀਤ ਕੌਰ (B.A.-I)
ਬੈਸਟ ਐਥਲੀਟ (ਲੜਕੀਆਂ)
ਸਾਲਾਨਾ ਐਥਲੈਟਿਕ ਮੀਟ



ਗੁਰਬੀਰ ਸਿੰਘ (B.A.-I)
ਬੈਸਟ ਐਥਲੀਟ (ਲੜਕੇ)
ਸਾਲਾਨਾ ਐਥਲੈਟਿਕ ਮੀਟ



ਕਾਲਾ ਸਿੰਘ (B.A.-I)
ਪੰਜਾਬ ਸਰਕਾਰ ਵੱਲੋਂ ਲਗਾਏ 'ਰੋਜ਼ਗਾਰ ਮੇਲੇ' ਵਿੱਚ ਪਹਿਲ ਦੇ ਆਧਾਰ ਤੇ ਨੌਕਰੀ ਪ੍ਰਾਪਤ ਕੀਤੀ



ਅਮਰੀਕ ਸਿੰਘ (M.A.-II ਪੰਜਾਬੀ)
ਅਪੀਅਰਿੰਗ ਦੋਵਾਨ U.G.C. (NET)
ਦੀ ਪ੍ਰੀਖਿਆ ਪਾਸ ਕੀਤੀ

ਤਤਕਰਾ

ਲੜੀ ਨੰ:	ਸਿਰਲੇਖ	ਪੰਨਾ ਨੰ:
1.	ਕਾਲਜ ਦਾ ਸੰਖੇਪ ਇਤਿਹਾਸ	2
2.	ਅਧਿਐਨ ਦੇ ਕੋਰਸ ਅਤੇ ਸੀਟਾਂ / ਦਾਖ਼ਲੇ ਸਬੰਧੀ ਜ਼ਰੂਰੀ ਮਿਤੀਆਂ	3-4
3.	ਕਾਲਜ ਲੇਅ-ਆਊਟ/ਪ੍ਰਮੋਟ ਹੋਣ ਵਾਲੇ ਵਿਦਿਆਰਥੀਆਂ ਲਈ ਦਾਖਲਾ ਸ਼ਡਿਊਲ	5
4.	ਦਾਖਲੇ ਦੀਆਂ ਮਿਤੀਆਂ ਦਾ ਸ਼ਡਿਊਲ	6
5.	ਕਾਲਜ ਸਟਾਫ਼	7-8
6.	ਪ੍ਰਮੁੱਖ ਪ੍ਰਬੰਧਕੀ ਸਹਿਯੋਗੀ	9
7.	ਦਫ਼ਤਰੀ ਅਮਲਾ	10
8.	ਦਾਖ਼ਲਾ ਨਿਯਮ	11
9.	ਦਾਖ਼ਲਾ ਫਾਰਮ ਭਰਨ ਲਈ ਹਦਾਇਤਾਂ	12
10.	ਰਾਖਵੀਆਂ ਸੀਟਾਂ, ਪੰਜਾਬੀ ਲਾਜ਼ਮੀ ਵਿਸ਼ੇ ਦੀ ਪੜ੍ਹਾਈ ਤੋਂ ਛੋਟ, ਫੈਕਲਟੀ ਅਤੇ ਵਿਸ਼ੇ ਬਦਲੀ ਸੰਬੰਧੀ	13
11.	ਫ਼ੀਸਾਂ ਬਾਰੇ ਸੂਚਨਾ, ਫ਼ੀਸ ਮੁਆਫੀ ਅਤੇ ਵਿੱਤੀ ਸਹਾਇਤਾ,	14
12.	ਬੀ. ਏ. (ਤਿੰਨ ਸਾਲਾ ਕੋਰਸ), ਬੀ. ਐੱਸਸੀ. ਮੈਡੀਕਲ ਅਤੇ ਨਾਨ-ਮੈਡੀਕਲ	15-16-17
13.	ਬੀ. ਐੱਸਸੀ. ਮੈਡੀਕਲ ਅਤੇ ਨਾਨ-ਮੈਡੀਕਲ ਫ਼ੀਸ ਦਾ ਵੇਰਵਾ	17-18
14.	ਬੀ. ਕਾਮ. (ਤਿੰਨ ਸਾਲਾ ਕੋਰਸ), ਫ਼ੀਸ ਦਾ ਵੇਰਵਾ	19
15.	ਐੱਮ. ਏ. (ਦੋ ਸਾਲਾ ਕੋਰਸ)	20
16.	ਐੱਚ. ਈ.ਆਈ.ਐੱਸ. ਅਧੀਨ ਚੱਲ ਰਹੇ ਕੋਰਸਿਜ਼	21
17.	ਬੀ.ਸੀ.ਏ. ਅਤੇ ਬੀ.ਬੀ.ਏ.	21-22-23
18.	ਪੋਸਟ ਗ੍ਰੈਜੂਏਟ ਡਿਪਲੋਮਾ ਇਨ ਕੰਪਿਊਟਰ ਐਪਲੀਕੇਸ਼ਨਜ਼	23
19.	ਮਾਸਟਰ ਆਫ਼ ਸਾਇੰਸ (ਇਨਫੋਰਮੇਸ਼ਨ ਟੈਕਨੋਲੋਜੀ) ਅਤੇ ਐਮ.ਐਸਸੀ, ਲੇਟਰਲ	24
20.	ਹੋਸਪਿਟੈਲਿਟੀ ਡਿਪਲੋਮਾ ਕੋਰਸਿਜ਼	25
21.	ਫ਼ੀਸਾਂ ਦਾ ਵੇਰਵਾ, ਸੈਲਫ ਫਾਈਨੈਂਸਿੰਗ ਕੋਰਸਿਜ਼ ਲਈ ਆਮ ਹਦਾਇਤਾਂ	27
22.	ਵਜੀਫੇ, ਛੁੱਟੀ ਅਤੇ ਜੁਰਮਾਨੇ ਬਾਰੇ ਜਾਣਕਾਰੀ	28
23.	ਗ਼ੈਰਹਾਜ਼ਰੀ, ਨਾਮ ਕੱਟ ਜਾਣਾ ਅਤੇ ਮੁੜ ਦਾਖ਼ਲਾ, ਯੂਨੀਵਰਸਿਟੀ ਪ੍ਰੀਖਿਆ ਲਈ ਨਿਯਮ/ਸ਼ਰਤਾਂ, ਟਿਊਟੋਰੀਅਲ ਗਰੁੱਪ ਪ੍ਰਣਾਲੀ ਅਤੇ ਸ਼ਨਾਖਤੀ ਕਾਰਡ ਦੇ ਨਿਯਮ	29-30
24.	ਪੁਰਸਕਾਰਾਂ ਲਈ ਨਿਯਮ	30-35
25.	ਐੱਨ. ਸੀ. ਸੀ.	35
26.	ਐੱਨ. ਐੱਸ. ਐੱਸ., ਰੈੱਡ ਕਰਾਸ, ਕੈਰੀਅਰ ਕਾਊਂਸਲਿੰਗ ਅਤੇ ਪਲੇਸਮੈਂਟ ਸੈੱਲ ਸੂਚਨਾ ਦਾ ਅਧਿਕਾਰ ਐਕਟ, ਸੜਕ ਸੁਰੱਖਿਆ ਕਮੇਟੀ, ਤੰਬਾਕੂ ਕੰਟਰੋਲ ਸੈੱਲ ਅਤੇ ਐਂਟੀ ਨਾਰਕੋਟਿਕ ਕਲੱਬ ਪੀ.ਟੀ.ਏ., ਕਾਨੂੰਨੀ ਸਾਖ਼ਰਤਾ ਸੈੱਲ, ਰੈੱਡ ਰੀਬਨ ਕਲੱਬ ਅਤੇ ਇਨਵਾਇਰਮੈਂਟ ਅਵੇਰਨੈੱਸ ਸੋਸਾਇਟੀ	36
27.	ਰਣਬੀਰ ਐਲੂਮਨੀ ਕਲੱਬ ਸੰਗਰੂਰ, ਫੁਟਕਲ ਜਾਣਕਾਰੀ ਅਤੇ ਕਾਲਜ ਅਨੁਸ਼ਾਸਨ	37
28.	ਕਾਲਜ ਕੈਲੰਡਰ 2021-22 / ਐੱਸ.ਸੀ. ਵਿਦਿਆਰਥੀਆਂ ਦੀਆਂ ਫ਼ੀਸਾਂ ਸਬੰਧੀ	38
29.	ਪੋਸਟ ਮੈਟ੍ਰਿਕ ਸਕਾਲਰਸ਼ਿਪ ਟੂ ਐੱਸ.ਸੀ./ਓ.ਬੀ.ਸੀ. ਸਕੀਮ ਅਧੀਨ ਵਿਦਿਆਰਥੀਆਂ ਲਈ ਵਜੀਫ਼ਾ ਅਪਲਾਈ ਕਰਨ ਲਈ ਗਾਈਡਲਾਈਨਜ਼ 2021-22	39-40

ਕਾਲਜ ਦਾ ਸੰਖੇਪ ਇਤਿਹਾਸ

ਜੀਂਦ ਰਿਆਸਤ ਦੇ ਅੰਤਿਮ ਮਹਾਰਾਜਾ ਰਣਬੀਰ ਸਿੰਘ ਜੀ ਵੱਲੋਂ ਸਿੱਖਿਆ ਦੇ ਖੇਤਰ ਵਿੱਚ ਪਾਏ ਯੋਗਦਾਨ ਵਿੱਚ ਜੀਂਦ ਰਿਆਸਤ ਦੀ ਰਾਜਧਾਨੀ ਸੰਗਰੂਰ ਵਿੱਚ ਸਥਾਪਿਤ ਸਰਕਾਰੀ ਰਣਬੀਰ ਕਾਲਜ ਸੰਗਰੂਰ, ਮਾਲਵੇ ਖੇਤਰ ਲਈ ਇੱਕ ਪ੍ਰਮੁੱਖ ਵਿੱਦਿਆ ਦਾ ਕੇਂਦਰ ਹੈ।10 ਨਵੰਬਰ 1899 ਵਿੱਚ ਮਹਾਰਾਜਾ ਰਣਬੀਰ ਸਿੰਘ ਜੀ ਵੱਲੋਂ ਉਸ ਸਮੇਂ ਦੇ ਲੈਫਟੀਨੈਂਟ ਗਵਰਨਰ ਪੰਜਾਬ ਸਰ ਵਿਲੀਅਮ ਐਮ. ਯੰਗ. ਦੀ ਹਾਜਰੀ ਵਿੱਚ **"ਡਾਇਮੰਡ ਜੁਬਲੀ ਕਾਲਜ"** ਦਾ ਉਦਘਾਟਨ ਕੀਤਾ ਗਿਆ ਜੋ ਬਾਅਦ ਵਿੱਚ ਸਰਕਾਰੀ ਰਣਬੀਰ ਕਾਲਜ ਦੇ ਨਾਂ ਨਾਲ ਜਾਣਿਆ ਜਾਣ ਲੱਗਿਆ। ਪਰ ਕੁਝ ਕਾਰਣਾ ਕਰਕੇ ਕਈ ਸਾਲਾਂ ਤੱਕ ਇਸ ਕਾਲਜ ਵਿੱਚ ਪੜ੍ਹਾਈ ਦਾ ਕੰਮ ਸ਼ੁਰੂ ਨਹੀਂ ਹੋਇਆ ਕਿਉਂਕਿ ਸਿੱਖਿਆ ਹਾਸਿਲ ਕਰਨ ਦੇ ਚਾਹਵਾਨ ਵਿਦਿਆਰਥੀ ਲੁਧਿਆਣਾ-ਦਿੱਲੀ ਅਤੇ ਪਟਿਆਲਾ ਦੇ ਕਾਲਜਾਂ ਵਿਖੇ ਦਾਖਲਾ ਲੈ ਲੈਂਦੇ ਸਨ। ਪਰ ਮਹਾਰਾਜਾ ਰਣਬੀਰ ਸਿੰਘ ਜੀ ਨੇ 1939 ਈ. ਵਿੱਚ ਆਪਣੇ ਸ਼ਾਸਨ ਦੀ ਗੋਲਡਨ ਜੁਬਲੀ ਅਵਸਰ ਤੇ ਇੱਥੇ ਇੰਟਰਮੀਡੀਏਟ ਕਾਲਜ ਸ਼ੁਰੂ ਕੀਤਾ ਜੋ ਕਿ ਪੰਜਾਬ ਯੂਨੀਵਰਸਿਟੀ, ਲਾਹੌਰ ਨਾਲ Affiliated ਸੀ। ਕਾਲਜ ਦਾ ਅਕਾਦਮਿਕ ਪੱਧਰ ਉੱਚਾ ਚੁੱਕਣ ਲਈ 1939 ਵਿੱਚ 50,000/- ਰੁਪਏ ਖਰਚ ਕੇ "ਦਲੀਪ ਸਾਇੰਸ ਬਲਾਕ" ਦੀ ਉਸਾਰੀ ਕਰਵਾਈ ਅਤੇ F.Sc. (Non-Medical) ਕਲਾਸ ਸ਼ੁਰੂ ਕੀਤੀ। 1914 ਅਤੇ 1942 ਵਿੱਚ ਪਹਿਲੇ ਦੋ ਬੈਚ F.Sc. ਅਤੇ FA ਦੇ ਵਿਦਿਆਰਥੀਆਂ ਦੇ ਆਏ ਸ਼ਾਨਦਾਰ ਨਤੀਜਿਆਂ ਨੇ ਇਸ ਕਾਲਜ ਦੀ ਅਹਿਮੀਅਤ ਬਹੁਤ ਵਧਾ ਦਿੱਤੀ ਅਤੇ ਵਿਦਿਆਰਥੀਆਂ ਵਿੱਚ ਦਾਖਲੇ ਦਾ ਰੁਝਾਨ ਬਹੁਤ ਵਧਣਾ ਸ਼ੁਰੂ ਹੋ ਗਿਆ। ਪੰਜਾਬ ਯੂਨੀਵਰਸਿਟੀ, ਲਾਹੌਰ ਦੀ ਟੀਮ ਨੇ ਆਪ ਮਹਾਰਾਜਾ ਸਾਹਿਬ ਪਾਸ ਪਹੁੰਚ ਕਰਕੇ ਇਸ ਨੂੰ ਡਿਗਰੀ ਕਾਲਜ ਬਣਾਉਣ ਦੀ ਪੇਸ਼ਕਸ਼ ਕੀਤੀ ਅਤੇ ਯੂਨੀਵਰਸਿਟੀ ਵਲੋਂ ਆਈ ਮੁਆਇਨਾ ਕਮੇਟੀ ਦੀ ਰਿਪੋਰਟ ਉਪਰੰਤ 1943 ਵਿੱਚ ਪੂਰਨ ਡਿਗਰੀ ਕਾਲਜ ਬਣ ਗਿਆ। ਅੰਗਰੇਜੀ, ਫਾਰਸੀ, ਇਤਿਹਾਸ ਅਤੇ ਅਰਥ ਸ਼ਾਸਤਰ ਦੇ ਵਿਸ਼ੇ ਪੜਾਏ ਜਾਣ ਲੱਗ ਪਏ। 1940 ਈ. ਵਿੱਚ ਚੇਤਨ ਆਨੰਦ ਇਸ ਕਾਲਜ ਦੇ ਪਹਿਲੇ ਪ੍ਰਿੰਸੀਪਲ ਸਨ ਅਤੇ 1941 ਈ. ਸ਼੍ਰੀ ਗਿਰਧਾਰੀ ਲਾਲ ਉਹਨਾਂ ਦੀ ਥਾਂ ਦੂਜੇ ਪ੍ਰਿੰਸੀਪਲ ਬਣੇ। ਮਹਾਰਾਜਾ ਰਣਬੀਰ ਸਿੰਘ ਜੀ ਵੱਲੋਂ ਕਾਲਜ ਦੇ ਪ੍ਰਿੰਸੀਪਲ ਲਈ ਵਿਸ਼ੇਸ਼ ਸਤਿਕਾਰ ਦਾ ਸਬੂਤ ਦਿੰਦੇ ਕੈਂਪਸ ਤੋਂ ਬਾਹਰ ਇਤਿਹਾਸਕ ਕਾਲੀ ਦੇਵੀ ਮੰਦਿਰ ਦੇ ਸਾਹਮਣੇ ਪਟਿਆਲਾ ਗੇਟ, ਇੱਕ **"ਕਾਲਜ ਹਾਊਸ"** ਦੀ ਉਸਾਰੀ ਕਰਵਾਈ ਜੋ ਹੁਣ ਪੰਜਾਬ ਸਰਕਾਰ ਪਾਸੋਂ ਰੈਨੋਵੇਸ਼ਨ ਦੀ ਮੰਗ ਕਰ ਰਿਹਾ ਹੈ। 1963 ਈ ਵਿੱਚ ਲੜਕੀਆਂ ਦੇ ਰਣਬੀਰ ਕਾਲਜ ਨੂੰ ਇਸ ਕਾਲਜ ਵਿੱਚ ਮਿਲਾ ਕੇ ਕੋ-ਐਜੂਕੇਸ਼ਨ ਕਾਲਜ ਬਣਾ ਦਿੱਤਾ ਗਿਆ। 1970 ਈ. ਵਿੱਚ ਇਸ ਕਾਲਜ ਨੂੰ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਅਧਿਕਾਰ ਖੇਤਰ ਵਿੱਚੋਂ ਕੱਢ ਕੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਅਧਿਕਾਰ ਖੇਤਰ ਅਧੀਨ ਲਿਆਂਦਾ ਗਿਆ।

ਸੰਗਰੂਰ ਸ਼ਹਿਰ ਦੀ ਬਾਊਂਡਰੀ ਤੋਂ ਬਾਹਰ ਰਾਮਬਾਗ ਵਿੱਚ ਉਸ ਸਮੇਂ 29 ਏਕੜ ਵਿੱਚ ਸਥਾਪਿਤ ਕੀਤਾ ਗਿਆ ਸਰਕਾਰੀ ਰਣਬੀਰ ਕਾਲਜ ਹੁਣ ਸ਼ਹਿਰ ਦੇ ਵਿਕਾਸ ਅਤੇ ਪ੍ਰਸਾਰ ਕਾਰਣ ਸੰਗਰੂਰ ਸ਼ਹਿਰ ਦਾ ਹਿੱਸਾ ਬਣ ਚੁੱਕਿਆ ਹੈ ਜਿਸ ਦੇ ਪ੍ਰਵੇਸ਼ ਦੁਆਰ ਦੇ ਨਾਲ ਹੀ ਖੇਡਾਂ ਦੇ ਖੁੱਲ੍ਹੇ-ਖੁੱਲ੍ਹੇ ਮੈਦਾਨ, ਅੰਦਰ ਚਾਰੇ ਪਾਸੇ ਹਰੇ ਭਰੇ ਸੁੰਦਰ ਬਗੀਚੇ ਹਨ। ਗੇਟ ਦੀ ਐਂਟਰੀ ਤੇ ਸੱਜੇ ਹੱਥ ਬਣੀ ਬਿਲਡਿੰਗ, ਮਹਾਰਾਣੀ ਵਿਕਟੋਰੀਆ ਦੇ ਤਾਜ ਦਾ ਪ੍ਰਤੀਕ ਅਤੇ ਭਵਨ ਨਿਰਮਾਣ ਕਲਾ ਦਾ ਸੁੰਦਰ ਨਮੂਨਾ ਹੈ। ਕਾਲਜ ਦੇ ਦੂਸਰੇ ਗੇਟ ਦੇ ਅੰਦਰ ਵੜਦਿਆਂ ਹੀ ਮੁੱਖ ਰਿਆਸਤੀ ਬਿਲਡਿੰਗ ਕਾਲਜ ਦਾ ਆਕਰਸ਼ਿਤ ਦ੍ਰਿਸ਼ ਪੇਸ਼ ਕਰਦੀ ਹੈ। ਪ੍ਰਬੰਧਕੀ ਬਲਾਕ, ਕੰਟੀਨ, ਰੂਸਾ ਬਲਾਕ, ਪੀ.ਜੀ.ਬਲਾਕ, ਸਾਇੰਸ ਬਲਾਕ, ਪੀ.ਟੀ.ਏ. ਬਲਾਕ, ਸੈਲਫ ਫਾਈਨਾਂਸ ਵਿਭਾਗ, ਲਾਇਬ੍ਰੇਰੀ ਆਦਿ ਦੀਆਂ ਇਮਾਰਤਾਂ ਇਸ ਤਰ੍ਹਾਂ ਸਥਾਪਿਤ ਹਨ ਕਿ ਹਰ ਇਮਾਰਤਾਂ ਸਾਹਮਣੇ ਹਰੇ ਭਰੇ ਘਾਹ ਅਤੇ ਫੁੱਲਾਂ ਨਾਲ ਸਜੇ ਪਾਰਕ ਨਜ਼ਰ ਆਉਂਦੇ ਹਨ। ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਚਾਰ ਸੌ ਸਾਲਾਂ ਨੂੰ ਸਮਰਪਿਤ **"ਗੁਰੂ ਤੇਗ ਬਹਾਦਰ ਅਕਾਦਮਿਕ ਬਲਾਕ"** ਮੁਕੰਮਲ ਹੋ ਚੁੱਕਾ ਹੈ। ਲੜਕੀਆਂ ਲਈ ਇੱਕ ਵੱਖਰਾ ਖੇਡ ਗਰਾਊਂਡ ਤਿਆਰ ਹੋ ਚੁੱਕਿਆ ਹੈ। ਸਰਕਾਰ ਵੱਲੋਂ ਗ੍ਰਾਂਟ ਮਿਲਣ ਤੇ ਇਸ ਦਾ ਹੋਰ ਸੁਧਾਰ ਕੀਤਾ ਜਾਵੇਗਾ। ਮਾਣਯੋਗ ਸ੍ਰੀ ਵਿਜੈ ਇੰਦਰ ਸਿੰਗਲਾ ਜੀ, ਹਲਕਾ ਵਿਧਾਇਕ ਅਤੇ ਕੈਬਨਿਟ ਮੰਤਰੀ ਪੰਜਾਬ ਸਰਕਾਰ ਦੇ ਯਤਨਾਂ ਵਜੋਂ 50 ਲੱਖ ਰੁਪਏ ਆਡੀਟੋਰੀਅਮ ਅੱਪਗ੍ਰੇਡੇਸ਼ਨ ਲਈ ਖਰਚ ਹੋ ਚੁੱਕੇ ਹਨ ਅਤੇ 2 ਕਰੋੜ ਰੁਪਏ ਦੀ ਲਾਗਤ ਨਾਲ ਬਣਨ ਵਾਲਾ ਲਾਇਬ੍ਰੇਰੀ ਬਲਾਕ ਨਿਰਮਾਣ ਅਧੀਨ ਹੈ। ਇਸ ਤੋਂ ਇਲਾਵਾ ਕਾਲਜ ਦੀ ਬਾਊਂਡਰੀ ਵਾਲ ਪੂਰੀ ਹੋ ਚੁੱਕੀ ਹੈ। ਅੰਦਰੂਨੀ ਸੜਕਾਂ ਦੀ ਮੁੜ ਉਸਾਰੀ ਸਾਡੇ ਮੁੱਖ ਟੀਚੇ ਹਨ। ਬਾਹਰੀ ਗੰਦੇ ਨਾਲੇ ਦੇ ਚੁੱਕਵੇਂ ਹੱਲ ਲਈ ਅਸੀਂ ਮੰਤਰੀ ਸਾਹਿਬ ਦੇ ਰਿਣੀ ਹਾਂ।

ਅਕਾਦਮਿਕ ਪੱਖ ਤੋਂ ਇਸ ਕਾਲਜ ਵਿੱਚ ਸੱਤ ਪੋਸਟ ਗ੍ਰੈਜੂਏਟ ਕੋਰਸ (ਐਮ.ਏ. ਅੰਗਰੇਜੀ, ਪੰਜਾਬੀ, ਰਾਜਨੀਤੀ ਸ਼ਾਸਤਰ, ਇਤਿਹਾਸ, ਐਮ.ਐਸ.ਸੀ., ਆਈ. ਟੀ., (ਲੈਟਰਲ ਐਂਟਰੀ), ਪੀ.ਜੀ.ਡੀ.ਸੀ.ਏ. ਤੋਂ ਇਲਾਵਾ ਬੀ.ਏ. 16 ਚੋਣਵੇਂ ਵਿਸ਼ੇ ਨਾਲ, ਬੀ.ਐਸ.ਸੀ. (ਮੈਡੀਕਲ ਅਤੇ ਨਾਨ ਮੈਡੀਕਲ), ਬੀ. ਕਾਮ, ਬੀ.ਬੀ.ਏ, ਬੀ.ਸੀ.ਏ., ਗ੍ਰੈਜੂਏਸ਼ਨ ਪੱਧਰ ਦੇ ਕੋਰਸ ਚੱਲ ਰਹੇ ਹਨ। ਇਸ ਤੋਂ ਇਲਾਵਾ ਡਿਪਲੋਮਾ ਇਨ ਫੂਡ ਪ੍ਰੋਡਕਸ਼ਨ ਅਤੇ ਸਰਟੀਫਿਕੇਟ ਕੋਰਸ ਇਨ ਬੇਕਰੀ ਐਂਡ ਕੁਕਰੀ Shot Term ਕੋਰਸ ਵੀ ਚੱਲ ਰਹੇ ਹਨ। ਵਿਦਿਆਰਥੀਆਂ ਨੂੰ ਇਹ ਵੀ ਸਹੂਲਤ ਹੈ ਕਿ Short term ਕੋਰਸ ਆਪਣੇ ਰੈਗੂਲਰ ਕੋਰਸ ਦੇ ਨਾਲ-ਨਾਲ ਕਰ ਸਕਦੇ ਹਨ।

ਸਰਕਾਰੀ ਰਣਬੀਰ ਕਾਲਜ ਸੰਗਰੂਰ NAAC ਵੱਲੋਂ cycle II ਵਿੱਚ ਬੀ. ਗ੍ਰੇਡ ਵਿੱਚ accredit ਹੋ ਚੁੱਕਿਆ ਹੈ। ਕਾਲਜ ਵਿੱਚ College Council, PTA, HEIS, Alumni ਸੰਸਥਾਵਾਂ ਕਾਲਜ ਦੇ ਸਰਵਪੱਖੀ ਵਿਕਾਸ ਲਈ ਤਤਪਰ ਰਹਿੰਦੀਆਂ ਹਨ। ਕਾਲਜ ਕੈਂਪਸ ਅੰਦਰ ਹੀ ਸਟੇਟ ਬੈਂਕ ਆਫ਼ ਇੰਡੀਆਂ ਦੀ ਬ੍ਰਾਂਚ ਹੈ। ਵਿਕਿਦਆਰਥੀਆਂ ਦੀਆਂ ਕਲਾਕ੍ਰਿਤੀਆਂ ਨੂੰ ਉਜਾਗਰ ਕਰਨ ਲਈ ਅਤੇ ਉਨਾਂ ਦੀਆਂ ਰਚਨਾਵਾਂ ਤੇ ਆਧਾਰਿਤ ਮੈਗਜ਼ੀਨ **"ਦ ਰਣਬੀਰ"** ਹਰ ਸਾਲ ਪ੍ਰਕਾਸ਼ਿਤ ਹੁੰਦਾ ਹੈ। ਵਿਦਿਆਰਥੀ ਅਕਾਦਮਿਕ ਪ੍ਰਾਪਤੀਆਂ ਦੇ ਨਾਲ-ਨਾਲ ਸਹਿ-ਵਿਦਿਅਕ ਅਤੇ ਖੇਡਾਂ ਦੇ ਖੇਤਰ ਵਿੱਚ ਰਾਜ ਅਤੇ ਰਾਸ਼ਟਰੀ ਪੱਧਰ ਦੇ ਮੁਕਾਬਲਿਆਂ ਵਿੱਚ ਹਿੱਸਾ ਲੈ ਕੇ ਕਾਲਜ ਦਾ ਨਾਮ ਰੋਸ਼ਨ ਕਰਦੇ ਹਨ। ਅਸੀਂ ਇਸ ਇਤਿਹਾਸਕ ਕਾਲਜ ਅਤੇ ਇਸ ਸੰਸਥਾ ਦੇ ਸੰਸਥਾਪਕ ਨੂੰ ਸਲਾਮ ਕਰਦੇ ਹਾਂ।

ਅਧਿਐਨ ਦੇ ਕੋਰਸ ਅਤੇ ਸੀਟਾਂ

ਅੰਡਰ –ਗ੍ਰੈਜੂਏਟ ਡਿਗਰੀ ਕੋਰਸ :

ੳ) ਬੀ.ਏ. ਤਿੰਨ ਸਾਲਾ (ਸਮੈਸਟਰ ਪ੍ਰਣਾਲੀ) 800 ਸੀਟਾਂ

ਅ) ਬੀ.ਐੱਸਸੀ. ਮੈਡੀਕਲ ਅਤੇ ਨਾਨ–ਮੈਡੀਕਲ (ਤਿੰਨ ਸਾਲਾ) (ਸਮੈਸਟਰ ਪ੍ਰਣਾਲੀ) 75 +75 ਸੀਟਾਂ

ੲ) ਬੀ.ਕਾਮ. (ਤਿੰਨ ਸਾਲਾ)(ਸਮੈਸਟਰ ਪ੍ਰਣਾਲੀ) 60 ਸੀਟਾਂ

ਸ) ਬੀ.ਏ. ਆਨਰਜ਼ – ਇਕਨਾਮਿਕਸ, ਫਿਲਾਸਫ਼ੀ ਅਤੇ ਪੋਲ. ਸਾਇੰਸ

ਪੋਸਟ ਗ੍ਰੈਜੂਏਟ ਕੋਰਸ (ਸਮੈਸਟਰ ਪ੍ਰਣਾਲੀ)

ੳ) ਅੰਗਰੇਜ਼ੀ 40 ਸੀਟਾਂ

ਅ) ਪੰਜਾਬੀ 40 ਸੀਟਾਂ

ੲ) ਰਾਜਨੀਤੀ ਸ਼ਾਸਤਰ 40 ਸੀਟਾਂ

ਅੰਡਰ–ਗ੍ਰੈਜੂਏਟ ਸੈਲਫ ਫਾਇਨੈਂਸਿੰਗ ਡਿਗਰੀ ਕੋਰਸਿਜ਼ (ਸਮੈਸਟਰ ਪ੍ਰਣਾਲੀ)

ੳ) ਬੀ.ਸੀ.ਏ.(B.C.A.) (ਤਿੰਨ ਸਾਲਾ) 50 ਸੀਟਾਂ

ਅ) ਹੋਸਪਿਟੈਲਿਟੀ ਡਿਪਲੋਮਾ ਇਨ ਫੂਡ ਪ੍ਰੋਡਕਸ਼ਨ (1 ਸਾਲ 6 ਮਹੀਨੇ) 25 ਸੀਟਾਂ

ੲ) ਬੀ.ਬੀ.ਏ. (B.B.A.) (ਤਿੰਨ ਸਾਲਾ) 50 ਸੀਟਾਂ

ਸ) ਹੋਸਪਿਟੈਲਿਟੀ ਡਿਪਲੋਮਾ ਇਨ ਫੂਡ ਐਂਡ ਬੈਵਰੇਜ (1 ਸਾਲ 6 ਮਹੀਨੇ) 25 ਸੀਟਾਂ

ਹ) ਹੋਸਪਿਟੈਲਿਟੀ ਡਿਪਲੋਮਾ ਇੰਨ ਬੇਕਰੀ ਐਂਡ ਕੁਕਰੀ (1 ਸਾਲ 6 ਮਹੀਨੇ) 50 ਸੀਟਾਂ

ਸ) ਸਰਟੀਫਿਕੇਟ ਕੋਰਸ ਇੰਨ ਬੇਕਰੀ ਐਂਡ ਕੁਕਰੀ (6 ਮਹੀਨੇ) 50 ਸੀਟਾਂ

ਪੋਸਟ–ਗ੍ਰੈਜੂਏਟ ਸੈਲਫ–ਫਾਇਨੈਂਸਿੰਗ ਡਿਪਲੋਮਾ ਕੋਰਸ :

ੳ) ਪੀ.ਜੀ. ਡੀ.ਸੀ.ਏ. (PGDCA) (ਇੱਕ ਸਾਲਾ) ਸਮੈਸਟਰ ਪ੍ਰਣਾਲੀ 40 ਸੀਟਾਂ

ਅ) ਐੱਮ.ਐੱਸਸੀ. (2 ਸਾਲਾ)(IT) 40 ਸੀਟਾਂ

ੲ)ਐੱਮ.ਐੱਸਸੀ. (ਇੱਕ ਸਾਲਾ)(IT) Lateral 40 ਸੀਟਾਂ

ਨੋਟ: ਸਾਰੀਆਂ ਅੰਡਰ–ਗ੍ਰੈਜੂਏਟ ਕਲਾਸਾਂ ਲਈ ਦੂਜੇ ਸਮੈਸਟਰ ਵਿੱਚ Drug Abuse; Problems, Management & Prevention, ਤੀਜੇ/ਚੌਥੇ ਸਮੈਸਟਰ ਵਿੱਚ **Environment and Road Safety** ਵਿਸ਼ੇ ਪੜਾਏ ਜ਼ਾਂਦੇ ਹਨ ਅਤੇ ਪਾਸ ਕਰਨੇ ਜ਼ਰੂਰੀ ਹਨ ।

ਦਾਖ਼ਲੇ ਸਬੰਧੀ ਜ਼ਰੂਰੀ ਸੂਚਨਾ ਅਤੇ ਮਿਤੀਆਂ

(ਨਿਸ਼ਚਿਤ ਮਿਤੀਆਂ ਤੋਂ ਬਾਅਦ ਉਮੀਦਵਾਰ ਦਾ ਦਾਖ਼ਲੇ ਲਈ ਕੋਈ ਅਧਿਕਾਰ ਨਹੀਂ ਹੋਵੇਗਾ।)

ਕਾਲਜ ਦੀ ਵੈੱਬਸਾਈਟ ਤੇ ਉਪਲੱਬਧ ਦਾਖਲਾ ਫਾਰਮ online ਅਪਲਾਈ ਕਰਨਾ ਸਮੂਹ ਵਿਦਿਆਰਥੀਆਂ ਲਈ ਲਾਜ਼ਮੀ ਹੋਵੇਗਾ। ਸਾਰੀਆਂ ਕਲਾਸਾਂ ਲਈ online ਫਾਰਮ ਭੇਜਣ ਦੀ ਮਿਤੀ ਪੰਜਾਬ ਸਰਕਾਰ ਦੇ ਪੋਰਟਲ/ਪੰਜਾਬੀ ਯੂਨੀਵਰਸਿਟੀ ਦੇ ਦਾਖਲਾ ਸ਼ਡਿਊਲ ਅਨੁਸਾਰ ਹੋਵੇਗੀ।

ਦਾਖ਼ਲੇ ਲਈ ਇੰਟਰਵਿਊ (ਹਰ ਰੋਜ਼ ਸਵੇਰੇ 9–00 ਵਜੇ)

1. ਬੀ. ਏ. (ਪਹਿਲਾ ਸਮੈਸਟਰ) ਪੰਜਾਬ ਸਰਕਾਰ ਦੇ ਪੋਰਟਲ https:/admission.punjab.gov.in ਅਨੁਸਾਰ ਅਤੇ ਪੰਜਾਬੀ ਯੂਨੀਵਰਸਿਟੀ ਦੇ ਦਾਖਲਾ ਸ਼ਡਿਊਲ ਅਨੁਸਾਰ ਹੋਵੇਗੀ। ਸਥਾਨ: ਲੈਂਗੂਏਜ਼ ਲੈਬ

2. ਬੀ.ਐੱਸਸੀ. (ਪਹਿਲਾ ਸਮੈਸਟਰ) ਪੰਜਾਬ ਸਰਕਾਰ ਦੇ ਪੋਰਟਲ https:/admission.punjab.gov.in ਅਨੁਸਾਰ ਅਤੇ ਪੰਜਾਬੀ ਯੂਨੀਵਰਸਿਟੀ ਮੈਡੀਕਲ / ਨਾਨ –ਮੈਡੀਕਲ ਦੇ ਦਾਖਲਾ ਸ਼ਡਿਊਲ ਅਨੁਸਾਰ ਹੋਵੇਗੀ। ਸਥਾਨ: ਬਾਇਓ/ਜ਼ੁਆਲੋਜੀ/ਫਿਜ਼ਿਕਸ ਵਿਭਾਗ

3. ਬੀ.ਸੀ.ਏ. (ਪਹਿਲਾ ਸਮੈਸਟਰ) ਦਾਖਲੇ ਲਈ HEIS ਵਿਭਾਗ ਨਾਲ ਤੁਰੰਤ ਸੰਪਰਕ ਕੀਤਾ ਜਾਵੇ।

ਪੰਜਾਬ ਸਰਕਾਰ ਦੇ ਪੋਰਟਲ https:/admission.punjab.gov.in ਅਨੁਸਾਰ ਅਤੇ ਪੰਜਾਬੀ ਯੂਨੀਵਰਸਿਟੀ ਦੇ ਦਾਖਲਾ ਸ਼ਡਿਊਲ ਅਨੁਸਾਰ ਹੋਵੇਗੀ।

4. ਬੀ.ਬੀ.ਏ. (ਪਹਿਲਾ ਸਮੈਸਟਰ)
5. ਐੱਮ.ਐੱਸਸੀ. (IT) (ਪਹਿਲਾ ਸਮੈਸਟਰ)
6. PGDCA
7. ਐੱਮ.ਐੱਸਸੀ. I.T.II/Lateral
8. ਡਿਪਲੋਮਾ ਇਨ ਫੂਡ ਐਂਡ ਬਿਵਰੇਜ ਸਰਵਿਸਿਜ਼
9. ਡਿਪਲੋਮਾ ਇਨ ਫੂਡ ਪ੍ਰੋਡਕਸ਼ਨ
10. ਹੋਸਪਿਟੈਲਟੀ ਡਿਪਲੋਮਾ ਇਨ ਬੇਕਰੀ ਐਂਡ ਕਨਫੈਕਸ਼ਨਰੀ
11. ਸਰਟੀਫਿਕੇਟ ਕੋਰਸ ਇਨ ਬੇਕਰੀ ਐਂਡ ਕੁਕਰੀ

(ਇਨ੍ਹਾਂ ਕੋਰਸਾਂ ਦੇ ਦਾਖਲੇ ਲਈ HEIS ਵਿਭਾਗ ਨਾਲ ਤੁਰੰਤ ਸੰਪਰਕ ਕੀਤਾ ਜਾਵੇ।)

ਪੰਜਾਬ ਸਰਕਾਰ ਦੇ ਪੋਰਟਲ https:/admission.punjab.gov.in ਅਨੁਸਾਰ ਅਤੇ ਪੰਜਾਬੀ ਯੂਨੀਵਰਸਿਟੀ ਦੇ ਦਾਖਲਾ ਸ਼ਡਿਊਲ ਅਨੁਸਾਰ ਹੋਵੇਗੀ।

12. ਬੀ.ਕਾਮ. (ਪਹਿਲਾ ਸਮੈਸਟਰ)
13. *ਐੱਮ.ਏ.(ਤੀਜਾ ਸਮੈਸਟਰ) ਸਾਰੇ ਵਿਸ਼ੇ
14. *ਐੱਮ.ਏ. (ਪਹਿਲਾ ਸਮੈਸਟਰ) ਸਾਰੇ ਵਿਸ਼ੇ

ਪੰਜਾਬ ਸਰਕਾਰ ਦੇ ਪੋਰਟਲ https:/admission.punjab.gov.in ਅਨੁਸਾਰ ਅਤੇ ਪੰਜਾਬੀ ਯੂਨੀਵਰਸਿਟੀ ਦੇ ਦਾਖਲਾ ਸ਼ਡਿਊਲ ਅਨੁਸਾਰ ਹੋਵੇਗੀ।

15.	ਬੀ.ਏ. (ਪੰਜਵਾ ਸਮੈਸਟਰ)	ਲੜਕੀਆਂ 12-07-2021,13-07-2021	ਹੋਮ ਸਾਇੰਸ ਬਲਾਕ
		ਲੜਕੇ 14-07-2021,15-07-2021	ਓਹੀ
16.	ਬੀ.ਕਾਮ. (ਪੰਜਵਾਂ ਸਮੈਸਟਰ)	13-07-2021 (ਲੜਕੀਆਂ),15-07-2021 (ਲੜਕੇ)	– ਸੈਮੀਨਾਰ ਹਾਲ
17.	ਬੀ.ਐੱਸਸੀ (ਪੰਜਵਾਂ ਸਮੈਸਟਰ) ਮੈਡੀਕਲ / ਨਾਨ ਮੈਡੀਕਲ	12-07-2021 (ਲੜਕੀਆਂ),14-07-2021 (ਲੜਕੇ)	– ਲੈਂਗੂਏਜ਼ ਲੈਬ
18.	ਬੀ.ਏ. (ਤੀਜਾ ਸਮੈਸਟਰ)	09-08-2021	ਸਟਾਫ ਰੂਮ
19.	ਬੀ.ਐੱਸਸੀ. (ਤੀਜਾ ਸਮੈਸਟਰ) ਮੈਡੀਕਲ / ਨਾਨ ਮੈਡੀਕਲ	09-08-2021	ਬਾਇਓ/ਜੁਆਲੋਜੀ/ਫਿਜਿਕਸ ਵਿਭਾਗ
20.	ਬੀ.ਕਾਮ. (ਤੀਜਾ ਸਮੈਸਟਰ)	09-08-2021	ਬਰਸਰ ਰੂਮ
21.	ਬੀ.ਸੀ.ਏ. (ਤੀਜਾ ਸਮੈਸਟਰ)	09-08-2021	HEIS ਵਿਭਾਗ
22.	ਬੀ.ਬੀ.ਏ. (ਤੀਜਾ ਸਮੈਸਟਰ)	09-08-2021	ਓਹੀ
23.	ਬੀ.ਸੀ.ਏ. (ਪੰਜਵਾਂ ਸਮੈਸਟਰ)	13-07-2021	ਓਹੀ
24.	ਬੀ.ਬੀ.ਏ. (ਪੰਜਵਾਂ ਸਮੈਸਟਰ)	12-07-2021	ਓਹੀ

ਨੋਟ: ਉਪਰੋਕਤ ਕਿਸੇ ਵੀ ਕਲਾਸ ਵਿੱਚ ਦਾਖਲਾ ਲੈਣ ਵਾਲੇ ਵਿਦਿਆਰਥੀਆਂ ਨੂੰ ਜਾਣਕਾਰੀ ਹਿਤ ਦੱਸਿਆ ਜਾਂਦਾ ਹੈ ਕਿ ਜੇਕਰ ਕੋਈ ਵਿਦਿਆਰਥੀ ਦਾਖਲਾ ਕਮੇਟੀ ਦੇ ਕਿਸੇ ਮੈਂਬਰ ਨਾਲ ਕੋਈ ਲੜਾਈ/ਝਗੜਾ ਕਰਦਾ ਹੈ ਜਾਂ ਅਪ ਸ਼ਬਦ ਬੋਲਦਾ ਹੈ ਤਾਂ ਦਾਖਲਾ ਕਮੇਟੀ ਉਸ ਵਿਦਿਆਰਥੀ ਦਾ ਦਾਖਲਾ ਰੱਦ ਕਰ ਸਕਦੀ ਹੈ ਅਤੇ ਉਸ ਵਿਰੁੱਧ ਬਣਦੀ ਕਾਨੂੰਨੀ ਕਾਰਵਾਈ ਕਰਵਾ ਸਕਦੀ ਹੈ।

ਸਰੀਰਕ ਸਿੱਖਿਆ (ਫਿਜੀਕਲ ਐਜੂਕੇਸ਼ਨ) ਵਿਸ਼ਾ ਲੈਣ ਵਾਲੇ ਉਮੀਦਵਾਰ ਲਈ ਜ਼ਰੂਰੀ ਟੈਸਟ

ਬੀ.ਏ. ਭਾਗ ਪਹਿਲਾ ਵਿੱਚ ਸਰੀਰਕ ਸਿੱਖਿਆ ਵਿਸ਼ਾ ਲੈਣ ਵਾਲੇ ਵਿਦਿਆਰਥੀਆਂ ਲਈ ਵਿਸ਼ੇਸ਼ ਯੋਗਤਾ ਟੈਸਟ ਦਾਖ਼ਲਾ ਹੋਣ ਤੋਂ ਤੁਰੰਤ ਬਾਅਦ ਕਾਲਜ ਸਟੇਡੀਅਮ ਵਿਖੇ ਹੋਵੇਗਾ। ਟੈਸਟ ਨਾ ਦੇਣ ਵਾਲੇ ਵਿਦਿਆਰਥੀ ਨੂੰ ਇਹ ਵਿਸ਼ਾ ਨਹੀਂ ਦਿੱਤਾ ਜਾਵੇਗਾ। ਖੇਡ ਸਰਟੀਫਿਕੇਟ ਵਾਲੇ ਵਿਦਿਆਰਥੀਆਂ ਨੂੰ ਤਰਜੀਹ ਦਿੱਤੀ ਜਾਵੇਗੀ। ਟੈਸਟ ਦੀ ਮਿਤੀ ਅਤੇ ਸਮਾਂ ਕਾਲਜ ਦੇ ਨੋਟਿਸ ਬੋਰਡ ਦੇ ਉੱਤੇ ਲਗਾ ਦਿੱਤਾ ਜਾਵੇਗਾ।

ਫ਼ੀਸ ਬਾਰੇ : ਇੰਟਰਵਿਊ ਉਪਰੰਤ ਦਾਖ਼ਲ ਹੋਏ ਵਿਦਿਆਰਥੀਆਂ ਲਈ ਉਸੇ ਦਿਨ ਬਣਦੀ ਫੀਸ ਜ਼ਮ੍ਹਾ ਕਰਵਾਉਣੀ ਹੋਵੇਗੀ ਅਤੇ ਫ਼ੀਸ ਨਾ ਜਮ੍ਹਾਂ ਕਰਨ ਦੀ ਸੂਰਤ ਵਿੱਚ ਉਹ ਸੀਟ ਉਪਲੱਬਧ ਹੋਣ ਤੇ ਹੀ ਦਾਖ਼ਲਾ ਲੈ ਸਕਦਾ ਹੈ ।

ਲੇਟ ਫ਼ੀਸ ਨਾਲ ਦਾਖ਼ਲਾ

ਨਿਸ਼ਚਿਤ ਮਿਤੀ ਤੋਂ ਬਾਅਦ ਯੂਨੀਵਰਸਿਟੀ ਨਿਯਮਾਂ ਅਨੁਸਾਰ ਲੇਟ ਫ਼ੀਸ ਨਾਲ ਦਾਖ਼ਲਾ ਕੀਤਾ ਜਾ ਸਕਦਾ ਹੈ, ਬਸ਼ਰਤੇ ਕਿ ਸੀਟਾਂ ਉਪਲੱਬਧ ਹੋਣ ਅਤੇ ਵਿਦਿਆਰਥੀ ਨੇ ਸਮੇਂ ਸਿਰ ਫ਼ਾਰਮ **Online** ਜਮ੍ਹਾਂ ਕਰਵਾਇਆ ਹੋਵੇ।


ਅਤਿ ਜ਼ਰੂਰੀ ਸੂਚਨਾ

ਵਿਦਿਆਰਥੀਆਂ ਸਬੰਧੀ ਕੋਈ ਵੀ ਸੂਚਨਾ ਕੇਵਲ ਕਾਲਜ ਨੋਟਿਸ ਬੋਰਡ, ਡਿਸਪਲੇਅ ਬੋਰਡ, ਐਸ.ਐੱਮ.ਐਸ ਰਾਹੀਂ ਦਿੱਤੀ ਜਾਵੇਗੀ। ਹਰ ਸੂਚਨਾ ਬਾਰੇ ਜਾਣਕਾਰੀ ਪ੍ਰਾਪਤ ਕਰਨਾ ਵਿਦਿਆਰਥੀਆਂ ਦੀ ਆਪਣੀ ਜਿੰਮੇਵਾਰੀ ਹੋਵੇਗੀ । ਮਾਪਿਆਂ/ਸਰਪ੍ਰਸਤਾਂ ਨੂੰ ਬੇਨਤੀ ਹੈ ਕਿ ਲੈਕਚਰ ਸ਼ਾਰਟੇਜ ਬਾਰੇ ਵਿਦਿਆਰਥੀਆਂ ਦੇ ਟਿਊਟਰ/ਸੀਨੀਅਰ ਟਿਊਟਰ ਨਾਲ ਸੰਪਰਕ ਕਰਨ।

ਪ੍ਰਾਸਪੈਕਟਸ ਛਪਣ ਤੋਂ ਬਾਅਦ ਪੰਜਾਬ ਸਰਕਾਰ/ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਆਈਆਂ ਹਦਾਇਤਾਂ ਦੀ ਹੀ ਪਾਲਣਾ ਕੀਤੀ ਜਾਵੇਗੀ ।

ਰੈਗਿੰਗ ਕਾਨੂੰਨੀ ਅਪਰਾਧ ਹੈ। ਰੈਗਿੰਗ ਦੇ ਦੋਸ਼ੀ ਵਿਰੁੱਧ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ ।

ਇਹ ਪ੍ਰਾਸਪੈਕਟਸ ਕੋਈ ਕਾਨੂੰਨੀ ਦਸਤਾਵੇਜ ਨਹੀਂ ਹੈ । ਇਸ ਵਿੱਚ ਦਰਜ ਕਿਸੇ ਵੀ ਨਿਯਮ/ਸ਼ਰਤ ਆਦਿ ਵਿੱਚ ਸਮਰੱਥ ਅਧਿਕਾਰੀ ਨੂੰ ਤਬਦੀਲੀ ਕਰਨ ਦਾ ਪੂਰਾ ਅਧਿਕਾਰ ਹੈ ।



ਪੰਜਾਬੀ ਯੂਨੀਵਰਸਿਟੀ ਦੁਆਰਾ ਘੋਸ਼ਿਤ ਦਾਖ਼ਲਿਆਂ ਦੀਆਂ ਮਿਤੀਆਂ ਦਾ ਸ਼ਡਿਊਲ

ਨੋਟ: ਇਹ ਦਾਖਲਾਂ ਸ਼ਡਿਊਲ ਕੋਵਿਡ-19 ਦੀ ਸਥਿਤੀ ਦੇ ਮੱਦੇਨਜ਼ਰ ਬਣਾਇਆ ਗਿਆ ਹੈ ਇਸ ਨੂੰ ਕਿਸੇ ਸਮੇਂ ਵੀ ਰਿਵਾਈਜ਼ ਕੀਤਾ ਜਾ ਸਕਦਾ ਹੈ। (ਹਾਲ ਦੀ ਘੜੀ ਅਗਲੇ ਆਦੇਸ਼ਾਂ ਤੱਕ ਇਹ ਕਲਾਸਾਂ ਆਨ-ਲਾਈਨ ਵਿਧੀ ਰਾਹੀਂ ਲਗਾਈਆਂ ਜਾਣੀਆਂ ਹਨ)

ਜਿਹੜੇ ਵਿਦਿਆਰਥੀ ਅਕਾਦਮਿਕ ਸੈਸ਼ਨ 2020-21 ਦੌਰਾਨ ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੋਂ ਕੋਈ ਵੀ ਕਲਾਸ ਜੋ ਕਿ ਸਲਾਨਾ/ਸਮੈਸਟਰ ਪ੍ਰਣਾਲੀ ਅਧੀਨ ਆਉਂਦੀ ਹੈ, ਪਾਸ ਕਰਨ ਉਪਰੰਤ ਅਗਲੀ ਕਲਾਸ/ਕੋਰਸ ਵਿਚ ਦਾਖਲਾ ਲੈਣਾ ਚਾਹੁੰਦੇ ਹਨ, ਉਨ੍ਹਾਂ ਵਿਦਿਆਰਥੀਆਂ ਲਈ ਸੈਸ਼ਨ 2021-22 ਦੇ ਦਾਖਲਿਆਂ ਦਾ ਸ਼ਡਿਊਲ (ਚੱਲਦੇ ਕੋਰਸਾਂ ਲਈ)

1. ਬਿਨਾਂ ਲੇਟ ਫੀਸ ਦਾਖਲਾ	(i) ਨਤੀਜਾ ਘੋਸ਼ਿਤ ਹੋਣ ਦੀ ਮਿਤੀ ਤੋਂ 20 ਕੰਮ-ਕਾਜੀ ਦਿਨਾਂ ਦੇ ਅੰਦਰ-ਅੰਦਰ
2.500/- ਰੁਪਏ ਲੇਟ ਫੀਸ ਅਤੇ ਕਾਲਜ ਦੇ ਪ੍ਰਿੰਸੀਪਲ ਦੀ ਪ੍ਰਵਾਨਗੀ ਨਾਲ	(ii) ਉਪਰੋਕਤ (i) ਤੋਂ ਅਗਲੇ 10 ਕੰਮ-ਕਾਜੀ ਦਿਨਾਂ ਦੇ ਅੰਦਰ-ਅੰਦਰ
3.1000/- ਰੁਪਏ ਲੇਟ ਫੀਸ ਅਤੇ ਡੀਨ, ਕਾਲਜ ਵਿਕਾਸ ਕੌਂਸਲ ਦੀ ਪ੍ਰਵਾਨਗੀ ਨਾਲ	(iii) ਉਪਰੋਕਤ (ii) ਤੋਂ ਅਗਲੇ 10 ਕੰਮ-ਕਾਜੀ ਦਿਨਾਂ ਦੇ ਅੰਦਰ-ਅੰਦਰ
4.2000/-ਰੁਪਏ ਲੇਟ ਫੀਸ ਅਤੇ ਵਾਈਸ-ਚਾਂਸਲਰ ਸਾਹਿਬ ਦੀ ਪ੍ਰਵਾਨਗੀ ਨਾਲ	(iv) ਉਪਰੋਕਤ (iii) ਤੋਂ ਅਗਲੇ 10 ਕੰਮ-ਕਾਜੀ ਦਿਨਾਂ ਦੇ ਅੰਦਰ-ਅੰਦਰ

ਜਿਨ੍ਹਾਂ ਕੋਰਸਾਂ ਦੇ ਇਮਤਿਹਾਨ ਮਿਤੀ 24.5.2021 ਤੋਂ ਸ਼ੁਰੂ ਹਨ ਉਹਨਾਂ ਕੋਰਸਾਂ ਲਈ ਸੈਸ਼ਨ 2021-22 ਦਾ ਸ਼ਡਿਊਲ:

	ਕੋਰਸ	ਅਵਧੀ	ਪ੍ਰੀਖਿਆਵਾਂ ਆਰੰਭ ਹੋਣ ਦੀ ਮਿਤੀ
Odd Semester	ਅੰਡਰ ਗ੍ਰੈਜੂਏਟ ਕੋਰਸ	05.07.2021 ਤੋਂ 12.11.2021 ਤੱਕ	ਪ੍ਰੈਕਟੀਕਲ: 13.11.2021 ਤੋਂ 27.11.2021 ਤੱਕ ਲਿਖਤੀ ਪ੍ਰੀਖਿਆ 29.11.2021 ਤੋਂ
	ਇੰਟੈਗਰੇਟਿਡ ਕੋਰਸ (ਪੰਜ ਸਾਲਾ)		
ਸਰਦੀ ਦੀਆਂ ਛੁੱਟੀਆਂ 25.12.2021 ਤੋਂ 10.01.2022 ਤੱਕ			
Even Semester	ਅੰਡਰ ਗ੍ਰੈਜੂਏਟ ਕੋਰਸ	11.01.2022 ਤੋਂ 06.05.2022 ਤੱਕ	16.05.2022 ਤੋਂ
	ਇੰਟੈਗਰੇਟਿਡ ਕੋਰਸ (ਪੰਜ ਸਾਲਾ)		

ਜਿੰਨ੍ਹਾਂ ਕੋਰਸਾਂ ਦੇ ਇਮਤਿਹਾਨ ਮਿਤੀ 01.07.2021 ਤੋਂ ਸ਼ੁਰੂ ਹਨ ਉਹਨਾਂ ਕੋਰਸਾਂ ਲਈ ਸੈਸ਼ਨ 2021-22 ਦਾ ਸ਼ਡਿਊਲ

ਲੜੀ ਨੰ:	ਕੋਰਸ	ਅਵਧੀ	ਪ੍ਰੀਖਿਆਵਾਂ ਆਰੰਭ ਹੋਣ ਦੀ ਮਿਤੀ
Odd Semester	ਅੰਡਰ ਗ੍ਰੈਜੂਏਟ ਕੋਰਸ	09.08.2021 ਤੋਂ 10.12.2021 ਤੱਕ	17.12.2021 ਤੋਂ
	ਇੰਟੈਗਰੇਟਿਡ ਕੋਰਸ (ਪੰਜ ਸਾਲਾ)		
Even Semester	ਅੰਡਰ ਗ੍ਰੈਜੂਏਟ ਕੋਰਸ	18.01.2022 ਤੋਂ 18.05.2022 ਤੱਕ	25.05.2022 ਤੋਂ
	ਇੰਟੈਗਰੇਟਿਡ ਕੋਰਸ (ਪੰਜ ਸਾਲਾ)		

ਜਿੰਨ੍ਹਾਂ ਕੋਰਸਾਂ ਦੇ ਇਮਤਿਹਾਨ ਮਿਤੀ 24.08.2021 ਤੋਂ ਸ਼ੁਰੂ ਹਨ ਉਹਨਾਂ ਕੋਰਸਾਂ ਲਈ ਸੈਸ਼ਨ 2021-22 ਦਾ ਸ਼ਡਿਊਲ

ਲੜੀ ਨੰ:	ਕੋਰਸ	ਅਵਧੀ	ਪ੍ਰੀਖਿਆਵਾਂ ਆਰੰਭ ਹੋਣ ਦੀ ਮਿਤੀ
Odd Semester	ਪੋਸਟ ਗ੍ਰੈਜੂਏਟ ਕੋਰਸ	15.09.2021 ਤੋਂ 31.01.2022 ਤੱਕ	77.02.2022 ਤੋਂ
	ਇੰਟੈਗਰੇਟਿਡ ਕੋਰਸ (ਪੰਜ ਸਾਲਾ)		
Even Semester	ਪੋਸਟ ਗ੍ਰੈਜੂਏਟ ਕੋਰਸ	01.03.2022 ਤੋਂ 30.06.2022 ਤੱਕ	07.07.2022 ਤੋਂ
	ਇੰਟੈਗਰੇਟਿਡ ਕੋਰਸ (ਪੰਜ ਸਾਲਾ)		

ਕਾਲਜ ਸਟਾਫ (College Staff)

ਪ੍ਰਿੰਸੀਪਲ-ਪ੍ਰੋਫ਼ੈਸਰ ਸੁਖਬੀਰ ਸਿੰਘ - ਐੱਮ.ਐੱਸਸੀ., ਐੱਮ.ਐਡ.

ਅੰਗਰੇਜ਼ੀ ਵਿਭਾਗ

ਸਰਵ ਸ਼੍ਰੀ/ਸ਼੍ਰੀਮਤੀ

1.	ਮੋਨਿਕਾ ਸੇਠੀ	ਬੀ.ਏ. (ਆਨਰ ਸਕੂਲ),ਐੱਮ.ਏ.,ਐੱਮ.ਫਿਲ.	ਅਸਿਸਟੈਂਟ ਪ੍ਰੋਫ਼ੈਸਰ
2.	ਵਿਭਾ ਗੁਪਤਾ	ਐੱਮ.ਏ.,ਐੱਮ.ਫਿਲ.	ਅਸਿਸਟੈਂਟ ਪ੍ਰੋਫ਼ੈਸਰ
3.	ਕੁਲਦੀਪ ਕੁਮਾਰ	ਐੱਮ.ਏ.,NET	ਅਸਿਸਟੈਂਟ ਪ੍ਰੋਫ਼ੈਸਰ
4.	*ਨਿਰਮਲ	ਐੱਮ.ਏ.,ਐੱਮ.ਫਿਲ.	ਅਸਿਸਟੈਂਟ ਪ੍ਰੋਫ਼ੈਸਰ
5.	*ਡਿੰਪੀ ਗੁਪਤਾ	ਐੱਮ.ਏ.,ਐੱਮ.ਫਿਲ.,ਬੀ.ਐਡ.	ਅਸਿਸਟੈਂਟ ਪ੍ਰੋਫ਼ੈਸਰ
6.	**ਹਰਪ੍ਰੀਤ ਕੌਰ	ਐੱਮ.ਏ.,ਐੱਮ.ਫਿਲ.,ਬੀ.ਐਡ.	ਅਸਿਸਟੈਂਟ ਪ੍ਰੋਫ਼ੈਸਰ
7.	**ਕਮਲੇਸ਼	ਐੱਮ.ਏ., ਬੀ.ਐਡ.	ਅਸਿਸਟੈਂਟ ਪ੍ਰੋਫ਼ੈਸਰ
8.	**ਅਮੋਲਕਜੀਤ ਸਿੰਘ	ਐੱਮ.ਏ.,NET	ਅਸਿਸਟੈਂਟ ਪ੍ਰੋਫ਼ੈਸਰ
9.	ਖਾਲੀ		

ਪੰਜਾਬੀ ਵਿਭਾਗ

1.	*ਡਾ. ਮੇਵਾ ਰਾਮ	ਐੱਮ.ਏ.,ਐੱਮ.ਫਿਲ.,ਪੀਐੱਚ.ਡੀ.,NET	ਅਸਿਸਟੈਂਟ ਪ੍ਰੋਫ਼ੈਸਰ
2.	*ਡਾ. ਸੁਖਵਿੰਦਰ ਸਿੰਘ	ਐੱਮ.ਏ.(ਪੰਜਾਬੀ, ਲਿੰਗੂਇਸਟਿਕਸ ਅਤੇ ਐਜੂਕੇਸ਼ਨ), ਪੀਐੱਚ.ਡੀ., NET	ਅਸਿਸਟੈਂਟ ਪ੍ਰੋਫ਼ੈਸਰ
3.	**ਡਾ. ਮਨਦੀਪ ਕੌਰ	ਐੱਮ.ਏ.,ਪੀਐੱਚ.ਡੀ.,ਬੀ.ਐਡ., NET	ਅਸਿਸਟੈਂਟ ਪ੍ਰੋਫ਼ੈਸਰ
4.	**ਰਾਜਵਿੰਦਰ ਕੌਰ	ਐੱਮ.ਏ.,ਬੀ.ਐਡ., NET	ਅਸਿਸਟੈਂਟ ਪ੍ਰੋਫ਼ੈਸਰ
5.	**ਤਪਿੰਦਰ ਕੌਰ	ਐੱਮ.ਏ.(ਪੰਜਾਬੀ, ਪੋਲ ਸਾਇੰਸ, ਹਿਸਟਰੀ),NET	ਅਸਿਸਟੈਂਟ ਪ੍ਰੋਫ਼ੈਸਰ
6.	**ਜਸਵੀਰ ਕੌਰ	ਐੱਮ.ਏ.,ਬੀ.ਐਡ., NET,	ਅਸਿਸਟੈਂਟ ਪ੍ਰੋਫ਼ੈਸਰ
7.	**ਪਰਮਪ੍ਰੀਤ ਕੌਰ	ਐੱਮ.ਏ.,ਬੀ.ਐਡ., NET JRF, ਐੱਮ.ਐਡ.	ਅਸਿਸਟੈਂਟ ਪ੍ਰੋਫ਼ੈਸਰ
8.	**ਜਗਤਾਰ ਸਿੰਘ	ਐੱਮ.ਏ.(ਪੰਜਾਬੀ ਆਨਰ ਅਤੇ ਹਿਸਟਰੀ), ਐੱਮ.ਫਿਲ.	ਅਸਿਸਟੈਂਟ ਪ੍ਰੋਫ਼ੈਸਰ
9.	**ਮਨਦੀਪ ਕੌਰ	ਐੱਮ.ਏ.(ਪੰਜਾਬੀ, ਲਿੰਗੂਇਸਟਿਕਸ), ਐੱਮ.ਫਿਲ.,NET	ਅਸਿਸਟੈਂਟ ਪ੍ਰੋਫ਼ੈਸਰ
10.	**ਡਾ. ਕਮਲਜੀਤ ਕੌਰ	ਐੱਮ.ਏ., ਬੀ.ਐਡ.,NET, CTET,ਪੀਐੱਚ.ਡੀ.	ਅਸਿਸਟੈਂਟ ਪ੍ਰੋਫ਼ੈਸਰ
11.	**ਇਕਬਾਲ ਸਿੰਘ	ਐੱਮ.ਏ.,ਐੱਮ.ਫਿਲ.,ਬੀ.ਐਡ.	ਅਸਿਸਟੈਂਟ ਪ੍ਰੋਫ਼ੈਸਰ
12.	** ਡਾ. ਮਨਜੀਤ ਕੌਰ	ਐੱਮ.ਏ.,ਐੱਮ.ਫਿਲ.,ਪੀਐੱਚ.ਡੀ.	ਅਸਿਸਟੈਂਟ ਪ੍ਰੋਫ਼ੈਸਰ

ਹਿੰਦੀ ਵਿਭਾਗ

1.	**ਰੇਖਾ ਰਾਣੀ	ਐੱਮ.ਏ (ਹਿੰਦੀ, ਹਿਸਟਰੀ)ਪੀ.ਜੀ.ਡੀ.ਸੀ.ਏ.,ਬੀ.ਐਡ.,NET	ਅਸਿਸਟੈਂਟ ਪ੍ਰੋਫ਼ੈਸਰ
2.	ਖਾਲੀ		

ਸੰਸਕ੍ਰਿਤ ਵਿਭਾਗ

1.	ਡਾ. ਰਣਧੀਰ ਕੌਸ਼ਿਕ	ਐੱਮ.ਏ.ਪੀਐੱਚ.ਡੀ., NET	ਐਸੋਸ਼ੀਏਟ ਪ੍ਰੋਫ਼ੈਸਰ

ਰਾਜਨੀਤੀ ਸ਼ਾਸਤਰ ਵਿਭਾਗ

1.	ਰਾਜਵਿੰਦਰ ਸਿੰਘ ਸਿੱਧੂ	ਐੱਮ.ਏ.,ਐੱਮ.ਫਿਲ.	ਐਸੋਸ਼ੀਏਟ ਪ੍ਰੋਫ਼ੈਸਰ
2.	ਮੀਨਾਕਸ਼ੀ ਮੜਕਣ	ਐੱਮ.ਏ.,ਬੀ.ਐਡ.,NET	ਐਸੋਸ਼ੀਏਟ ਪ੍ਰੋਫ਼ੈਸਰ
3.	*ਰਵਿੰਦਰਪਾਲ ਸਿੰਘ	ਐੱਮ.ਏ.,ਐੱਮ.ਫਿਲ., ਬੀ.ਐਡ.	ਅਸਿਸਟੈਂਟ ਪ੍ਰੋਫ਼ੈਸਰ
4.	**ਡਾ. ਗੁਲਸ਼ਨਦੀਪ	ਐੱਮ.ਏ.,ਐੱਮ.ਫਿਲ.	ਅਸਿਸਟੈਂਟ ਪ੍ਰੋਫ਼ੈਸਰ
5.	**ਰਮਨਪ੍ਰੀਤ ਕੌਰ	ਐੱਮ.ਏ.,ਐੱਮ.ਫਿਲ., ਬੀ.ਐਡ.,NET	ਅਸਿਸਟੈਂਟ ਪ੍ਰੋਫ਼ੈਸਰ

ਇਤਿਹਾਸ ਵਿਭਾਗ

1.	**ਡਾ. ਦੇਵਿੰਦਰ ਕੁਮਾਰ	ਐੱਮ.ਏ.,ਐੱਮ.ਫਿਲ.	ਅਸਿਸਟੈਂਟ ਪ੍ਰੋਫ਼ੈਸਰ
2.	**ਸੁਧੀ ਗਾਂਧੀ	ਐੱਮ.ਏ.,ਐੱਮ.ਫਿਲ., ਡੀ.ਸੀ.ਏ.	ਅਸਿਸਟੈਂਟ ਪ੍ਰੋਫ਼ੈਸਰ
3.	**ਸੀਮਾ ਗੁਰ	ਐੱਮ.ਏ.,ਐੱਮ.ਫਿਲ.,ਬੀ.ਐਡ.	ਅਸਿਸਟੈਂਟ ਪ੍ਰੋਫ਼ੈਸਰ

ਕਾਲਜ ਸਟਾਫ (College Staff)

ਪ੍ਰਿੰਸੀਪਲ-ਪ੍ਰੋਫ਼ੈਸਰ ਸੁਖਬੀਰ ਸਿੰਘ - ਐੱਮ.ਐੱਸਸੀ., ਐੱਮ.ਐਡ.

ਅੰਗਰੇਜ਼ੀ ਵਿਭਾਗ

ਸਰਵ ਸ਼੍ਰੀ/ਸ਼੍ਰੀਮਤੀ

1.	ਮੋਨਿਕਾ ਸੇਠੀ	ਬੀ.ਏ. (ਆਨਰ ਸਕੂਲ),ਐੱਮ.ਏ.,ਐੱਮ.ਫਿਲ.	ਅਸਿਸਟੈਂਟ ਪ੍ਰੋਫ਼ੈਸਰ
2.	ਵਿਭਾ ਗੁਪਤਾ	ਐੱਮ.ਏ.,ਐੱਮ.ਫਿਲ.	ਅਸਿਸਟੈਂਟ ਪ੍ਰੋਫ਼ੈਸਰ
3.	ਕੁਲਦੀਪ ਕੁਮਾਰ	ਐੱਮ.ਏ.,NET	ਅਸਿਸਟੈਂਟ ਪ੍ਰੋਫ਼ੈਸਰ
4.	*ਨਿਰਮਲ	ਐੱਮ.ਏ.,ਐੱਮ.ਫਿਲ.	ਅਸਿਸਟੈਂਟ ਪ੍ਰੋਫ਼ੈਸਰ
5.	*ਡਿੰਪੀ ਗੁਪਤਾ	ਐੱਮ.ਏ.,ਐੱਮ.ਫਿਲ.,ਬੀ.ਐਡ.	ਅਸਿਸਟੈਂਟ ਪ੍ਰੋਫ਼ੈਸਰ
6.	**ਹਰਪ੍ਰੀਤ ਕੌਰ	ਐੱਮ.ਏ.,ਐੱਮ.ਫਿਲ.,ਬੀ.ਐਡ.	ਅਸਿਸਟੈਂਟ ਪ੍ਰੋਫ਼ੈਸਰ
7.	**ਕਮਲੇਸ਼	ਐੱਮ.ਏ., ਬੀ.ਐਡ.	ਅਸਿਸਟੈਂਟ ਪ੍ਰੋਫ਼ੈਸਰ
8.	**ਅਮੋਲਕਜੀਤ ਸਿੰਘ	ਐੱਮ.ਏ.,NET	ਅਸਿਸਟੈਂਟ ਪ੍ਰੋਫ਼ੈਸਰ
9.	ਖਾਲੀ		

ਪੰਜਾਬੀ ਵਿਭਾਗ

1.	*ਡਾ. ਮੇਵਾ ਰਾਮ	ਐੱਮ.ਏ.,ਐੱਮ.ਫਿਲ.,ਪੀਐੱਚ.ਡੀ.,NET	ਅਸਿਸਟੈਂਟ ਪ੍ਰੋਫ਼ੈਸਰ
2.	*ਡਾ. ਸੁਖਵਿੰਦਰ ਸਿੰਘ	ਐੱਮ.ਏ.(ਪੰਜਾਬੀ, ਲਿੰਗੂਇਸਟਿਕਸ ਅਤੇ ਐਜੂਕੇਸ਼ਨ), ਪੀਐੱਚ.ਡੀ., NET	ਅਸਿਸਟੈਂਟ ਪ੍ਰੋਫ਼ੈਸਰ
3.	**ਡਾ. ਮਨਦੀਪ ਕੌਰ	ਐੱਮ.ਏ.,ਪੀਐੱਚ.ਡੀ.,ਬੀ.ਐਡ., NET	ਅਸਿਸਟੈਂਟ ਪ੍ਰੋਫ਼ੈਸਰ
4.	**ਰਾਜਵਿੰਦਰ ਕੌਰ	ਐੱਮ.ਏ.,ਬੀ.ਐਡ., NET	ਅਸਿਸਟੈਂਟ ਪ੍ਰੋਫ਼ੈਸਰ
5.	**ਤਪਿੰਦਰ ਕੌਰ	ਐੱਮ.ਏ.(ਪੰਜਾਬੀ, ਪੋਲ ਸਾਇੰਸ, ਹਿਸਟਰੀ),NET	ਅਸਿਸਟੈਂਟ ਪ੍ਰੋਫ਼ੈਸਰ
6.	**ਜਸਵੀਰ ਕੌਰ	ਐੱਮ.ਏ.,ਬੀ.ਐਡ., NET,	ਅਸਿਸਟੈਂਟ ਪ੍ਰੋਫ਼ੈਸਰ
7.	**ਪਰਮਪ੍ਰੀਤ ਕੌਰ	ਐੱਮ.ਏ.,ਬੀ.ਐਡ., NET JRF, ਐੱਮ.ਐਡ.	ਅਸਿਸਟੈਂਟ ਪ੍ਰੋਫ਼ੈਸਰ
8.	**ਜਗਤਾਰ ਸਿੰਘ	ਐੱਮ.ਏ.(ਪੰਜਾਬੀ ਆਨਰ ਅਤੇ ਹਿਸਟਰੀ), ਐੱਮ.ਫਿਲ.	ਅਸਿਸਟੈਂਟ ਪ੍ਰੋਫ਼ੈਸਰ
9.	**ਮਨਦੀਪ ਕੌਰ	ਐੱਮ.ਏ.(ਪੰਜਾਬੀ, ਲਿੰਗੂਇਸਟਿਕਸ), ਐੱਮ.ਫਿਲ.,NET	ਅਸਿਸਟੈਂਟ ਪ੍ਰੋਫ਼ੈਸਰ
10.	**ਡਾ. ਕਮਲਜੀਤ ਕੌਰ	ਐੱਮ.ਏ., ਬੀ.ਐਡ.,NET, CTET,ਪੀਐੱਚ.ਡੀ.	ਅਸਿਸਟੈਂਟ ਪ੍ਰੋਫ਼ੈਸਰ
11.	**ਇਕਬਾਲ ਸਿੰਘ	ਐੱਮ.ਏ.,ਐੱਮ.ਫਿਲ.,ਬੀ.ਐਡ.	ਅਸਿਸਟੈਂਟ ਪ੍ਰੋਫ਼ੈਸਰ
12.	** ਡਾ. ਮਨਜੀਤ ਕੌਰ	ਐੱਮ.ਏ.,ਐੱਮ.ਫਿਲ.,ਪੀਐੱਚ.ਡੀ.	ਅਸਿਸਟੈਂਟ ਪ੍ਰੋਫ਼ੈਸਰ

ਹਿੰਦੀ ਵਿਭਾਗ

1.	**ਰੇਖਾ ਰਾਣੀ	ਐੱਮ.ਏ (ਹਿੰਦੀ, ਹਿਸਟਰੀ)ਪੀ.ਜੀ.ਡੀ.ਸੀ.ਏ.,ਬੀ.ਐਡ.,NET	ਅਸਿਸਟੈਂਟ ਪ੍ਰੋਫ਼ੈਸਰ
2.	ਖਾਲੀ		

ਸੰਸਕ੍ਰਿਤ ਵਿਭਾਗ

1.	ਡਾ. ਰਣਧੀਰ ਕੌਸ਼ਿਕ	ਐੱਮ.ਏ.ਪੀਐੱਚ.ਡੀ., NET	ਐਸੋਸ਼ੀਏਟ ਪ੍ਰੋਫ਼ੈਸਰ

ਰਾਜਨੀਤੀ ਸ਼ਾਸਤਰ ਵਿਭਾਗ

1.	ਰਾਜਵਿੰਦਰ ਸਿੰਘ ਸਿੱਧੂ	ਐੱਮ.ਏ.,ਐੱਮ.ਫਿਲ.	ਐਸੋਸ਼ੀਏਟ ਪ੍ਰੋਫ਼ੈਸਰ
2.	ਮੀਨਾਕਸ਼ੀ ਮੜਕਣ	ਐੱਮ.ਏ.,ਬੀ.ਐਡ.,NET	ਐਸੋਸ਼ੀਏਟ ਪ੍ਰੋਫ਼ੈਸਰ
3.	*ਰਵਿੰਦਰਪਾਲ ਸਿੰਘ	ਐੱਮ.ਏ.,ਐੱਮ.ਫਿਲ., ਬੀ.ਐਡ.	ਅਸਿਸਟੈਂਟ ਪ੍ਰੋਫ਼ੈਸਰ
4.	**ਡਾ. ਗੁਲਸ਼ਨਦੀਪ	ਐੱਮ.ਏ.,ਐੱਮ.ਫਿਲ.	ਅਸਿਸਟੈਂਟ ਪ੍ਰੋਫ਼ੈਸਰ
5.	**ਰਮਨਪ੍ਰੀਤ ਕੌਰ	ਐੱਮ.ਏ.,ਐੱਮ.ਫਿਲ., ਬੀ.ਐਡ.,NET	ਅਸਿਸਟੈਂਟ ਪ੍ਰੋਫ਼ੈਸਰ

ਇਤਿਹਾਸ ਵਿਭਾਗ

1.	**ਡਾ. ਦੇਵਿੰਦਰ ਕੁਮਾਰ	ਐੱਮ.ਏ.,ਐੱਮ.ਫਿਲ.	ਅਸਿਸਟੈਂਟ ਪ੍ਰੋਫ਼ੈਸਰ
2.	**ਸੁਧੀ ਗਾਂਧੀ	ਐੱਮ.ਏ.,ਐੱਮ.ਫਿਲ., ਡੀ.ਸੀ.ਏ.	ਅਸਿਸਟੈਂਟ ਪ੍ਰੋਫ਼ੈਸਰ
3.	**ਸੀਮਾ ਗੁਰ	ਐੱਮ.ਏ.,ਐੱਮ.ਫਿਲ.,ਬੀ.ਐਡ.	ਅਸਿਸਟੈਂਟ ਪ੍ਰੋਫ਼ੈਸਰ

ਜੋਗਰਫੀ ਵਿਭਾਗ			
1.	**ਗੁਰਪ੍ਰੀਤ ਸਿੰਘ	ਐੱਮ.ਐੱਸਸੀ.,ਬੀ.ਐਡ.,NET	ਅਸਿਸਟੈਂਟ ਪ੍ਰੋਫੈਸਰ
2.	ਖਾਲੀ		
ਸਮਾਜ ਸ਼ਾਸਤਰ ਵਿਭਾਗ			
1.	**ਰਮਾ ਸ਼ਰਮਾ	ਐੱਮ.ਏ.,ਐੱਮ.ਐਡ.	ਅਸਿਸਟੈਂਟ ਪ੍ਰੋਫੈਸਰ
ਫਿਲਾਸਫੀ ਵਿਭਾਗ			
1.	** ਡਾ. ਜਗਦੀਪ ਸਿੰਘ	ਐੱਮ.ਏ.,ਐੱਮ.ਫਿਲ.,ਪੀਐੱਚ. ਡੀ., NET	ਅਸਿਸਟੈਂਟ ਪ੍ਰੋਫੈਸਰ
ਹੋਮ ਸਾਇੰਸ ਵਿਭਾਗ			
1.	*ਡਾ. ਪ੍ਰੀਤਇੰਦਰ ਕੌਰ	ਐੱਮ.ਐੱਸਸੀ.,ਐੱਮ.ਫਿਲ.,ਬੀ.ਐਡ., ਪੀਐੱਚ. ਡੀ.	ਅਸਿਸਟੈਂਟ ਪ੍ਰੋਫੈਸਰ
2.	*ਡਾ. ਹਤਿੰਦਰ ਕੌਰ	ਐੱਮ.ਐੱਸਸੀ.,ਐੱਮ.ਫਿਲ.,ਪੀਐੱਚ. ਡੀ.	ਅਸਿਸਟੈਂਟ ਪ੍ਰੋਫੈਸਰ
ਸੰਗੀਤ ਵਿਭਾਗ			
1.	**ਸੁਭਾਸ਼ ਸ਼ਰਮਾ	ਐੱਮ.ਏ.,ਐੱਮ.ਫਿਲ.	ਅਸਿਸਟੈਂਟ ਪ੍ਰੋਫੈਸਰ
2.	**ਯਸ਼ਮੀਤ ਕੌਰ	ਐੱਮ.ਏ.,NET	ਅਸਿਸਟੈਂਟ ਪ੍ਰੋਫੈਸਰ
ਸਰੀਰਕ ਸਿੱਖਿਆ ਵਿਭਾਗ			
1.	ਡਾ. ਹਰਦੀਪ ਸਿੰਘ	ਐੱਮ.ਪੀ.ਐਡ.,ਐੱਮ.ਫਿਲ., ਪੀਐੱਚ. ਡੀ.	ਐਸੋਸ਼ੀਏਟ ਪ੍ਰੋਫੈਸਰ
2.	**ਮੁਹੰਮਦ ਤਨਵੀਰ	ਐੱਮ.ਪੀ ਐਡ.	ਅਸਿਸਟੈਂਟ ਪ੍ਰੋਫੈਸਰ
ਗਣਿਤ ਵਿਭਾਗ			
1.	ਅਸ਼ਵਨੀ ਕੁਮਾਰ	ਐੱਮ.ਐੱਸਸੀ.,NET	ਅਸਿਸਟੈਂਟ ਪ੍ਰੋਫੈਸਰ
2.	*ਡਾ.ਪੁਨੀਤ ਗੁਪਤਾ	ਐੱਮ.ਏ.,ਐੱਮ.ਫਿਲ.,ਪੀਐੱਚ.ਡੀ.	ਅਸਿਸਟੈਂਟ ਪ੍ਰੋਫੈਸਰ
3.	**ਸੀਮਾ ਅਗਰਵਾਲ	ਐੱਮ.ਏ.,ਐੱਮ.ਫਿਲ.	ਅਸਿਸਟੈਂਟ ਪ੍ਰੋਫੈਸਰ
ਰਸਾਇਣ ਵਿਗਿਆਨ ਵਿਭਾਗ			
1.	* ਸੁਧਾ ਰਾਣੀ ਸ਼ਰਮਾ	ਐੱਮ.ਐੱਸਸੀ.,ਐੱਮ.ਫਿਲ., NET, ਬੀ.ਏ. ਐਜੂਕੇਸ਼ਨ	ਅਸਿਸਟੈਂਟ ਪ੍ਰੋਫੈਸਰ
2.	**ਸ਼ਿਲਪੀ ਭੱਲਾ	ਐੱਮ.ਐੱਸਸੀ.	ਅਸਿਸਟੈਂਟ ਪ੍ਰੋਫੈਸਰ
3.	**ਗੁਰਜੀਤ ਸਿੰਘ	ਐੱਮ.ਐੱਸਸੀ., GATE, NET	ਅਸਿਸਟੈਂਟ ਪ੍ਰੋਫੈਸਰ
	**ਡਾ. ਜੈ ਦੇਵੀ	ਐੱਮ.ਐੱਸਸੀ.,ਐੱਮ.ਫਿਲ.,ਪੀਐਚ.ਡੀ.	ਅਸਿਸਟੈਂਟ ਪ੍ਰੋਫੈਸਰ
ਭੌਤਿਕ ਵਿਗਿਆਨ ਵਿਭਾਗ			
1.	ਜਗਸੀਰ ਸਿੰਘ	ਐੱਮ.ਐੱਸਸੀ.,ਐੱਮ.ਫਿਲ.	ਅਸਿਸਟੈਂਟ ਪ੍ਰੋਫੈਸਰ
2.	*ਰੁਪਿੰਦਰ ਸ਼ਰਮਾ	ਐੱਮ.ਐੱਸਸੀ.,ਐੱਮ.ਫਿਲ.,ਬੀ.ਐਡ.,ਐੱਮ.ਐਡ.	ਅਸਿਸਟੈਂਟ ਪ੍ਰੋਫੈਸਰ
3.	*ਡਾ. ਗੁਰਪ੍ਰੀਤ ਕੌਰ	ਐੱਮ.ਐੱਸਸੀ., ਐੱਮ.ਫਿਲ., ਪੀਐਚ.ਡੀ.	ਅਸਿਸਟੈਂਟ ਪ੍ਰੋਫੈਸਰ
ਪ੍ਰਾਣੀ ਵਿਗਿਆਨ ਵਿਭਾਗ			
1.	**ਸਿਮਰਨਜੀਤ ਕੌਰ	ਐੱਮ.ਐੱਸਸੀ.	ਅਸਿਸਟੈਂਟ ਪ੍ਰੋਫੈਸਰ
2.	**ਡਾ. ਰਾਜਵਿੰਦਰ ਕੌਰ	ਐੱਮ.ਐੱਸਸੀ.,ਐੱਮ.ਫਿਲ.,ਪੀਐਚ.ਡੀ.	ਅਸਿਸਟੈਂਟ ਪ੍ਰੋਫੈਸਰ
ਬਨਸਪਤੀ ਵਿਗਿਆਨ ਵਿਭਾਗ			
1.	**ਨਿਤਿਸ਼ ਅਰੋੜਾ	ਐੱਮ.ਐੱਸਸੀ.,ਐੱਮ.ਫਿਲ., NET	ਅਸਿਸਟੈਂਟ ਪ੍ਰੋਫੈਸਰ
2.	**ਸੁਨੇਹਾ ਗੁਪਤਾ	ਐੱਮ.ਐੱਸਸੀ.,ਬੀ.ਐਡ.	ਅਸਿਸਟੈਂਟ ਪ੍ਰੋਫੈਸਰ
ਕਾਮਰਸ ਵਿਭਾਗ			
1.	ਕਾਮਨਾ ਗੁਪਤਾ	ਐੱਮ.ਕਾਮ.	ਐਸੋਸ਼ੀਏਟ ਪ੍ਰੋਫੈਸਰ
2.	**ਮੋਨਾ ਗਰਗ	ਐੱਮ.ਕਾਮ.,ਐੱਮ.ਫਿਲ.,ਬੀ.ਐਡ.	ਅਸਿਸਟੈਂਟ ਪ੍ਰੋਫੈਸਰ
3.	**ਹਿਨਾ ਮਿੱਤਲ	ਐੱਮ.ਕਾਮ., NET, PGDCA	ਅਸਿਸਟੈਂਟ ਪ੍ਰੋਫੈਸਰ
ਅਰਥ ਸ਼ਾਸਤਰ ਵਿਭਾਗ			
1.	*ਡਾ.ਹਰਸਿਮਰਤ ਕੌਰ	ਐੱਮ.ਏ.,ਐੱਮ.ਫਿਲ., ਪੀਐਚ.ਡੀ	ਅਸਿਸਟੈਂਟ ਪ੍ਰੋਫੈਸਰ
2.	*ਡਾ. ਰੇਨੂਕਾ ਰਾਣੀ	ਐੱਮ.ਏ.,ਐੱਮ.ਫਿਲ.,ਬੀ.ਐਡ.,ਪੀਐੱਚ.ਡੀ.,NET	ਅਸਿਸਟੈਂਟ ਪ੍ਰੋਫੈਸਰ
ਕੰਪਿਊਟਰ ਸਾਇੰਸ			
1.	**ਮਨਜੋਤ ਕੌਰ	ਐੱਮ.ਸੀ.ਏ.	ਅਸਿਸਟੈਂਟ ਪ੍ਰੋਫੈਸਰ
ਲਾਇਬਰੇਰੀ ਵਿਭਾਗ			
1.	ਖਾਲੀ		

*ਪਾਰਟ ਟਾਇਮ ਅਸਿਸਟੈਂਟ ਪ੍ਰੋਫੈਸਰ। **ਗੈਸਟ ਫੈਕਲਟੀ ਅਸਿਸਟੈਂਟ ਪ੍ਰੋਫੈਸਰ।

ਪ੍ਰਮੁੱਖ ਪ੍ਰਬੰਧਕੀ ਸਹਿਯੋਗੀ
ਪ੍ਰਿੰਸੀਪਲ-ਪ੍ਰੋਫ਼ੈਸਰ ਸੁਖਬੀਰ ਸਿੰਘ

ਲੋਕ ਸੂਚਨਾ ਅਫ਼ਸਰ
ਪ੍ਰਿੰਸੀਪਲ-ਪ੍ਰੋਫ਼ੈਸਰ ਸੁਖਬੀਰ ਸਿੰਘ

ਸ਼ਰਵ ਸ਼੍ਰੀ/ ਸ਼੍ਰੀਮਤੀ

ਸਹਾਇਕ ਲੋਕ ਸੂਚਨਾ ਅਫ਼ਸਰ
ਵਿਭਾ ਗੁਪਤਾ

ਕਾਲਜ ਕਾਉਂਸਲ
ਰਾਜਦਵਿੰਦਰ ਸਿੰਘ ਸਿੱਧੂ
ਕਾਮਨਾ ਗੁਪਤਾ
ਮਿਨਾਕਸ਼ੀ ਮੜਕਨ
ਡਾ. ਹਰਦੀਪ ਸਿੰਘ
ਮੋਨਿਕਾ ਸੇਠੀ

ਕੋ-ਆਰਡੀਨੇਟਰ (ਦਾਖ਼ਲੇ)
ਸਾਰੀਆਂ ਕਲਾਸਾਂ
ਰਾਜਦਵਿੰਦਰ ਸਿੰਘ ਸਿੱਧੂ

ਕੋਕਰੀਕੁਲਰ ਗਤੀਵਿਧੀਆਂ
ਮਿਨਾਕਸ਼ੀ ਮੜਕਨ (ਯੂਥ ਕੋ-ਆਰਡੀਨੇਟਰ)

ਸੀਨੀਅਰ ਟਿਊਟਰ
ਰਾਜਦਵਿੰਦਰ ਸਿੰਘ ਸਿੱਧੂ (ਲੜਕੇ)
ਮਿਨਾਕਸ਼ੀ ਮੜਕਨ (ਲੜਕੀਆਂ)

ਰਜਿਸਟਰਾਰ ਗ੍ਰਹਿ ਪ੍ਰੀਖਿਆ
ਜਗਸੀਰ ਸਿੰਘ

ਬਰਸਰ
ਕਾਮਨਾ ਗੁਪਤਾ

ਸ਼ਿਕਾਇਤ ਨਿਵਾਰਨ ਸੈੱਲ ਇੰਚਾਰਜ
ਡਾ. ਹਰਦੀਪ ਸਿੰਘ (ਲੜਕੇ/ਲੜਕੀਆਂ)

ਕੈਰੀਅਰ ਗਾਇਡੈਂਸ ਐਂਡ ਪਲੇਸਮੈਂਟ ਸੈੱਲ
ਮੋਨਿਕਾ ਸੇਠੀ (ਕ)

ਇੰਟਰਨਲ ਕੁਆਲਟੀ ਐਸ਼ੋਰੈਂਸ ਸੈੱਲ
ਡਾ. ਹਰਦੀਪ ਸਿੰਘ

ਰਣਬੀਰ ਐਲੂਮਨੀ ਕਲੱਬ, ਸੰਗਰੂਰ
(ਐਲੂਮਨੀ ਦੀ ਚੋਣ ਹੋਣ ਉਪਰੰਤ)

ਸ਼ੋਸ਼ਲ ਵੈਲਫੇਅਰ ਸੋਸਾਇਟੀ
ਮਿਨਾਕਸ਼ੀ ਮੜਕਨ (ਕ)

ਕਾਲਜ ਵਿਕਾਸ ਕਾਉਂਸਲ
ਰਾਜਦਵਿੰਦਰ ਸਿੰਘ ਸਿੱਧੂ (ਕ)

ਯੂ.ਜੀ.ਸੀ.
ਡਾ. ਹਰਸਿਮਰਤ ਕੌਰ (ਕ)

ਰੂਸਾ
ਕੁਲਦੀਪ ਕੁਮਾਰ (ਕ)

ਵਿਮੈਨ ਵੈਲਫੇਅਰ ਸੈੱਲ
ਮਿਨਾਕਸ਼ੀ ਮੜਕਨ (ਕ)

ਮੁੱਖ ਸੰਪਾਦਕ ਮੈਗਜ਼ੀਨ
ਡਾ. ਸੁਖਵਿੰਦਰ ਸਿੰਘ

ਟਾਈਮ ਟੇਬਲ ਇੰਚਾਰਜ਼
ਰਾਜਦਵਿੰਦਰ ਸਿੰਘ ਸਿੱਧੂ (ਕ)

ਰੈੱਡ ਕਰਾਸ ਅਤੇ ਮੁਢਲੀ ਸਹਾਇਤਾ ਇੰਚਾਰਜ਼
ਡਾ. ਹਤਿੰਦਰ ਕੌਰ (ਕ)

ਨੈਸ਼ਨਲ ਸਰਵਿਸ ਸਕੀਮ(ਐੱਨ.ਐੱਸ.ਐੱਸ.)

ਯੂਨਿਟ ਨੰ: 1 ਲੜਕੇ	ਰੁਪਿੰਦਰ ਸ਼ਰਮਾ
ਯੂਨਿਟ ਨੰ: 2 ਲੜਕੀਆਂ	ਸੁਧਾ ਰਾਣੀ ਸ਼ਰਮਾ
ਯੂਨਿਟ ਨੰ: 3 ਲੜਕੇ	ਜਗਤਾਰ ਸਿੰਘ
ਯੂਨਿਟ ਨੰ: 4 ਲੜਕੀਆਂ	ਗੁਲਸ਼ਨਦੀਪ

ਬਸ ਅਤੇ ਰੇਲਵੇ ਪਾਸ
ਮੋਨਿਕਾ ਸੇਠੀ, ਤਪਿੰਦਰ ਕੌਰ (ਲੜਕੀਆਂ)
ਰਵਿੰਦਰਪਾਲ ਸਿੰਘ, ਨਿਤੀਸ਼ ਅਰੋੜਾ (ਲੜਕੇ)
ਕਰਮਜੀਤ ਸਿੰਘ (ਲੜਕੀਆਂ ਲਈ) ਸਹਿਯੋਗੀ
ਰੋਸ਼ਨ ਲਾਲ (ਲੜਕਿਆਂ ਲਈ) ਸਹਿਯੋਗੀ

ਸੜਕ ਸੁਰੱਖਿਆ ਕਮੇਟੀ ਇੰਚਾਰਜ਼
ਰੁਪਿੰਦਰ ਸ਼ਰਮਾ (ਕ)

ਸੈਲਫ ਫਾਈਨੈਂਸਿੰਗ ਕੋਰਸਿਜ਼ (ਐੱਚ.ਈ.ਆਈ.ਐੱਸ.)
ਰਾਜਦਵਿੰਦਰ ਸਿੰਘ ਸਿੱਧੂ (ਮੈਂਬਰ ਸੈਕਟਰੀ)

ਲੀਗਲ ਲਿਟਰੇਸੀ ਕਲੱਬ
ਵਿਭਾ ਗੁਪਤਾ (ਕ)

ਐਂਟੀਰੈਗਿੰਗ ਕਮੇਟੀ ਇੰਚਾਰਜ਼
ਡਾ. ਹਰਦੀਪ ਸਿੰਘ (ਕ)

ਸਰਬ ਭਾਰਤੀ ਸਿੱਖਿਆ ਨਿਰੀਖਣ ਕਮੇਟੀ:
ਅਸ਼ਵਨੀ ਕੁਮਾਰ (ਕ)

ਨੈਸ਼ਨਲ ਕੈਡਿਟ ਕੋਰਪਸ (ਐੱਨ.ਸੀ.ਸੀ.)
ਗੁਰਪ੍ਰੀਤ ਕੌਰ (ਲੜਕੀਆਂ)

ਵੈੱਬਸਾਈਟ ਇੰਚਾਰਜ਼
ਅਸ਼ਵਨੀ ਕੁਮਾਰ (ਕ)

ਐਂਟੀ ਨਾਰਕੋਟਿਕ/ਤੰਬਾਕੂ ਕੰਟਰੋਲ ਸੈਲ
ਦਵਿੰਦਰ ਕੁਮਾਰੀ (ਕ)

ਰੈਡ ਰਿਬਨ ਕਲੱਬ ਇੰਚਾਰਜ਼
ਡਾ. ਸੁਖਵਿੰਦਰ ਸਿੰਘ (ਕ)

ਸਟਾਫ ਸਕੱਤਰ
ਡਾ. ਹਰਦੀਪ ਸਿੰਘ

ਦਫਤਰੀ ਅਮਲਾ
(Office Staff)

ਸਰਵ ਸ਼੍ਰੀ/ਸ਼੍ਰੀਮਤੀ

ਸੁਪਰਡੈਂਟ
1. ਤਰਸੇਮ ਤਾਂਗੜੀ

ਜੂਨੀਅਰ ਸਹਾਇਕ
1. ਮਨਜੀਤ ਕੌਰ
2. ਸੰਦੀਪ ਕੌਰ
3. ਅਨੂਪ੍ਰੀਤ ਸਿੰਘ
4. ਖਾਲੀ

ਸਟੈਨੋ ਟਾਈਪਿਸਟ
1. ਖਾਲੀ

ਕਲਰਕ
1. ਸ਼ੇਰ ਸਿੰਘ
2. ਕਾਂਤਾ ਰਾਣੀ
3. ਰਾਮ ਸਿੰਘ
4. ਦੀਪਇੰਦਰ ਸਿੰਘ

ਲਾਇਬਰੇਰੀ ਰਿਸਟੋਰਰ
1. ਖਾਲੀ

ਸੀਨੀਅਰ ਲੈਕਚਰ ਅਸਿਸਟੈਂਟ
1. ਅਮਰਮੀਤ ਸਿੰਘ
2. ਖਾਲੀ
3. ਖਾਲੀ
4. ਖਾਲੀ
5. ਖਾਲੀ
6. ਖਾਲੀ

ਜੂਨੀਅਰ ਲੈਕਚਰ ਅਸਿਸਟੈਂਟ
1. 1 ਤੋਂ 10 ਖਾਲੀ

ਸੀਨੀਅਰ ਲੈਬਾਟਰੀ ਅਟੈਂਡੈਂਟ
1. ਸੁਰਜੀਤ ਸਿੰਘ
2. ਕਰਮਜੀਤ ਸਿੰਘ
3. ਖਾਲੀ
4. ਖਾਲੀ
5. ਖਾਲੀ
6. ਖਾਲੀ
7. ਖਾਲੀ

ਲੈਬਾਟਰੀ ਅਟੈਂਡੈਂਟ
1. ਖਾਲੀ

ਤਬਲਾ ਇੰਸਟਰਕਟਰ
1. ਰਵੀ ਕਾਂਤ ਸ਼ਰਮਾ

ਸੇਵਾਦਾਰ
1. ਸੁਭਾਸ਼ ਕੁਮਾਰ
2. ਖਾਲੀ
3. ਖਾਲੀ
4. ਖਾਲੀ
5. ਖਾਲੀ
6. ਖਾਲੀ

ਪਾਣੀ ਵਾਲੇ ਸੇਵਾਦਾਰ
1. ਖਾਲੀ
2. ਖਾਲੀ

ਸਫ਼ਾਈ ਸੇਵਕ
1. ਨਿਸ਼ਾ ਰਾਣੀ
2. ਖਾਲੀ
3. ਖਾਲੀ
4. ਖਾਲੀ

ਚੌਂਕੀਦਾਰ
1. ਜਗਤਾਰ ਸਿੰਘ
2. ਅਸ਼ੋਕ ਕੁਮਾਰ
3. ਖਾਲੀ
4. ਖਾਲੀ
5. ਖਾਲੀ

ਮਾਲੀ
1. ਖਾਲੀ

ਬੇਲਦਾਰ
1. ਬਲਜੀਤ ਸਿੰਘ
2. ਬਲਬੀਰ ਸਿੰਘ
3. ਖਾਲੀ
4. ਖਾਲੀ
5. ਖਾਲੀ
6. ਖਾਲੀ

ਲਾਇਬਰੇਰੀ ਅਟੈਂਡੈਂਟ
1. ਕਰਮ ਸਿੰਘ
2. ਖਾਲੀ
3. ਖਾਲੀ

ਗੈਸ ਮਕੈਨਿਕ
1. ਖਾਲੀ

ਗੈਸ ਮੈਨ
1. ਖਾਲੀ

ਦਾਖ਼ਲਾ ਨਿਯਮ

1. ਕਾਲਜ ਦੀ ਹਰ ਕਲਾਸ ਵਿੱਚ ਵਿਦਿਆਰਥੀਆਂ ਦਾ ਦਾਖ਼ਲਾ ਪੰਜਾਬੀ ਯੂਨੀਵਰਸਿਟੀ ਦੇ ਤਕਨੀਕੀ ਨਿਯਮਾਂ ਅਨੁਸਾਰ ਕੇਵਲ ਯੋਗਤਾ ਅਤੇ ਸੀਟਾਂ ਦੀ ਉਪਲੱਬਤਾ ਦੇ ਅਧਾਰ ਤੇ ਕੀਤਾ ਜਾਂਦਾ ਹੈ । ਦਾਖ਼ਲੇ ਦੀ ਨਿਸ਼ਚਿਤ ਮਿਤੀ ਤੇ ਗ਼ੈਰਹਾਜ਼ਰ ਹੋਣ ਦੀ ਸੂਰਤ ਵਿੱਚ ਕਿਸੇ ਵਿਦਿਆਰਥੀ ਦਾ ਦਾਖ਼ਲਾ ਕੇਵਲ ਯੋਗਤਾ ਨਹੀਂ ਬਲਕਿ ਸੀਟਾਂ ਦੀ ਉਪਲੱਬਤਾ ਤੇ ਨਿਰਭਰ ਕਰੇਗਾ । ਦੂਜੇ ਕਾਲਜਾਂ ਦੇ ਫੇਲ੍ਹ ਹੋਏ ਵਿਦਿਆਰਥੀਆਂ ਨੂੰ ਦਾਖ਼ਲਾ ਨਹੀਂ ਦਿੱਤਾ ਜਾਵੇਗਾ । ਇਸ ਕਾਲਜ ਦੇ ਫ਼ੇਲ ਹੋਏ ਵਿਦਿਆਰਥੀਆਂ ਨੂੰ ਮੁੜ ਦਾਖ਼ਲੇ ਲਈ ਤਾਂ ਹੀ ਵਿਚਾਰਿਆ ਜਾਵੇਗਾ ਜੇਕਰ ਰੈਗੂਲਰ ਦਾਖ਼ਲਾ ਮੁਕੰਮਲ ਹੋਣ ਉਪਰੰਤ ਸੀਟਾਂ ਉਪਲੱਬਧ ਹੋਣ ਅਤੇ ਉਸ ਵਿਦਿਆਰਥੀ ਦੀਆਂ ਪਿਛਲੇ ਸਾਲਾਂ ਵਿਚ ਹਾਜ਼ਰੀਆਂ, ਪ੍ਰੀਖਿਆ ਸ਼ਰਤਾਂ ਅਤੇ ਆਚਰਣ ਉਚਿੱਤ ਹੋਣ ।

2. ਵਿਦਿਆਰਥੀ Online ਦਾਖਲਾ ਫਾਰਮ ਅਪਲਾਈ ਕਰੇਗਾ ਨਾਲ ਹੀ ਯੂਨੀਵਰਸਿਟੀ ਪੋਰਟਲ ਤੇ ਅਪਲਾਈ ਕਰਨਾ ਲਾਜਮੀ ਹੋਵੇਗਾ। ਦਾਖ਼ਲੇ ਲਈ ਉਮੀਦਵਾਰ ਨੂੰ ਨਿਸ਼ਚਿਤ ਤਾਰੀਖ ਤੇ ਇੰਟਰਵਿਊ ਲਈ ਸਵੇਰੇ 9–00 ਵਜੇ ਹਾਜ਼ਰ ਹੋਣਾ ਲਾਜ਼ਮੀ ਹੈ । ਇੰਟਰਵਿਊ ਦੇਣ ਵਾਲੇ ਉਮੀਦਵਾਰਾਂ ਦੀ ਲਿਸਟ ਮੈਰਿਟ ਅਨੁਸਾਰ ਨੋਟਿਸ ਬੋਰਡ ਤੇ ਲਾਈ ਜਾਵੇਗੀ ।

3. ਦਾਖ਼ਲਾ ਕਮੇਟੀ ਉਮੀਦਵਾਰ ਨੂੰ ਇੰਟਰਵਿਊ ਰਾਹੀਂ ਚੁਣੇਗੀ । ਦਾਖ਼ਲਾ ਕਮੇਟੀ ਨੂੰ ਕਿਸੇ ਵੀ ਬਿਨੈਕਾਰ ਦੀ ਅਰਜੀ ਯੂਨੀਵਰਸਿਟੀ ਨਿਯਮਾਂ ਅਨੁਸ਼ਾਰ ਨਾ–ਮਨਜ਼ੂਰ ਕਰਨ ਦਾ ਅਧਿਕਾਰ ਹੈ । ਦਾਖ਼ਲ ਹੋਣ ਲਈ ਇਹ ਜ਼ਰੂਰੀ ਹੈ ਕਿ ਉਮੀਦਵਾਰ ਆਪਣੇ ਅਸਲ ਸਰਟੀਫ਼ਿਕੇਟ ਲੈ ਕੇ ਦਾਖ਼ਲਾ ਕਮੇਟੀ ਸਾਹਮਣੇ ਹਾਜ਼ਰ ਹੋਣ । ਮਾਪੇ ਜਾਂ ਸਰਪ੍ਰਸਤ ਬਿਨੈਕਾਰ ਦੇ ਨਾਲ ਆ ਸਕਦੇ ਹਨ । ਕਿਸੇ ਵੀ ਉਮੀਦਵਾਰ ਨੂੰ ਚਿੱਠੀ ਜਾਂ ਤਾਰ ਜਾਂ ਈਮੇਲ ਰਾਹੀਂ ਦਾਖ਼ਲਾ ਨਹੀਂ ਦਿੱਤਾ ਜਾਵੇਗਾ।

4. ਦਾਖ਼ਲਾ ਫਾਰਮ ਕਮੇਟੀ ਵੱਲੋਂ ਮਨਜ਼ੂਰ ਹੋਣ ਉਪਰੰਤ ਵਿਦਿਆਰਥੀ ਨੂੰ 24 ਘੰਟੇ ਅੰਦਰ ਫ਼ੀਸ ਜਮ੍ਹਾਂ ਕਰਵਾਉਣੀ ਹੋਵੇਗੀ ਨਹੀਂ ਤਾਂ ਉਸ ਵਿਦਿਆਰਥੀ ਦਾ ਦਾਖ਼ਲਾ ਸੀਟਾਂ ਉਪਲੱਬਧ ਹੋਣ ਦੀ ਸੂਰਤ ਵਿੱਚ ਹੀ ਵਿਚਾਰਿਆ ਜਾਵੇਗਾ । ਫੀਸ ਕਾਲਜ ਵੱਲੋਂ ਨਿਰਧਾਰਿਤ ਮਡਿਊਲ ਅਨੁਸਾਰ ਲਈ ਜਾਵੇਗੀ।

5. ਪੁਨਰ ਮੁਲੰਕਨ ਦੇ ਅਧਾਰ ਤੇ ਦਾਖ਼ਲਾ ਨਤੀਜਾ ਨਿਕਲਣ ਤੇ ਅਤੇ ਨਤੀਜਾ ਕਾਰਡ ਤੇ ਛਪੀ ਤਾਰੀਖ ਤੋਂ 15 ਕੰਮਕਾਜੀ ਦਿਨਾਂ (Working Days) ਦੇ ਅੰਦਰ–ਅੰਦਰ ਸੀਟਾਂ ਦੀ ਉਪਲੱਬਤਾ ਅਤੇ ਯੂਨੀਵਰਸਿਟੀ ਦੇ ਨਿਯਮਾਂ ਦੇ ਅਧਾਰ ਤੇ ਹੀ ਕੀਤਾ ਜਾਵੇਗਾ ।

6. ਕਿਸੇ ਵੀ ਯੂਨੀਵਰਸਿਟੀ ਦੀ ਪ੍ਰੀਖਿਆ ਵਿੱਚ ਬੈਠਣ ਤੋਂ ਵਰਜਿਤ (Disqualified) ਵਿਦਿਆਰਥੀ ਨੂੰ ਦਾਖ਼ਲਾ ਨਹੀਂ ਦਿੱਤਾ ਜਾਵੇਗਾ ।

7. ਬਾਹਰਲੇ ਕਾਲਜਾਂ/ਯੂਨੀਵਰਸਿਟੀਆਂ ਵਿੱਚੋਂ ਇਸ ਕਾਲਜ ਵਿੱਚ ਸਮੈਸਟਰ ਤੀਜਾ ਤੇ ਪੰਜਵਾ ਵਿੱਚ ਦਾਖ਼ਲਾ ਲੈਣ ਦੇ ਚਾਹਵਾਨ ਵਿਦਿਆਰਥੀਆਂ ਨੂੰ ਸੀਟਾਂ ਦੀ ਉਪਲੱਬਧਤਾ, ਕਾਲਜ ਵਿੱਚ ਉਪਲੱਬਧ ਵਿਸ਼ਿਆਂ ਦੇ ਕੰਬੀਨੇਸ਼ਨ ਨੂੰ ਧਿਆਨ ਵਿੱਚ ਰੱਖਦੇ ਹੋਏ ਅਤੇ ਵਿਦਿਆਰਥੀ ਦੇ ਹਾਲਾਤ ਨੂੰ ਮੁੱਖ ਰੱਖ ਕੇ ਪ੍ਰਿੰਸੀਪਲ ਜੀ ਦੀ ਆਗਿਆ ਨਾਲ ਦਾਖ਼ਲੇ ਲਈ ਵਿਚਾਰਿਆ ਜਾਵੇਗਾ। ਇਸ ਸਬੰਧੀ ਯੂਨੀਵਰਸਿਟੀ ਵੱਲੋਂ ਕਿਸੇ ਵੀ ਪ੍ਰਕਾਰ ਦੀ ਬਣਦੀ ਫ਼ੀਸ ਅਦਾ ਕਰਨ ਲਈ ਵਿਦਿਆਰਥੀ ਪਾਬੰਦ ਹੋਣਗੇ। ਬਾਹਰਲੀ ਯੂਨੀਵਰਸਿਟੀ/ਕਾਲਜਾਂ ਤੋਂ ਮਾਈਗਰੇਟ ਹੋਕੇ ਆਏ ਵਿਦਿਆਰਥੀਆਂ ਦੇ ਡੈਫਿਸ਼ੈਂਟ ਪੇਪਰ ਦੀ ਜਾਣਕਾਰੀ/ਪ੍ਰਵਾਨਗੀ ਸੰਬੰਧੀ ਵਿਦਿਆਰਥੀ ਆਪਣੇ ਪੱਧਰ ਤੇ ਪੂਰਾ ਕੇਸ ਤਿਆਰ ਕਰਵਾਕੇ ਕਾਲਜ਼ ਵਿੱਚੋਂ ਲੈ ਕੇ ਜਾਣ ਦੀ ਜਿੰਮੇਵਾਰੀ ਉਸ ਦੀ ਆਪਣੀ ਹੋਵੇਗੀ। ਅਜਿਹਾ ਨਾ ਕਰਨ ਦੀ ਸੂਰਤ ਵਿੱਚ ਯੂਨੀਵਰਸਿਟੀ ਵੱਲੋਂ ਲਗਾਇਆ ਗਿਆ ਡੈਫਿਸ਼ੈਂਟ ਪੇਪਰ ਦਾ ਜੁਰਮਾਨਾ ਵਿਦਿਆਰਥੀ ਕੋਲੋ ਵਸੂਲਿਆ ਜਾਵੇਗਾ।

8. ਜਿਹੜਾ ਵਿਦਿਆਰਥੀ ਕਾਲਜ ਛੱਡਣਾ ਚਾਹੇ, ਉਹ ਪਹਿਲਾਂ ਪ੍ਰਿੰਸੀਪਲ ਨੂੰ ਲਿਖਤੀ ਪ੍ਰਾਰਥਨਾ ਪੱਤਰ ਦੇਵੇਗਾ। ਇਸ ਉੱਪਰ ਉਸ ਦੇ ਪਿਤਾ ਜਾਂ ਸਰਪ੍ਰਸਤ ਦੇ ਹਸਤਾਖ਼ਰ ਹੋਣ। ਉਸ ਨੂੰ ਕਾਲਜ ਛੱਡਣ ਤੋਂ ਪਹਿਲਾਂ ਕਾਲਜ ਦੀ ਫ਼ੀਸ, ਕਿਤਾਬਾਂ ਦੀ ਵਾਪਸੀ ਅਤੇ ਹੋਰ ਸਾਰੇ ਹਿਸਾਬ ਚੁਕਾਉਣੇ ਪੈਣਗੇ। ਕਾਲਜ ਵੱਲੋਂ ਲਾਇਬ੍ਰੇਰੀ ਸਿਕਿਉਰਿਟੀ ਤੋਂ ਇਲਾਵਾ ਹੋਰ ਕੋਈ ਰਕਮ ਵਾਪਸ ਨਹੀਂ ਕੀਤੀ ਜਾਵੇਗੀ।

9. ਨਵੇਂ ਸਿਸਟਮ ਅਨੁਸਾਰ Even ਤੋਂ Odd ਸਮੈਸਟਰ ਵਿਚ ਦਾਖਲੇ ਸਮੇਂ 50% ਵਿਸ਼ੇ ਪਾਸ ਕਰਨ ਵਾਲੇ ਵਿਦਿਆਰਥੀ ਨੂੰ ਹੀ ਅਗਲੇ ਸਮੈਸਟਰ/ਕਲਾਸ ਵਿੱਚ ਦਾਖ਼ਲਾ ਦਿੱਤਾ ਜਾਵੇਗਾ ।

10. ਜੇਕਰ ਯੂਨੀਵਰਸਿਟੀ ਵੱਲੋਂ ਕਿਸੇ ਦਾਖ਼ਲੇ ਸੰਬੰਧੀ ਨਿਯਮਾਂ ਵਿੱਚ ਤਬਦੀਲੀ ਹੋਈ ਤਾਂ ਦਾਖ਼ਲਾ ਉਹਨਾਂ ਨਿਯਮਾਂ ਅਨੁਸਾਰ ਹੀ ਕੀਤਾ ਜਾਵੇਗਾ ।

11. ਜਿਸ ਕਲਾਸ/ਵਿਸ਼ੇ ਵਿੱਚ ਵਿਦਿਆਰਥੀਆਂ ਦੀ ਗਿਣਤੀ 10 ਤੋਂ ਘੱਟ ਹੋਵੇਗੀ, ਉਹ ਕਲਾਸ/ਵਿਸ਼ੇ ਨੂੰ ਸ਼ੁਰੂ ਨਹੀਂ ਕੀਤਾ ਜਾਵੇਗਾ ।

12. ਮਾਪਿਆਂ ਨੂੰ ਚਾਹੀਦਾ ਹੈ ਕਿ ਉਹ ਸਮੇਂ–ਸਮੇਂ ਸਿਰ ਅਧਿਆਪਕਾਂ ਤੋਂ ਵਿਦਿਆਰਥੀਆਂ ਦੀਆਂ ਹਾਜ਼ਰੀਆਂ ਅਤੇ ਅਨੁਸ਼ਾਸਨ ਬਾਰੇ ਪੁੱਛ–ਗਿੱਛ ਕਰਦੇ ਰਹਿਣ । ਕਾਲਜ ਅਜਿਹੀ ਸੂਚਨਾ ਆਮ ਤੌਰ ਤੇ ਡਾਕ ਰਾਹੀਂ ਨਹੀਂ ਭੇਜੇਗਾ। ਨਾਮ ਕੱਟਣ ਜਾਂ ਗ਼ੈਰਹਾਜ਼ਰੀਆਂ ਦੀ ਸੂਚਨਾ ਕੇਵਲ ਨੋਟਿਸ ਬੋਰਡ ਤੇ ਲਗਾਈ ਜਾਵੇਗੀ ਜਾਂ Sms ਰਾਹੀ ਕਾਲਜ ਵੱਲੋਂ ਸਨੇਹਾ ਭੇਜਿਆ ਜਾਵੇਗਾ

13. ਰੈਗਿੰਗ ਕਾਨੂੰਨੀ ਅਪਰਾਧ ਹੈ। ਦੋਸ਼ੀ ਵਿਦਿਆਰਥੀਆਂ ਵਿਰੁੱਧ ਕਾਨੂੰਨੀ /ਅਨੁਸ਼ਾਸਨੀ ਕਾਰਵਾਈ ਕੀਤੀ ਜਾਵੇਗੀ ।

14. ਕਿਸੇ ਵੀ ਕਲਾਸ ਵਿੱਚ ਕਿਸੇ ਵਿਦਿਆਰਥੀ ਨੂੰ ਕੈਜੂਅਲ ਵਿਦਿਆਰਥੀ ਦੇ ਤੌਰ ਤੇ ਦਾਖ਼ਲਾ ਨਹੀਂ ਦਿੱਤਾ ਜਾਵੇਗਾ ।

15. ਕਿਸੇ ਵੀ ਕਲਾਸ ਦੀ ਪ੍ਰੀਖਿਆ ਕਿਸੇ ਵੀ ਯੂਨੀਵਰਸਿਟੀ ਤੋਂ ਪਾਸ ਕਰ ਲੈਣ ਵਾਲੇ ਵਿਦਿਆਰਥੀ ਨੂੰ ਡਵੀਜ਼ਨ/ਅੰਕਾਂ ਦੇ ਸੁਧਾਰ(Improvement) ਲਈ ਉ ਕਲਾਸ ਵਿੱਚ ਮੁੜ ਦਾਖ਼ਲਾ ਨਹੀਂ ਦਿੱਤਾ ਜਾਵੇਗਾ ।

16. ਵੱਖ-ਵੱਖ ਕਲਾਸਾਂ ਵਿੱਚ ਦਾਖ਼ਲੇ ਲਈ ਉਹਨਾਂ ਵਿਦਿਆਰਥੀਆਂ ਨੂੰ ਪਹਿਲ ਦਿੱਤੀ ਜਾਵੇਗੀ, ਜਿਨਾਂ ਨੇ ਕੇਵਲ ਪਿਛਲੇ ਅਕਾਦਮਿਕ ਵਰ੍ਹੇ ਵਿੱਚ ਹੀ ਦਾਖ਼ਲੇ ਲ ਯੋਗਤਾ ਦੀ ਕਲਾਸ ਪਾਸ ਕੀਤੀ ਹੋਵੇ । ਜੇਕਰ ਸੀਟਾਂ ਉਪਲੱਬਧ ਹੋਣ ਤਾਂ ਬਾਕੀ ਰਹਿੰਦੇ ਬਿਨੈਕਾਰਾਂ ਨੂੰ ਦਾਖ਼ਲੇ ਲਈ ਵਿਚਾਰਿਆ ਜਾਵੇਗਾ ।

17. ਦਾਖ਼ਲਾ ਅਤੇ ਹੋਰ ਨਿਯਮਾਂ ਸੰਬੰਧੀ ਤਬਦੀਲੀ ਪ੍ਰਿੰਸੀਪਲ ਦੁਆਰਾ ਕੀਤੀ ਜਾ ਸਕਦੀ ਹੈ, ਜਿਸ ਬਾਰੇ ਵਿਦਿਆਰਥੀਆਂ ਨੂੰ ਕਾਲਜ ਨੋਟਿਸ ਬੋਰਡ, ਡਿਸਪਲੇਅ ਬੋਰਡ, Sms ਰਾਹੀਂ ਸੂਚਿਤ ਕੀਤਾ ਜਾਵੇਗਾ ਅਤੇ ਸਮੇਂ-ਸਮੇਂ ਸਿਰ ਲਗਾਏ ਨੋਟਿਸਾਂ ਰਾਹੀਂ ਸੂਚਿਤ ਕੀਤਾ ਜਾਵੇਗਾ ।

18. ਗੈਪ ਵਾਲੇ ਵਿਦਿਆਰਥੀ ਨੂੰ ਬਚਦੀਆਂ ਸੀਟਾਂ (ਜੇਕਰ ਗੈਪ ਜਸਟੀਫਾਈ ਹੁੰਦਾ ਹੋਵੇ) ਲਈ ਪ੍ਰਿੰਸੀਪਲ ਸਾਹਿਬ ਅਤੇ ਦਾਖ਼ਲਾ ਕਮੇਟੀ ਕਨਵੀਨਰ ਨਾਲ ਦਾਖ਼ਲੇ ਲਈ ਵਿਚਾਰ ਵਟਾਂਦਰਾ ਕਰਕੇ ਉਮਰ ਸੀਮਾ ਨੂੰ ਧਿਆਨ ਵਿਚ ਰੱਖਦੇ ਹੋਏ ਦਾਖ਼ਲੇ ਬਾਰੇ ਫੈਸਲਾ ਲਿਆ ਜਾਵੇਗਾ ।

ਦਾਖ਼ਲਾ ਫਾਰਮ ਭਰਨ ਲਈ ਹਦਾਇਤਾਂ

1. ਦਾਖ਼ਲਾ ਫਾਰਮ ਨਾਲ ਹੇਠ ਲਿਖੇ ਦਸਤਾਵੇਜਾਂ (Documents) ਦੀਆਂ ਤਸਦੀਕਸ਼ੁਦਾ/ਸੈਲਫ ਅਟੈਸਟਿਡ ਨਕਲਾਂ ਲਾਈਆਂ ਜਾਣ ਇੰਟਰਵਿਊ ਸਮੇਂ ਬਿਨੈਕਾਰ ਹੇਠ ਲਿਖਿਤ ਪ੍ਰਮਾਣ ਪੱਤਰ ਮੂਲ ਰੂਪ ਵਿੱਚ ਲੈ ਕੇ ਆਉਣ ।

ੳ) ਯੂਨੀਵਰਸਿਟੀ ਜਾਂ ਸਕੂਲ ਬੋਰਡ ਦੀ ਅੰਤਲੀ ਪ੍ਰੀਖਿਆ ਪਾਸ ਕਰਨ ਦਾ ਪ੍ਰਮਾਣ-ਪੱਤਰ ।

ਅ) ਉਸ ਵਿੱਦਿਅਕ ਸੰਸਥਾ ਦੇ ਹੈਡਮਾਸਟਰ/ਪ੍ਰਿੰਸੀਪਲ ਵੱਲੋਂ ਜਾਰੀ ਕੀਤੇ ਨੇਕ ਚਾਲ-ਚਲਣ ਦਾ ਪ੍ਰਮਾਣ ਪੱਤਰ ਜਿਥੋਂ ਬਿਨੈਕਾਰ ਅੰਤਲੀ ਪ੍ਰੀਖਿਆ ਪਾਸ ਕੀਤੀ ਹੋਵੇ । ਪ੍ਰਾਈਵੇਟ ਪ੍ਰੀਖਿਆ ਪਾਸ ਕਰਨ ਵਾਲੇ ਉਮੀਦਵਾਰ ਪਿੰਡ ਦੇ ਸਰਪੰਚ ਜਾਂ ਆਪਣੇ ਵਾਰਡ ਦੇ ਐੱਮ.ਸੀ. ਤੋਂ ਚਾਲ-ਚਲਣ ਦਾ ਪ੍ਰਮਾਣ-ਪੱਤਰ ਲੈ ਕੇ ਆਉਣ ।

ਏ) ਯੂਨੀਵਰਸਿਟੀ/ਸਕੂਲ ਬੋਰਡ ਵੱਲੋਂ ਜਾਰੀ ਕੀਤਾ ਹੋਇਆ ਅੰਤਲੀ ਪ੍ਰੀਖਿਆ ਵਿੱਚ ਪ੍ਰਾਪਤ ਕੀਤੇ ਅੰਕਾਂ ਦੇ ਵੇਰਵੇ ਦਾ ਸਰਟੀਫ਼ਿਕੇਟ (Detai Marks Certificate)।

ਸ) ਜਨਮ ਮਿਤੀ ਦੇ ਪ੍ਰਮਾਣ ਵਜੋਂ ਦਸਵੀਂ ਕਲਾਸ ਦਾ ਸਰਟੀਫ਼ਿਕੇਟ ਜਾਂ ਜਨਮ ਮਿਤੀ ਸਰਟੀਫ਼ਿਕੇਟ।

ਹ) ਸਾਰੇ ਬਿਨੈਕਾਰ ਵਿਦਿਆਰਥੀ ਪਾਸਪੋਰਟ ਸਾਈਜ਼ ਦੀਆਂ ਚਾਰ ਨਵੀਆਂ ਫੋਟੋਆਂ (ਬਿਨਾਂ ਤਸਦੀਕ) ਲਗਾਉਣਗੇ ਜਿਨ੍ਹਾਂ ਵਿੱਚੋਂ ਇੱਕ ਫਾਰਮ ਤੇ ਗੂੰਦ ਪੇਸਟ ਕੀਤੀ ਹੋਣੀ ਚਾਹੀਦੀ ਹੈ ।

ਕ) ਜਿਨ੍ਹਾਂ ਵਿਦਿਆਰਥੀਆਂ ਨੇ ਹੇਠਲੀ ਪ੍ਰੀਖਿਆ ਦੂਜੀਆਂ ਯੂਨੀਵਰਸਿਟੀਆਂ/ਬੋਰਡਾਂ ਤੋਂ ਪਾਸ ਕੀਤੀ ਹੋਵੇ ਉਨ੍ਹਾਂ ਨੂੰ ਦਾਖ਼ਲੇ ਤੋਂ ਪਹਿਲਾਂ ਯੂਨੀਵਰਸਿਟੀ ਰਜਿਸਟਰੇਸ਼ਨ ਸ਼ਾਖਾ ਤੋਂ ਪਾਤਰਤਾ (Eligibility) ਸਰਟੀਫ਼ਿਕੇਟ ਪ੍ਰਾਪਤ ਕਰਨ ਉਪਰੰਤ, ਉਸ ਦੇ ਅਧਾਰ ਤੇ ਹੀ ਕਾਲਜ ਵੱਲੋਂ, ਯੂਨੀਵਰਸਿਟੀ ਦ ਨਿਰਧਾਰਤ ਸ਼ਡਿਊਲ ਅਤੇ ਨਿਯਮਾਂ ਅਨੁਸਾਰ ਦਾਖ਼ਲਾ ਦਿੱਤਾ ਜਾਵੇਗਾ ।

2. Online ਦਾਖ਼ਲਾ ਫਾਰਮ ਉਤੇ ਪਿਤਾ/ਮਾਤਾ/ਸਰਪ੍ਰਸਤ ਦੇ ਹਸਤਾਖ਼ਰ ਹੋਣੇ ਚਾਹੀਦੇ ਹਨ । ਜਾਅਲੀ ਹਸਤਾਖ਼ਰ ਬਾਰੇ ਪਤਾ ਲੱਗ ਜਾਣ ਦੀ ਹਾਲਤ ਵਿ ਦਾਖ਼ਲਾ ਫਾਰਮ ਰੱਦ ਕੀਤਾ ਜਾਵੇਗਾ ।

3. ਰਾਖਵੀਂ ਸੀਟ ਦੇ ਅਧਾਰ ਤੇ ਦਾਖ਼ਲਾ ਲੈਣ ਦੇ ਇੱਛੁਕ ਦਾਖ਼ਲਾ ਫਾਰਮ ਵਿੱਚ ਆਪਣਾ ਕੈਟਾਗਰੀ ਕੋਡ ਜ਼ਰੂਰ ਭਰਨ ਅਤੇ ਸਬੂਤ ਵਜੋਂ ਯੋਗ ਅਧਿਕਾਰੀ ਵ ਜਾਰੀ ਕੀਤੇ ਪ੍ਰਮਾਣ ਪੱਤਰ ਦੀ ਤਸਦੀਕ ਸ਼ੁਦਾ ਨਕਲ ਫਾਰਮ ਨਾਲ ਨੱਥੀ ਕਰਨ । ਅਜਿਹਾ ਨਾ ਕਰਨ ਦੀ ਸੂਰਤ ਵਿੱਚ ਉਨ੍ਹਾਂ ਨੂੰ ਰਾਖਵੀਂ ਸੀਟ ਨ ਨਹੀਂ ਵਿਚਾਰਿਆ ਜਾਵੇਗਾ ।ਇੱਕ ਵਾਰ ਲਿਖੀ ਕੈਟਾਗਰੀ ਨੂੰ ਬਾਅਦ ਵਿਚ ਬਦਲਣ ਦੀ ਆਗਿਆ ਨਹੀਂ ਹੋਵੇਗੀ । ਵੱਖਰੀ-ਵੱਖਰੀ ਕੈਟਾਗਰੀ ਨ ਵੱਖਰੇ-ਵੱਖਰੇ ਫਾਰਮ ਭਰਨੇ ਜਰੂਰੀ ਹਨ ।ਵੱਖਰੇ ਵੱਖਰੇ ਕੋਰਸਾ ਲਈ ਵੱਖਰੇ ਵੱਖਰੇ ਫਾਰਮ ਭਰੇ ਜਾਣਗੇ। ਕਿਸੇ ਇੱਕ ਕੋਰਸ ਲਈ ਭਰਿਆ ਫਾਰਮ ਦੂਸਰੇ ਕੋਰਸ ਵਿੱਚ ਟਰਾਂਸਫਰ ਨਹੀਂ ਕੀਤਾ ਜਾਵੇਗਾ ।

ਰਾਖਵੀਆਂ ਸੀਟਾਂ

ਰਾਖਵੀਆਂ ਸੀਟਾਂ ਤੇ ਦਾਖ਼ਲਾ ਲਈ ਸਬੰਧਤ ਕੈਟੇਗਰੀ ਦੇ ਸਰਟੀਫ਼ਿਕੇਟ ਦੀ ਤਸਦੀਕਸ਼ੁਦਾ ਕਾਪੀ ਲਗਾਉਣੀ ਬਹੁਤ ਜਰੂਰੀ ਹੈ ।

1)	ਅਨੁਸੂਚਿਤ ਜਾਤੀ ਲਈ	25%
2)	ਪਛੜੀਆਂ ਸ਼੍ਰੇਣੀਆਂ ਲਈ	5%
3)	ਖਿਡਾਰੀਆਂ ਲਈ	2%
4)	ਆਰਮਡ ਫੋਰਸ/ਸੀ. ਆਰ. ਪੀ. ਐੱਫ. / ਬੀ. ਐੱਸ. ਐੱਫ. ਵਿੱਚ ਕੰਮ ਕਰ ਰਹੇ/ਸੇਵਾ ਮੁਕਤ ਜਾਂ ਸੇਵਾ ਦੌਰਾਨ ਸਵਰਗਵਾਸ ਹੋਏ ਅਫ਼ਸਰ/ਕਰਮਚਾਰੀਆਂ/ਦੰਗਾ/ਅੱਤਵਾਦ ਪੀੜਤ ਅਤੇ ਸੁਤੰਤਰਤਾ ਸੰਗਰਾਮੀਆਂ ਦੇ ਬੱਚਿਆਂ ਜਾਂ ਉਹਨਾਂ ਦੇ ਬੱਚਿਆਂ ਲਈ	2%
5)	ਅਪੰਗ ਵਿਦਿਆਰਥੀਆਂ ਲਈ	3%
6)	ਪੇਂਡੂ ਏਰੀਆ (Rural Area) (ਵਾਧੂ ਸੀਟਾਂ)	10%
7)	ਸਿੰਗਲ ਗਰਲ ਚਾਈਲ੍ਡ (ਵਾਧੂ ਸੀਟ)	1 ਸੀਟ

8) ਸਪੋਰਟਸ ਦੇ ਕੋਟੇ ਵਿੱਚ ਦਾਖ਼ਲਾ ਕੇਵਲ ਉਹਨਾਂ ਵਿਦਿਆਰਥੀਆਂ ਨੂੰ ਮਿਲੇਗਾ, ਜਿੰਨ੍ਹਾਂ ਨੇ ਸਪੋਰਟਸ ਕੈਟਾਗਿਰੀ ਟਿੱਕ ਕੀਤੀ ਹੋਵੇਗੀ, ਜਿੰਨ੍ਹਾ ਨੇ ਵੱਖੋ-ਵੱਖ ਖੇਡਾਂ ਵਿੱਚ ਘੱਟੋ-ਘੱਟ ਆਪਣੇ ਜ਼ਿਲ੍ਹੇ/ਕਾਲਜ ਦੀ ਪ੍ਰਤੀਨਿੱਧਤਾ ਕਰਦੇ ਹੋਏ ਰਾਜ/ਯੂਨੀਵਰਸਿਟੀ ਮੁਕਾਬਲਿਆਂ ਵਿੱਚ ਭਾਗ ਲਿਆ ਹੋਵੇ । ਖਿਡਾਰੀਆਂ ਲਈ ਰਾਖਵੀਆਂ ਸੀਟਾਂ ਦਾ ਦਾਖਲਾ ਕਾਲਜ ਦੇ ਸਰੀਰਤ ਸਿੱਖਿਆ ਵਿਭਾਗ ਦੀ ਸਿਫਰਸ਼ ਦੇ ਅਧਾਰ ਤੇ ਹੀ ਕੀਤਾ ਜਾਵੇਗਾ।

ਜਰੂਰੀ ਨੋਟ:

ਜੇ ਪੰਜਾਬ ਸਰਕਾਰ/ਯੂਨੀਵਰਸਿਟੀ ਵੱਲੋਂ ਦਾਖਲਾ ਰਾਖਵਾਂਕਰਨ ਵਿੱਚ ਕਿਸੇ ਕਿਸਮ ਦੀ ਕੋਈ ਤਬਦੀਲੀ ਕੀਤੀ ਜਾਂਦੀ ਹੈ ਤਾਂ ਉਸ ਦੀ ਪਾਲਣਾ ਕੀਤੀ ਜਾਵੇਗੀ।

ਪੰਜਾਬੀ ਲਾਜ਼ਮੀ ਵਿਸ਼ੇ ਦੀ ਪੜ੍ਹਾਈ ਤੋਂ ਛੋਟ(ਪੰਜਾਬੀ ਲਾਜ਼ਮੀ ਮੁੱਢਲਾ ਗਿਆਨ ਦਾ ਵਿਸ਼ਾ)

ਯੂਨੀਵਰਸਿਟੀ ਨਿਯਮਾਂ ਅਨੁਸਾਰ ਪੰਜਾਬੀ ਲਾਜ਼ਮੀ ਵਿਸ਼ੇ ਦੀ ਪੜ੍ਹਾਈ ਤੋਂ ਛੋਟ ਮਿਲ ਸਕਦੀ ਹੈ ਤੇ ਇਸ ਦੀ ਥਾਂ ਤੇ ਪੰਜਾਬੀ ਲਾਜ਼ਮੀ ਮੁੱਢਲਾ ਗਿਆਨ ਦਾ ਵਿਸ਼ਾ ਪੜ੍ਹਿਆ ਜਾ ਸਕਦਾ ਹੈ, ਪ੍ਰੰਤੂ ਇਹ ਸਹੂਲਤ ਕੇਵਲ ਉਨ੍ਹਾਂ ਵਿਦਿਆਰਥੀਆਂ ਨੂੰ ਮਿਲ ਸਕਦੀ ਹੈ ਜਿਨ੍ਹਾਂ ਨੇ ਆਪਣੀ ਬਾਰ੍ਹਵੀਂ ਦੀ ਪ੍ਰੀਖਿਆ ਪੰਜਾਬ ਰਾਜ ਤੋਂ ਬਾਹਰ ਕਿਸੇ ਸਕੂਲ/ਅਦਾਰੇ ਤੋਂ ਪਾਸ ਕੀਤੀ ਹੋਵੇ । ਪੰਜਾਬੀ ਵਿਸ਼ੇ ਦੀ ਪੜ੍ਹਾਈ ਤੋਂ ਛੋਟ ਲੈਣ ਲਈ ਅਤੇ ਪੰਜਾਬੀ ਲਾਜ਼ਮੀ ਮੁੱਢਲਾ ਗਿਆਨ ਦਾ ਵਿਸ਼ਾ ਪੜ੍ਹਨ ਲਈ ਦਾਖ਼ਲੇ ਤੋਂ ਤੁਰੰਤ ਬਾਅਦ ਵਿਦਿਆਰਥੀ ਨੂੰ ਲਿਖਤੀ ਰੂਪ ਵਿੱਚ ਕਾਲਜ ਪ੍ਰਿੰਸੀਪਲ ਰਾਹੀਂ ਯੂਨੀਵਰਸਿਟੀ ਤੋਂ ਮਨਜ਼ੂਰੀ ਲੈਣੀ ਪਵੇਗੀ, ਇਹ ਮਨਜ਼ੂਰੀ ਪ੍ਰਾਪਤ ਕਰਨਾ ਵਿਦਿਆਰਥੀ ਦੀ ਆਪਣੀ ਜਿੰਮੇਵਾਰੀ ਹੋਵੇਗੀ । ਇਹਨਾਂ ਵਿਦਿਆਰਥੀਆਂ ਦੇ ਮੁਕੰਮਲ ਕੇਸ 10+2 ਦੀ ਪਾਸ ਕੀਤੀ ਪ੍ਰੀਖਿਆ ਦੀਆਂ ਤਸਦੀਕਸ਼ੁਦਾ ਕਾਪੀਆਂ ਸਮੇਤ ਪ੍ਰਿੰਸੀਪਲ ਦੀ ਸਿਫਾਰਿਸ਼ ਸਹਿਤ ਦਾਖ਼ਲੇ ਦੀ ਅੰਤਮ ਮਿਤੀ ਤੋਂ ਇੱਕ ਮਹੀਨੇ ਦੇ ਅੰਦਰ-ਅੰਦਰ ਯੂਨੀਵਰਸਿਟੀ ਵਿੱਚ ਮਨਜ਼ੂਰੀ ਲਈ ਹਰ ਹਾਲਤ ਵਿੱਚ ਪਹੁੰਚ ਜਾਣੇ ਚਾਹੀਦੇ ਹਨ ।

ਫ਼ੈਕਲਟੀ ਅਤੇ ਵਿਸ਼ੇ ਬਦਲੀ ਸੰਬੰਧੀ

ਅੰਤਰ-ਫ਼ੈਕਲਟੀ ਬਦਲੀ ਦਾਖ਼ਲੇ ਤੋਂ ਦਸ ਦਿਨਾਂ ਦੇ ਅੰਦਰ-ਅੰਦਰ ਅਤੇ ਵਿਸ਼ਾ ਦੀ ਤਬਦੀਲੀ ਚਾਰ ਹਫਤਿਆਂ ਦੇ ਅੰਦਰ-ਅੰਦਰ ਹੀ ਕੀਤੀ ਜਾ ਸਕਦੀ ਹੈ । ਇਸ ਮੰਤਵ ਲਈ ਅਰਜ਼ੀ ਨਿਸ਼ਚਿਤ ਫਾਰਮ ਤੇ ਸਬੰਧਤ ਅਧਿਆਪਕਾਂ ਦੀ ਸਿਫਾਰਸ਼ ਕਰਵਾਉਣ ਉਪਰੰਤ ਕਾਲਜ ਆਫਿਸ ਵਿੱਚ ਯੂਨੀਵਰਸਿਟੀ ਕਲਰਕ ਕੋਲ ਜਮ੍ਹਾਂ ਕਰਵਾਉਣੀ ਪਵੇਗੀ ਅਤੇ ਇਹ ਤਬਦੀਲੀ ਵਿਸ਼ੇਸ਼ ਕਮੇਟੀ ਦੀ ਪ੍ਰਵਾਨਗੀ ਉਪਰੰਤ ਹੀ ਲਾਗੂ ਹੋਵੇਗੀ । ਅੰਤਰ-ਫ਼ੈਕਲਟੀ ਤਬਦੀਲੀ ਸੀਟਾਂ ਦੀ ਉਪਲੱਬਧੀ ਤੇ ਹੀ ਨਿਰਭਰ ਕਰਦੀ ਹੈ। ਫ਼ੈਕਲਟੀ ਬਦਲਣ ਸਮੇਂ ਜਿਹੜਾ ਵਿਦਿਆਰਥੀ ਫ਼ੈਕਲਟੀ ਬਦਲਣ ਦਾ ਇਛੁੱਕ ਹੈ, ਉਸ ਦੀ ਮੈਰਿਟ ਉਸ ਵਿਦਿਆਰਥੀ ਨਾਲੋਂ ਵੱਧ ਹੋਣੀ ਚਾਹੀਦੀ ਹੈ ਜੋ ਉਸ ਫ਼ੈਕਲਟੀ ਵਿੱਚ ਸਭ ਤੋਂ ਬਾਅਦ ਵਿੱਚ ਦਾਖਲ ਹੋਇਆ ਹੋਵੇ । ਵਿਸ਼ਾ/ਫ਼ੈਕਲਟੀ ਬਦਲਣ ਵਾਲੇ ਵਿਦਿਆਰਥੀ ਪ੍ਰਿੰਸੀਪਲ ਸਾਹਿਬ ਵੱਲੋਂ ਨੋਟਿਸ ਲੱਗਣ ਤੋਂ ਬਾਅਦ ਹੀ ਨਵੇਂ/ਦੂਸਰੇ ਵਿਸ਼ਿਆਂ ਦੀਆਂ ਕਲਾਸਾਂ ਲਗਾਉਣਗੇ । ਇਸ ਮਿਤੀ ਤੋਂ ਪਹਿਲਾਂ ਜਾਂ ਸਬੰਧਤ ਅਧਿਆਪਕਾਂ ਦੀ ਸਿਫਾਰਸ਼ ਕਰਵਾਉਣ ਤੋਂ ਬਿਨ੍ਹਾਂ ਹੀ ਨਵੇਂ ਵਿਸ਼ਿਆਂ ਦੀਆਂ ਕਲਾਸਾਂ ਆਪਣੇ ਆਪ ਲਗਾਉਣ ਨਾਲ ਵਿਦਿਆਰਥੀਆਂ ਦੀਆਂ ਹਾਜ਼ਰੀਆਂ ਘੱਟ ਸਕਦੀਆਂ ਹਨ । ਬੀ.ਏ. ਭਾਗ ਪਹਿਲਾ ਵਿਚ ਸਿ਼ਰਫ ਇੱਕ ਵਿਸ਼ਾ ਹੀ ਬਦਲਣ ਦੀ ਆਗਿਆ ਹੋਵੇਗੀ ।

ਫ਼ੀਸਾਂ ਬਾਰੇ ਸੂਚਨਾ

1. ਫ਼ੀਸਾਂ/ਫੰਡਾਂ ਦੀਆਂ ਦਰਾਂ ਪੰਜਾਬ ਸਰਕਾਰ/ਪੰਜਾਬੀ ਯੂਨੀਵਰਸਿਟੀ ਦੀਆਂ ਹਦਾਇਤਾਂ ਅਨੁਸਾਰ ਬਿਨ੍ਹਾਂ ਅਗਾਂਉ ਨੋਟਿਸ ਦਿੱਤੇ ਬਦਲਣ ਯੋਗ ਹੋਣਗੀਆਂ ਅਤੇ ਵਿਦਿਆਰਥੀ ਬਦਲੀਆਂ ਦਰਾਂ ਨਾਲ ਫ਼ੀਸਾਂ/ਫੰਡਾਂ ਦੀ ਅਦਾਇਗੀ ਦੇ ਪਾਬੰਦ ਹੋਣਗੇ ।
2. ਦਾਖ਼ਲੇ ਵੇਲੇ ਵਿਦਿਆਰਥੀਆਂ ਨੂੰ ਪੂਰੇ ਸੈਸ਼ਨ ਦੀ ਫ਼ੀਸ ਅਤੇ ਹੋਰ ਸਾਲਾਨਾ ਫੰਡ ਆਦਿ ਭਰਨੇ ਪੈਣਗੇ।
3. ਕਾਲਜ ਛੱਡਣ ਦੇ ਇੱਕ ਸਾਲ ਦੇ ਅੰਦਰ-ਅੰਦਰ ਨਾ ਲਈ ਜਾਣ ਵਾਲੀ ਜਮਾਨਤੀ ਰਕਮ ਜ਼ਬਤ ਹੋ ਜਾਵੇਗੀ ।
4. ਦਫ਼ਤਰ ਵੱਲੋਂ ਸੂਚਿਤ ਮਿਤੀਆਂ ਨੂੰ ਫ਼ੀਸਾਂ ਤੇ ਜੁਰਮਾਨੇ ਭਰਨੇ ਵਿਦਿਆਰਥੀਆਂ ਲਈ ਲਾਜ਼ਮੀ ਹਨ । ਫ਼ੀਸ ਨਾ ਭਰਨ ਵਾਲੇ ਵਿਦਿਆਰਥੀ ਦਾ ਨਾਂ ਕਾਲਜ ਵਿੱਚੋਂ ਕੱਟ ਦਿੱਤਾ ਜਾਵੇਗਾ ।
5. ਬੈਂਕ ਡਰਾਫਟ, ਚੈੱਕ, ਪੋਸਟਲ ਆਰਡਰ ਆਦਿ ਫ਼ੀਸ ਵਜੋਂ ਪ੍ਰਵਾਨ ਨਹੀਂ ਕੀਤੇ ਜਾਣਗੇ । ਸਮੁੱਚੀ ਫੀਸ Online ਭਰੀ ਜਾਵੇਗੀ। ਫੀਸ Debit Card, Credit Card ਜਾਂ Net Banking ਰਾਹੀ ਹੀ ਭਰੀ ਜਾ ਸਕਦੀ ਹੈ।
6. ਫ਼ੀਸ ਜਮ੍ਹਾਂ ਕਰਾਉਣ ਸਮੇਂ ਵਿਦਿਆਰਥੀ ਰਸੀਦ ਚੈੱਕ ਕਰ ਲੈਣ ਅਤੇ ਜੇ ਕਰ ਕੋਈ ਫਰਕ ਹੋਵੇ ਤਾਂ ਤੁਰੰਤ ਠੀਕ ਕਰਵਾ ਲੈਣ ।
7. ਇੱਕ ਵਾਰ ਜਮ੍ਹਾਂ ਕਰਵਾਈ ਟਿਊਸ਼ਨ ਫ਼ੀਸ/ ਫੰਡ ਕਾਲਜ ਵਿੱਚੋਂ ਨਾਮ ਕੱਟਣ ਉਪਰੰਤ ਵਾਪਿਸ ਨਹੀਂ ਹੋਵੇਗੀ ।

ਫ਼ੀਸ ਮੁਆਫ਼ੀ ਅਤੇ ਵਿੱਤੀ ਸਹਾਇਤਾ

1. ਲੋੜਵੰਦ ਵਿਦਿਆਰਥੀਆਂ ਲਈ ਪ੍ਰਿੰਸੀਪਲ ਸਾਹਿਬ ਨੂੰ ਕਾਲਜ ਵਿੱਚ ਦਾਖ਼ਲ ਹੋਏ ਵਿਦਿਆਰਥੀਆਂ ਦੀ ਸੰਖਿਆ ਦੇ 10% ਦੀ ਪੂਰੀ ਅਤੇ 10% ਦੀ ਅੱਧੀ ਟਿਊਸ਼ਨ ਫ਼ੀਸ ਮੁਆਫ਼ੀ ਕਰਨ ਦਾ ਅਧਿਕਾਰ ਪ੍ਰਾਪਤ ਹੈ। ਲੜਕੀਆਂ ਦੀ Tuition ਫੀਸ ਪੰਜਾਬ ਸਰਕਾਰ ਵੱਲੋਂ ਪਹਿਲਾਂ ਹੀ ਮੁਆਫ ਹੈ।
2. ਅਨੁਸੂਚਿਤ ਜਾਤੀਆਂ/ਕਬੀਲਿਆਂ ਦੇ ਉਨ੍ਹਾਂ ਵਿਦਿਆਰਥੀਆਂ ਦੀ ਪੂਰੀ ਫ਼ੀਸ ਮੁਆਫ਼ ਹੋਵੇਗੀ, ਜਿਨ੍ਹਾਂ ਦੇ ਮਾਪਿਆਂ ਦੀ ਸਾਲਾਨਾ ਆਮਦਨ 2 ਲੱਖ 50 ਹਜਾਰ ਰੁਪਏ ਤੋਂ ਘੱਟ ਹੈ।
3. ਐੱਸ.ਸੀ. ਵਿਦਿਆਰਥੀ, ਜਿਨ੍ਹਾਂ ਦੇ ਮਾਪਿਆਂ ਦੀ ਸਾਲਾਨਾ ਆਮਦਨ ਦੋ ਲੱਖ ਪੰਜਾਹ ਹਜ਼ਾਰ ਤੋਂ ਘੱਟ ਹੈ, ਦਾਖ਼ਲੇ ਸਮੇਂ ਇਨਕਮ ਅਤੇ ਜਾਤੀ ਸੰਬੰਧੀ ਹਲਫੀਆ ਬਿਆਨ, ਜੋ ਕਿ ਪਿਤਾ ਵੱਲੋਂ ਹੋਵੇ (ਪਿਤਾ ਨਾ ਹੋਣ ਦੀ ਸੂਰਤ ਵਿੱਚ ਮਾਤਾ ਵੱਲੋਂ ਦਿੱਤਾ ਜਾਵੇ), ਕਾਰਜਕਾਰੀ ਮੈਜਿਸਟਰੇਟ ਤੋਂ ਤਸਦੀਕ ਕਰਵਾ ਕੇ ਲਿਆਉਣ ਤਾਂ ਜੋ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਫ਼ੀਸਾਂ ਮੁਆਫ਼ ਕਰਨ ਸੰਬੰਧੀ ਕਾਰਵਾਈ ਕੀਤੀ ਜਾ ਸਕੇ। ਇਸ ਸਬੰਧੀ ਫਾਰਮ ਵਿਦਿਆਰਥੀ ਕਲਾਸਾਂ ਸੁਰੂ ਹੋਣ ਤੋਂ ਇੱਕ ਹਫਤੇ ਦੇ ਅੰਦਰ-ਅੰਦਰ ਦਫ਼ਤਰ ਵਿੱਚ ਜਮ੍ਹਾਂ ਕਰਵਾਏਗਾ ।
4. ਲੋੜਵੰਦ ਵਿਦਿਆਰਥੀਆਂ ਨੂੰ ਵਿਦਿਆਰਥੀ ਸਹਾਇਤਾ ਫੰਡ (SAF) ਅਤੇ ਰੈੱਡ ਕਰਾਸ ਫੰਡ ਵਿੱਚੋਂ ਪੁਸਤਕਾਂ/ਫ਼ੀਸਾਂ/ਕਪੜੇ/ਦਵਾਈਆਂ ਆਦਿ ਦੀ ਮਾਲੀ ਸਹਾਇਤਾ ਦਿੱਤੀ ਜਾਂਦੀ ਹੈ ।
5. ਲੋੜਵੰਦ ਵਿਦਿਆਰਥੀਆਂ ਨੂੰ ਲਾਇਬਰੇਰੀ ਵਿੱਚੋਂ ਪਾਠ-ਪੁਸਤਕਾਂ ਦੇ ਰੂਪ ਵਿੱਚ ਵੀ ਸਹਾਇਤਾ ਦਿੱਤੀ ਜਾਂਦੀ ਹੈ ।
6. ਦਾਖ਼ਲੇ ਤੋਂ ਬਾਅਦ ਫ਼ੀਸ ਮੁਆਫ਼ੀ ਜਾਂ ਮਾਲੀ ਸਹਾਇਤਾ ਲਈ ਅਰਜ਼ੀ ਉਪਰ ਪਿਤਾ/ਸਰਪ੍ਰਸਤ ਦੇ ਹਸਤਾਖ਼ਰ ਕਰਾਉਣ ਮਗਰੋਂ ਆਪਣੇ ਟਿਊਟਰ ਦੀ ਸਿਫ਼ਾਰਸ਼ ਸਮੇਤ ਨਿਸ਼ਚਿਤ ਮਿਤੀ ਤੋਂ ਪਹਿਲਾਂ ਦਫ਼ਤਰ ਵਿੱਚ ਪਹੁੰਚਾ ਦੇਣੀ ਚਾਹੀਦੀ ਹੈ।
7. National Human rights commission ਦੀਆਂ ਹਦਾਇਤਾਂ ਅਨੁਸਾਰ Asst. Director Public Institutions Higher Education Punjab (DPI-Colleges) ਦੇ ਪੱਤਰ ਨੰ: K.W.12/1-2015 ਦਾ ਐ-ਜੂ(3) ਅਨੁਸਾਰ Leprosy ਨਾਲ ਪੀੜ੍ਹਤ ਮਾਪਿਆਂ ਦੇ ਬੱਚਿਆਂ ਦੀ ਮੁਫਤ ਸਿੱਖਿਆ ਦਾ ਭਰੋਸਾ ਦਿੱਤਾ ਜਾਂਦਾ ਹੈ ।

ਨੋਟ : ਇਹ ਸਹਾਇਤਾ ਜਾਂ ਰਿਆਇਤ ਉਸ ਹਾਲਤ ਵਿੱਚ ਮਿਲੇਗੀ ਜੇਕਰ ਹਾਜ਼ਰੀਆਂ ਪੂਰੀਆਂ ਹੋਣ, ਚਾਲ-ਚਲਣ ਤਸੱਲੀਬਖ਼ਸ਼ ਹੋਵੇ ਅਤੇ ਪੜ੍ਹਾਈ ਵਿੱਚ ਤਰੱਕੀ ਜਾਰੀ ਰਹੇ।

Online ਅਪਲਾਈ ਕਰਨ ਲਈ e governance fees ਵੱਖਰੇ ਤੌਰ ਤੇ ਲਈ ਜਾਵੇਗੀ

ਬੀ.ਏ. I, II, III ਦੀ ਫ਼ੀਸ ਦਾ ਵੇਰਵਾ

ਲੜੀ ਨੰ:		ਬੀ.ਏ. ਭਾਗ ਪਹਿਲਾ		ਬੀ.ਏ. ਭਾਗ ਦੂਜਾ		ਬੀ.ਏ. ਭਾਗ ਤੀਜਾ	
		ਲੜਕੇ	ਲੜਕੀਆਂ	ਲੜਕੇ	ਲੜਕੀਆਂ	ਲੜਕੇ	ਲੜਕੀਆਂ
1.	ਸਰਟੀਫ਼ਿਕੇਟ ਵੈਰੀਫ਼ਿਕੇਸ਼ਨ	800	800	0	0	0	0
2.	ਦਾਖ਼ਲਾ ਫ਼ੀਸ	7	7	7	7	7	7
3.	ਟਿਊਸ਼ਨ ਫ਼ੀਸ	144	0	144	0	144	0
4.	ਯੂਨੀਵਰਸਿਟੀ ਫੰਡ	2350	2350	1850	1850	1850	1850
5.	ਪ੍ਰੀਖਿਆ ਫ਼ੀਸ (ਸਮੈਸਟਰ I & II)	3440	3440	3440	3440	3440	3440
6.	ਕਾਲਜ ਫੰਡ	341	341	341	341	341	341
7.	ਪੀ.ਟੀ.ਏ. ਫੰਡ	2000	2000	2000	2000	2000	2000
8.	ਲਾਇਬਰੇਰੀ ਸਿਕਿਉਰਟੀ	150	150	0	0	0	0
9.	ਈ-ਗਵਰਨੈਂਸ ਫੀਸ	100	100	100	100	100	100
10.	ਆਨ ਲਾਇਨ ਰਜਿਸਟਰੇਸ਼ਨ ਫੀਸ	150	150	0	0	0	0
	ਕੁੱਲ	9482	9338	7882	7738	7882	7738

1. ਪ੍ਰੈਕਟੀਕਲ ਵਿਸ਼ੇ ਵਾਲੇ ਵਿਦਿਆਰਥੀਆਂ ਤੋਂ ਯੂਨੀਵਰਸਿਟੀ ਪ੍ਰੈਕਟੀਕਲ ਪ੍ਰੀਖਿਆ ਫ਼ੀਸ ਦੂਜੇ ਸਮੈਸਟਰਾ ਦੀ 1100 ਰੁਪਏ ਲਈ ਜਾਵੇਗੀ।
2. C.B.S.E. ਦੇ ਵਿਦਿਆਰਥੀਆਂ ਤੋਂ 150/- ਰੁਪਏ ਫ਼ੀਸ ਤੋਂ ਵੱਖਰੇ ਲਏ ਜਾਣਗੇ।
3. ਪ੍ਰੈਕਟੀਕਲ ਵਿਸ਼ੇ ਦੀ ਫ਼ੀਸ ਜੋਗਰਫੀ 72/-, ਮਿਊਜ਼ਿਕ 60/-, ਹੋਮ ਸਾਇੰਸ 120/-, ਕੰਪਿਊਟਰ ਵਿਸ਼ਾ 550/- ਉਪਰੋਕਤ ਫ਼ੀਸ ਤੋਂ ਵੱਖਰੇ ਹੋਣਗੇ।
4. ਵਹੀਕਲ ਪਾਰਕਿੰਗ ਫ਼ੀਸ 300/- ਰੁਪਏ ਫ਼ੀਸ ਤੋਂ ਵੱਖਰੇ ਲਏ ਜਾਣਗੇ।
5. SC ਵਿਦਿਆਰਥੀਆਂ ਤੋਂ ਲਈ ਜਾਣ ਵਾਲੀ ਫੀਸ ਦਾ ਵੇਰਵਾ (ਪੀ.ਟੀ.ਏ. 2000+ਲਾਇਬਰੇਰੀ ਸਕਿਉਰਟੀ 150+ ਈ-ਗਵਰਨੈਂਸ 100+ ਪ੍ਰੀਖਿਆ ਫਾਰਮ ਫੀਸ 240+ਯੂਨੀਵਰਸਿਟੀ ਪ੍ਰੈਕਟੀਕਲ ਫੀਸ 1220) ਕੇਵਲ B.A.-1st online Registration Fee 100

ਨੋਟ: ਐਸ.ਸੀ. ਵਿਦਿਆਰਥੀਆਂ ਦੀ ਫੀਸ ਸਬੰਧੀ ਅਗਵਾਈ ਡੀ.ਪੀ.ਆਈ (ਕਾਲਜਾਂ) ਤੋਂ ਪੱਤਰ ਨੰ: 697, ਮਿਤੀ 6-7-2021 ਅਨੁਸਾਰ ਮੰਗੀ ਗਈ ਹੈ। ਫੀਸ ਦੇ ਵਾਧੇ/ਘਾਟੇ ਸੰਬੰਧੀ ਪੰਜਾਬ ਸਰਕਾਰ/ਯੂਨੀਵਰਸਿਟੀ ਵੱਲੋਂ ਭੱਵਿਖ ਵਿੱਚ ਜੇਕਰ ਕੋਈ ਪੱਤਰ ਜਾਰੀ ਹੁੰਦਾ ਹੈ ਤਾਂ ਉਸ ਮੁਤਾਬਿਕ ਫੀਸ ਲਈ ਜਾਵੇਗੀ।

ਬੀ.ਐੱਸਸੀ. (ਮੈਡੀਕਲ ਅਤੇ ਨਾਨ-ਮੈਡੀਕਲ)

(ਕੁੱਲ ਸੀਟਾਂ : 75)

ਬੀ.ਐੱਸਸੀ.(ਮੈਡੀਕਲ) ਭਾਗ I (ਸਮੈਸਟਰ ਪ੍ਰਣਾਲੀ)

ਦਾਖ਼ਲੇ ਲਈ ਯੋਗਤਾ :

ਬਿਨੈਕਾਰ ਨੇ 10+2 ਦੀ ਪ੍ਰੀਖਿਆ ਸਾਇੰਸ (ਮੈਡੀਕਲ ਗਰੁੱਪ) ਦੀ ਪ੍ਰੀਖਿਆ ਪੰਜਾਬ ਸਕੂਲ ਸਿੱਖਿਆ ਬੋਰਡ ਜਾਂ ਇਸ ਦੇ ਬਰਾਬਰ ਦੀ ਕੋਈ ਪ੍ਰੀਖਿਆ ਕਿਸੇ ਪ੍ਰਮਾਣਿਤ ਸੰਸਥਾ ਤੋਂ ਪਾਸ ਕੀਤੀ ਹੋਵੇ ।

ਵਿਸ਼ੇ : 1) ਪੰਜਾਬੀ / ਪੰਜਾਬੀ ਲਾਜ਼ਮੀ ਮੁੱਢਲਾ ਗਿਆਨ (Punjabi/Punjabi Compulsory Elementary Knowledge)
2) ਰਸਾਇਣ ਵਿਗਿਆਨ (Chemistry)
4) ਬਨਸਪਤੀ ਵਿਗਿਆਨ (Botany)
5) ਪ੍ਰਾਣੀ ਵਿਗਿਆਨ (Zoology)
6) Drug Abuse; Problems, Management & Prevention

ਬੀ.ਐੱਸਸੀ.(ਮੈਡੀਕਲ) ਭਾਗ II (ਸਮੈਸਟਰ ਪ੍ਰਣਾਲੀ)

ਇਸ ਕਲਾਸ ਵਿੱਚ ਇਸ ਕਾਲਜ ਦੇ ਭਾਗ I ਦੇ ਪਾਸ/ਰੀਅਪੀਅਰ ਵਾਲੇ ਵਿਦਿਆਰਥੀਆਂ ਨੂੰ ਪਹਿਲ ਦੇ ਅਧਾਰ ਤੇ ਦਾਖ਼ਲਾ ਦਿੱਤਾ ਜਾਵੇਗਾ। ਖਾਲੀ ਸੀਟਾਂ ਮੈਰਿਟ ਦੇ ਅਧਾਰ ਤੇ ਭਰੀਆਂ ਜਾਣਗੀਆਂ ।

ਵਿਸ਼ੇ : 1) ਇੰਗਲਿਸ਼ ਕਮਿਊਨਿਕੇਸ਼ਨ ਸਕਿਲਜ਼ (English Communication Skills)
2) ਪੰਜਾਬੀ / ਪੰਜਾਬੀ ਲਾਜ਼ਮੀ ਮੁੱਢਲਾ ਗਿਆਨ (Punjabi/Punjabi Compulsory Elementary Knowledge)
3) ਰਸਾਇਣ ਵਿਗਿਆਨ (Chemistry)
4) ਬਨਸਪਤੀ ਵਿਗਿਆਨ (Botany)
5) ਪ੍ਰਾਣੀ ਵਿਗਿਆਨ (Zoology)
6) ਇੰਨਵਾਇਰਨਮੈਂਟ ਸੱਟਡੀਜ਼ (Environment Studies)

ਬੀ.ਐੱਸਸੀ.(ਮੈਡੀਕਲ) ਭਾਗ III (ਸਮੈਸਟਰ ਪ੍ਰਣਾਲੀ)

ਇਸ ਕਲਾਸ ਵਿੱਚ ਇਸ ਕਾਲਜ ਦੇ ਭਾਗ II ਦੇ ਪਾਸ/ਰੀਅਪੀਅਰ ਵਾਲੇ ਵਿਦਿਆਰਥੀਆਂ ਨੂੰ ਪਹਿਲ ਦੇ ਅਧਾਰ ਤੇ ਦਾਖ਼ਲਾ ਦਿੱਤਾ ਜਾਵੇਗਾ। ਖਾਲੀ ਸੀਟਾਂ ਮੈਰਿਟ ਦੇ ਅਧਾਰ ਤੇ ਭਰੀਆਂ ਜਾਣਗੀਆਂ ।

ਵਿਸ਼ੇ : 1) ਪੰਜਾਬੀ / ਪੰਜਾਬੀ ਲਾਜ਼ਮੀ ਮੁੱਢਲਾ ਗਿਆਨ (Punjabi/Punjabi Compulsory Elementary Knowledge)
3) ਰਸਾਇਣ ਵਿਗਿਆਨ (Chemistry)
4) ਬਨਸਪਤੀ ਵਿਗਿਆਨ (Botany)
5) ਪ੍ਰਾਣੀ ਵਿਗਿਆਨ (Zoology)

ਬੀ.ਐੱਸਸੀ.(ਨਾਨ-ਮੈਡੀਕਲ) ਭਾਗ I (ਸਮੈਸਟਰ ਪ੍ਰਣਾਲੀ) (ਕੁੱਲ ਸੀਟਾਂ : 75)

ਬਿਨੈਕਾਰ ਨੇ 10+2 ਦੀ ਪ੍ਰੀਖਿਆ ਸਾਇੰਸ (ਨਾਨ-ਮੈਡੀਕਲ ਗਰੁੱਪ) ਦੀ ਪ੍ਰੀਖਿਆ ਪੰਜਾਬ ਸਕੂਲ ਸਿੱਖਿਆ ਬੋਰਡ ਜਾਂ ਇਸ ਦੇ ਬਰਾਬਰ ਦੀ ਕੋਈ ਪ੍ਰੀਖਿਆ ਕਿਸੇ ਪ੍ਰਮਾਣਿਤ ਸੰਸਥਾ ਤੋਂ ਪਾਸ ਕੀਤੀ ਹੋਵੇ । ਦਾਖ਼ਲਾ ਮੈਰਿਟ ਦੇ ਅਧਾਰ ਤੇ ਹੋਵੇਗਾ ।

ਵਿਸ਼ੇ : 1) ਪੰਜਾਬੀ / ਪੰਜਾਬੀ ਲਾਜ਼ਮੀ ਮੁੱਢਲਾ ਗਿਆਨ (Punjabi/Punjabi Compulsory Elementary Knowledge)
2) ਰਸਾਇਣ ਵਿਗਿਆਨ (Chemistry) 3) ਭੌਤਿਕ ਵਿਗਿਆਨ (Physics)
4) ਗਣਿਤ (Maths)

ਬੀ.ਐੱਸਸੀ.(ਨਾਨ-ਮੈਡੀਕਲ) ਭਾਗ II (ਸਮੈਸਟਰ ਪ੍ਰਣਾਲੀ)

ਇਸ ਕਲਾਸ ਵਿੱਚ ਇਸ ਕਾਲਜ ਦੇ ਭਾਗ I ਦੇ ਪਾਸ/ਰੀਅਪੀਅਰ ਵਾਲੇ ਵਿਦਿਆਰਥੀਆਂ ਨੂੰ ਪਹਿਲ ਦੇ ਅਧਾਰ ਤੇ ਦਾਖ਼ਲਾ ਦਿੱਤਾ ਜਾਵੇਗਾ। ਖਾਲੀ ਸੀਟਾਂ ਮੈਰਿਟ ਦੇ ਅਧਾਰ ਤੇ ਭਰੀਆਂ ਜਾਣਗੀਆਂ ।

ਵਿਸ਼ੇ : 1) ਅੰਗਰੇਜ਼ੀ ਲਾਜ਼ਮੀ 2) ਪੰਜਾਬੀ / ਪੰਜਾਬੀ ਲਾਜ਼ਮੀ ਮੁੱਢਲਾ ਗਿਆਨ (Punjabi/Punjabi Compulsory Elementary Knowledge)
3) ਰਸਾਇਣ ਵਿਗਿਆਨ (Chemistry) 4) ਭੌਤਿਕ ਵਿਗਿਆਨ (Physics)
5) ਗਣਿਤ (Maths) 6) ਇੰਨਵਾਇਰਨਮੈਂਟ ਸੱਟਡੀਜ਼ (Environment Studies)

ਬੀ.ਐੱਸਸੀ.(ਨਾਨ-ਮੈਡੀਕਲ) ਭਾਗ III (ਸਮੈਸਟਰ ਪ੍ਰਣਾਲੀ)

ਇਸ ਕਲਾਸ ਵਿੱਚ ਇਸ ਕਾਲਜ ਦੇ ਭਾਗ II ਦੇ ਪਾਸ/ਰੀਅਪੀਅਰ ਵਾਲੇ ਵਿਦਿਆਰਥੀਆਂ ਨੂੰ ਪਹਿਲ ਦੇ ਅਧਾਰ ਤੇ ਦਾਖ਼ਲਾ ਦਿੱਤਾ ਜਾਵੇਗਾ। ਖਾਲੀ ਸੀਟਾਂ ਮੈਰਿਟ ਦੇ ਅਧਾਰ ਤੇ ਭਰੀਆਂ ਜਾਣਗੀਆਂ ।

ਵਿਸ਼ੇ : 1) ਪੰਜਾਬੀ / ਪੰਜਾਬੀ ਲਾਜ਼ਮੀ ਮੁੱਢਲਾ ਗਿਆਨ (Punjabi/Punjabi Compulsory Elementary Knowledge)
2) ਅੰਗਰੇਜ਼ੀ 3) ਰਸਾਇਣ ਵਿਗਿਆਨ (Chemistry) 4) ਭੌਤਿਕ ਵਿਗਿਆਨ (Physics) 5) ਗਣਿਤ
4) ਗਣਿਤ (Maths)

ਬੀ.ਐੱਸਸੀ.(ਮੈਡੀਕਲ) I, II, III ਦੀ ਫ਼ੀਸ ਦਾ ਵੇਰਵਾ

ਲੜੀ ਨੰ:		ਬੀ.ਐੱਸਸੀ. ਭਾਗ ਪਹਿਲਾ		ਬੀ.ਐੱਸਸੀ. ਭਾਗ ਦੂਜਾ		ਬੀ.ਐੱਸਸੀ. ਭਾਗ ਤੀਜਾ	
		ਲੜਕੇ	ਲੜਕੀਆਂ	ਲੜਕੇ	ਲੜਕੀਆਂ	ਲੜਕੇ	ਲੜਕੀਆਂ
1.	ਸਰਟੀਫ਼ਿਕੇਟ ਵੈਰੀਫ਼ਿਕੇਸ਼ਨ	800	800	0	0	0	0
2.	ਦਾਖ਼ਲਾ ਫ਼ੀਸ	7	7	7	7	7	7
3.	ਟਿਊਸ਼ਨ ਫ਼ੀਸ	144	0	144	0	144	0
4.	ਯੂਨੀਵਰਸਿਟੀ ਫੰਡ	2350	2350	1850	1850	1850	1850
5.	ਪ੍ਰੀਖਿਆ ਫ਼ੀਸ (ਸਮੈਸਟਰ I & II)	4660	4660	4660	4660	4660	4660
6.	ਕਾਲਜ ਫੰਡ	341	341	341	341	341	341
7.	ਪੀ.ਟੀ.ਏ. ਫੰਡ	2000	2000	2000	2000	2000	2000
8.	ਲਾਇਬਰੇਰੀ ਸਿਕਿਉਰਟੀ	150	150	0	0	0	0
9.	ਸਾਇੰਸ ਫੰਡ	192	192	192	192	192	192
10.	ਈ-ਗਵਰਨੈਂਸ ਫੀਸ	100	100	100	100	100	100
11.	ਆਨ ਲਾਇਨ ਰਜਿਸਟਰੇਸ਼ਨ	150	150	0	0	0	0
	ਕੁੱਲ ਜੋੜ	10894	10750	9294	9150	9294	9150

1. ਪ੍ਰੈਕਟੀਕਲ/ਪ੍ਰੀਖਿਆ ਦੀ ਫ਼ੀਸ ਜੇਕਰ ਯੂਨੀਵਰਸਿਟੀ ਵੱਲੋਂ ਵਧਾਈ ਜਾਂਦੀ ਹੈ ਤਾਂ ਬਾਅਦ ਵਿੱਚ ਲੈ ਲਈ ਜਾਵੇਗੀ ।
2. ਸੀ.ਬੀ.ਐੱਸ.ਈ. (CBSE)ਵਿਦਿਆਰਥੀ ਤੋਂ 150/- ਫ਼ੀਸ ਤੋਂ ਵੱਖਰੇ ਲਏ ਜਾਣਗੇ।
3. ਵਹੀਕਲ ਪਾਰਕਿੰਗ ਫ਼ੀਸ 300/- ਰੁਪਏ ਫ਼ੀਸ ਤੋਂ ਵੱਖਰੇ ਲਏ ਜਾਣਗੇ ।
4. SC ਵਿਦਿਆਰਥੀਆਂ ਤੋਂ ਲਈ ਜਾਣ ਵਾਲੀ ਫੀਸ ਦਾ ਵੇਰਵਾ (ਪੀ.ਟੀ.ਏ. 2000+ਲਾਇਬਰੇਰੀ ਸਕਿਉਰਟੀ 150+ ਈ-ਗਵਰਨੈਂਸ 100+ ਪ੍ਰੀਖਿਆ ਫਾਰਮ ਫੀਸ 240+ਯੂਨੀਵਰਸਿਟੀ ਪ੍ਰੈਕਟੀਕਲ ਫੀਸ 1220) ਕੇਵਲ B.Sc (Medical).-1st online Registration Fee 100

ਨੋਟ: ਐਸ.ਸੀ. ਵਿਦਿਆਰਥੀਆਂ ਦੀ ਫੀਸ ਸਬੰਧੀ ਅਗਵਾਈ ਡੀ.ਪੀ.ਆਈ (ਕਾਲਜਾਂ) ਤੋਂ ਪੱਤਰ ਨੰ: 697, ਮਿਤੀ 6-7-2021 ਅਨੁਸਾਰ ਮੰਗੀ ਗਈ ਹੈ। ਫੀਸ ਦੇ ਵਾਧੇ/ਘਾਟੇ ਸੰਬੰਧੀ ਪੰਜਾਬ ਸਰਕਾਰ/ਯੂਨੀਵਰਸਿਟੀ ਵੱਲੋਂ ਭਵਿਖ ਵਿੱਚ ਜੇਕਰ ਕੋਈ ਪੱਤਰ ਜਾਰੀ ਹੁੰਦਾ ਹੈ ਤਾਂ ਉਸ ਮੁਤਾਬਿਕ ਫੀਸ ਲਈ ਜਾਵੇਗੀ।

ਬੀ.ਐੱਸਸੀ.(ਨਾਨ ਮੈਡੀਕਲ) I, II, III ਦੀ ਫ਼ੀਸ ਦਾ ਵੇਰਵਾ

ਲੜੀ ਨੰ:		ਬੀ.ਐੱਸਸੀ. ਭਾਗ ਪਹਿਲਾ		ਬੀ.ਐੱਸਸੀ. ਭਾਗ ਦੂਜਾ		ਬੀ.ਐੱਸਸੀ. ਭਾਗ ਤੀਜਾ	
		ਲੜਕੇ	ਲੜਕੀਆਂ	ਲੜਕੇ	ਲੜਕੀਆਂ	ਲੜਕੇ	ਲੜਕੀਆਂ
1.	ਸਰਟੀਫ਼ਿਕੇਟ ਵੈਰੀਫਿਕੇਸ਼ਨ	800	800	0	0	0	0
2.	ਦਾਖ਼ਲਾ ਫ਼ੀਸ	7	7	7	7	7	7
3.	ਟਿਊਸ਼ਨ ਫ਼ੀਸ	144	0	144	0	144	0
4.	ਯੂਨੀਵਰਸਿਟੀ ਫੰਡ	2350	2350	1850	1850	1850	1850
5.	ਪ੍ਰੀਖਿਆ ਫ਼ੀਸ (ਸਮੈਸਟਰ I & II)	4660	4660	4660	4660	4660	4660
6.	ਕਾਲਜ ਫੰਡ	341	341	341	341	341	341
7.	ਪੀ.ਟੀ.ਏ. ਫੰਡ	2000	2000	2000	2000	2000	2000
8.	ਲਾਇਬਰੇਰੀ ਸਿਕਿਉਰਟੀ	150	150	0	0	0	0
9.	ਸਾਇੰਸ ਫੰਡ	138	138	138	138	138	138
10.	ਈ-ਗਵਰਨੈਂਸ ਫੀਸ	100	100	100	100	100	100
11.	ਆਨ ਲਾਇਨ ਰਜਿਸਟਰੇਸ਼ਨ ਫੀਸ	150	150	0	0	0	0
	ਕੁੱਲ ਜੋੜ	10840	10696	9240	9096	9240	9096

1. ਪ੍ਰੈਕਟੀਕਲ/ਪ੍ਰੀਖਿਆ ਦੀ ਫ਼ੀਸ ਜੇਕਰ ਯੂਨੀਵਰਸਿਟੀ ਵੱਲੋਂ ਵਧਾਈ ਜਾਂਦੀ ਹੈ ਤਾਂ ਬਾਅਦ ਵਿੱਚ ਲੈ ਲਈ ਜਾਵੇਗੀ ।
2. ਸੀ.ਬੀ.ਐੱਸ.ਈ. (CBSE)ਵਿਦਿਆਰਥੀ ਤੋਂ 150/- ਫ਼ੀਸ ਤੋਂ ਵੱਖਰੇ ਲਏ ਜਾਣਗੇ ।
3. ਵਹੀਕਲ ਪਾਰਕਿੰਗ ਫ਼ੀਸ 300/- ਰੁਪਏ ਫ਼ੀਸ ਤੋਂ ਵੱਖਰੇ ਲਏ ਜਾਣਗੇ ।
4. SC ਵਿਦਿਆਰਥੀਆਂ ਤੋਂ ਲਈ ਜਾਣ ਵਾਲੀ ਫੀਸ ਦਾ ਵੇਰਵਾ (ਪੀ.ਟੀ.ਏ. 2000+ਲਾਇਬਰੇਰੀ ਸਕਿਉਰਟੀ 150+ ਈ-ਗਵਰਨੈਂਸ 100+ ਪ੍ਰੀਖਿਆ ਫਾਰਮ ਫੀਸ 240+ਯੂਨੀਵਰਸਿਟੀ ਪ੍ਰੈਕਟੀਕਲ ਫੀਸ 1220) ਕੇਵਲ B.Sc. (N.M.)-1st online Registration Fee 100

ਨੋਟ: ਐਸ.ਸੀ. ਵਿਦਿਆਰਥੀਆਂ ਦੀ ਫੀਸ ਸਬੰਧੀ ਅਗਵਾਈ ਡੀ.ਪੀ.ਆਈ (ਕਾਲਜਾਂ) ਤੋਂ ਪੱਤਰ ਨੰ: 697, ਮਿਤੀ 6-7-2021 ਅਨੁਸਾਰ ਮੰਗੀ ਗਈ ਹੈ। ਫੀਸ ਦੇ ਵਾਧੇ/ਘਾਟੇ ਸੰਬੰਧੀ ਪੰਜਾਬ ਸਰਕਾਰ/ਯੂਨੀਵਰਸਿਟੀ ਵੱਲੋਂ ਭੱਵਿਖ ਵਿੱਚ ਜੇਕਰ ਕੋਈ ਪੱਤਰ ਜਾਰੀ ਹੁੰਦਾ ਹੈ ਤਾਂ ਉਸ ਮੁਤਾਬਿਕ ਫੀਸ ਲਈ ਜਾਵੇਗੀ।

ਬੀ.ਕਾਮ ਭਾਗ I

ਬੀ.ਕਾਮ. (ਤਿੰਨ ਸਾਲਾ ਕੋਰਸ)

(ਕੁੱਲ ਸੀਟਾਂ : 60)

ਦਾਖ਼ਲੇ ਲਈ ਯੋਗਤਾ :ਬੀ.ਕਾਮ. ਪਹਿਲਾ ਵਿੱਚ ਦਾਖ਼ਲਾ ਲੈਣ ਲਈ ਹੇਠ ਲਿਖੀਆਂ ਨਿਊਨਤਮ ਯੋਗਤਾਵਾਂ ਹਨ ।ਇਸ ਕਲਾਸ ਵਿੱਚ ਦਾਖ਼ਲਾ 10+2 ਦੀ ਮੈਰਿਟ ਦੇ ਅਧਾਰ ਤੇ ਕੀਤਾ ਜਾਵੇਗਾ ।

ੳ) ਬਿਨੈਕਾਰ ਨੇ 10+2 ਕਾਮਰਸ ਗਰੁੱਪ ਵਿੱਚ 40% ਅੰਕ ਪ੍ਰਾਪਤ ਕੀਤੇ ਹੋਣ । ਜਾਂ

ਅ) ਜੇਕਰ ਬਿਨੈਕਾਰ ਨੇ 10+2 ਆਰਟਸ ਨਾਲ ਕੀਤੀ ਹੈ ਤਾਂ ਉਸ ਨੇ ਕਾਮਰਸ/ਅਕਾਊਂਟਸ/ਮੈਥਸ/ਇਕਾਨਿਮਕਸ/ਮੈਨਜਮੈਂਟ ਵਿਸ਼ਿਆਂ ਵਿਚੋਂ ਕੋਈ ਦੋ ਵਿਸ਼ੇ ਲੈ ਕੇ 45% ਅੰਕ ਪ੍ਰਾਪਤ ਕੀਤੇ ਹੋਣ ।

ੲ) ਜੇਕਰ ਬਿਨੈਕਾਰ ੳ ਅਤੇ ਅ ਨੂੰ ਪੂਰਾ ਨਹੀਂ ਕਰਦਾ ਤਾਂ ਉਸ ਨੇ 10+2 ਕਲਾਸ ਵਿੱਚੋਂ ਘੱਟੋ-ਘੱਟ 50% ਅੰਕ ਪ੍ਰਾਪਤ ਕੀਤੇ ਹੋਣ ।

ਵਿਸ਼ੇ :-

ਬੀ.ਕਾਮ. Part (1) ਵਿਸ਼ੇ

ਲੜੀ ਨੰ:	Code	Subject
1.	BC-101	Punjabi
2.	BC-101A	Punjabi Compulsory (Elementary Knowledge) Special Papet in lieu of punjabi
3.	BC-102	English (Communication Skills)
4.	BC-103	Financial Accounting-I
5.	BC-104	Business Laws-I
6.	BC-105	Computer Application in Business
7.	BC-106	Principles of Economics-I

* ਉਪਰੋਕਤ ਤੋਂ ਇਲਾਵਾ ਦੂਜੇ ਸਮੈਸਟਰ ਦੀ Drug, Abuse Problems, Management & Prevention ਵਿਸ਼ਾ ਪਾਸ ਕਰਨਾ ਹੋਵੇਗਾ।

ਬੀ.ਕਾਮ. Part (2) ਵਿਸ਼ੇ

ਲੜੀ ਨੰ:	Code	Subject
1.	BC-211	Drug Abuse Problem Management and Prevention
2.	BC-301	Punjabi
3.	BC-301A	Punjabi Compulsory (Elementary Knowledge) (Special Paper in Lieu of Punjabi)
4.	BC-302	English (Communication Skills)
5.	BC-303	Principles of Business Management
6.	BC-304	Corporate Accounting-I
7.	BC-305	Income Tax Law-I
8.	BC-306	Company Law

ਬੀ.ਕਾਮ. Part (3) ਵਿਸ਼ੇ

ਲੜੀ ਨੰ:	Code	Subject
1.	BC-501	Punjabi Compulsory
2.	BC-501A	Punjabi Compulsory (Elementary Knowledge)(Special Paper in lieu of Punjabi
3.	BC-502	Management Accounting-I
4.	BC-503	Cost Accounting-I
5.	BC-504	G.S. Act. 2017
6.	BC-505	Governance, Ethics and Social Responsibility of Business
7.	BC-509	E-Commerce (Essentials of E-Commerce)

ਬੀ.ਕਾਮ. I, II, III ਦੀ ਫ਼ੀਸ ਦਾ ਵੇਰਵਾ

ਲੜੀ ਨੰ:		ਬੀ.ਕਾਮ. ਭਾਗ ਪਹਿਲਾ		ਬੀ.ਕਾਮ. ਭਾਗ ਦੂਜਾ		ਬੀ.ਕਾਮ. ਭਾਗ ਤੀਜਾ	
		ਲੜਕੇ	ਲੜਕੀਆਂ	ਲੜਕੇ	ਲੜਕੀਆਂ	ਲੜਕੇ	ਲੜਕੀਆਂ
1.	ਸਰਟੀਫ਼ਿਕੇਟ ਵੈਰੀਫਿਕੇਸ਼ਨ	800	800	0	0	0	0
2.	ਦਾਖ਼ਲਾ ਫ਼ੀਸ	7	7	7	7	7	7
3.	ਟਿਊਸ਼ਨ ਫ਼ੀਸ	144	0	144	0	144	0
4.	ਯੂਨੀਵਰਸਿਟੀ ਫੰਡ	2350	2350	1850	1850	1850	1850
5.	ਪ੍ਰੀਖਿਆ ਫ਼ੀਸ (ਸਮੈਸਟਰ I & II)	4050	4050	3140	3140	3140	3140
6.	ਕਾਲਜ ਫੰਡ	341	341	341	341	341	341
7.	ਪੀ.ਟੀ.ਏ. ਫੰਡ	2000	2000	2000	2000	2000	2000
8.	ਲਾਇਬਰੇਰੀ ਸਿਕਿਉਰਟੀ	150	150	0	0	0	0
9.	ਸਾਇੰਸ ਫੰਡ	120	120	0	0	0	0
10.	ਈ-ਗਵਰਨੈਂਸ ਫੀਸ	100	100	100	100	100	100
11.	ਆਨ ਲਾਇਨ ਰਜਿਸਟਰੇਸ਼ਨ ਫੀਸ	150	150	0	0	0	0
	ਕੁੱਲ ਜੋੜ	10212	10068	7582	7438	7582	7438

1. ਪ੍ਰੈਕਟੀਕਲ/ਪ੍ਰੀਖਿਆ ਦੀ ਫ਼ੀਸ ਜੇਕਰ ਯੂਨੀਵਰਸਿਟੀ ਵੱਲੋਂ ਵਧਾਈ ਜਾਂਦੀ ਹੈ ਤਾਂ ਬਾਅਦ ਵਿੱਚ ਲੈ ਲਈ ਜਾਵੇਗੀ ।
2. ਸੀ.ਬੀ.ਐੱਸ.ਈ. (CBSE)ਵਿਦਿਆਰਥੀ ਤੋਂ 150/- ਫ਼ੀਸ ਤੋਂ ਵੱਖਰੇ ਲਏ ਜਾਣਗੇ
3. ਵਹੀਕਲ ਪਾਰਕਿੰਗ ਫ਼ੀਸ 300/- ਰੁਪਏ ਫ਼ੀਸ ਤੋਂ ਵੱਖਰੇ ਲਏ ਜਾਣਗੇ ।
4. SC ਵਿਦਿਆਰਥੀਆਂ ਤੋਂ ਲਈ ਜਾਣ ਵਾਲੀ ਫੀਸ ਦਾ ਵੇਰਵਾ (ਪੀ.ਟੀ.ਏ. 2000+ਲਾਇਬਰੇਰੀ ਸਕਿਉਰਟੀ 150+ ਈ-ਗਵਰਨੈਂਸ 100+ ਪ੍ਰੀਖਿਆ ਫਾਰਮ ਫੀਸ 240+ਯੂਨੀਵਰਸਿਟੀ ਪ੍ਰੈਕਟੀਕਲ ਫੀਸ 1220) ਕੇਵਲ 1st Sem. ਲਈ, online Registration Fee 100

ਨੋਟ: ਐਸ.ਸੀ. ਵਿਦਿਆਰਥੀਆਂ ਦੀ ਫੀਸ ਸਬੰਧੀ ਅਗਵਾਈ ਡੀ.ਪੀ.ਆਈ (ਕਾਲਜਾਂ) ਤੋਂ ਪੱਤਰ ਨੰ: 697, ਮਿਤੀ 6-7-2021 ਅਨੁਸਾਰ ਮੰਗੀ ਗਈ ਹੈ। ਫੀਸ ਦੇ ਵਾਧੇ/ਘਾਟੇ ਸੰਬੰਧੀ ਪੰਜਾਬ ਸਰਕਾਰ/ਯੂਨੀਵਰਸਿਟੀ ਵੱਲੋਂ ਭੱਵਿਖ ਵਿੱਚ ਜੇਕਰ ਕੋਈ ਪੱਤਰ ਜਾਰੀ ਹੁੰਦਾ ਹੈ ਤਾਂ ਉਸ ਮੁਤਾਬਿਕ ਫੀਸ ਲਈ ਜਾਵੇਗੀ।

ਐੱਮ.ਏ. (ਦੋ ਸਾਲਾ ਕੋਰਸ)(ਸਮੈਸਟਰ ਪ੍ਰਣਾਲੀ)

ਦਾਖ਼ਲੇ ਲਈ ਨਿਯਮ : ੳ) ਇਸ ਕੋਰਸ ਵਿੱਚ ਦਾਖ਼ਲਾ ਲੈਣ ਵਾਲੇ ਬਿਨੈਕਾਰ ਨੇ ਕਿਸੇ ਵੀ ਫ਼ੈਕਲਟੀ ਵਿੱਚ ਗ੍ਰੈਜੂਏਸ਼ਨ ਡਿਗਰੀ ਵਿੱਚੋਂ ਘੱਟੋ-ਘੱਟ 50% ਅੰਕ ਪ੍ਰਾਪਤ ਕੀਤੇ ਹੋਣ ।

ਅ) ਅਨੁਸੂਚਿਤ ਜਾਤੀਆਂ, ਕਬੀਲਿਆਂ ਅਤੇ ਅਪੰਗ ਬਿਨੈਕਾਰਾਂ ਲਈ 5% ਛੋਟ ਹੈ ।

ਐੱਮ.ਏ. ਅੰਗਰੇਜ਼ੀ ਭਾਗ ਪਹਿਲਾ ਕੁੱਲ ਸੀਟਾਂ : 40

Semester I, II Course :I Medieval and Renaissance Poetry Course II Classical and Elizabethan Drama
Course:iii Rise of the Novel Course IV. Shakespearean Drama (Option II)

ਭਾਗ ਦੂਜਾ Course:-IX. (i) Literature and Modernity Course:-X. Twentieth Century Poetry and Fiction
Semester III, IV Course:-xi. Literature and Gender (Option-i) Course:- XII Literature and Postcoloniality (Option-I)
Modern Indian Literature in Translation (Option-II) Creative Writing (Option-II)

ਐੱਮ.ਏ. ਪੰਜਾਬੀ ਭਾਗ ਪਹਿਲਾ Semester I ਕੁੱਲ ਸੀਟਾਂ : 40

1. ਪੰਜਾਬੀ ਸਾਹਿਤ ਦਾ ਇਤਿਹਾਸ-I 2. ਸਾਹਿਤ ਅਲੋਚਨਾ ਦੇ ਸਿਧਾਂਤ 3. ਪੰਜਾਬੀ ਨਾਟਕ-I 4. ਆਧੁਨਿਕ ਪੰਜਾਬੀ ਕਾਵਿ-I 5. ਆਧੁਨਿਕ ਪੰਜਾਬੀ ਗਲਪ-I

Semester II

1. ਪੰਜਾਬੀ ਸਾਹਿਤ ਦਾ ਇਤਿਹਾਸ-II 2. ਸਾਹਿਤ ਅਲੋਚਨਾ ਦੇ ਸਿਧਾਂਤ 3. ਪੰਜਾਬੀ ਨਾਟਕ-II 4. ਆਧੁਨਿਕ ਪੰਜਾਬੀ ਕਾਵਿ-II 5. ਆਧੁਨਿਕ ਪੰਜੋਬੀ ਗਲਪ-II

ਐੱਮ.ਏ. ਪੰਜਾਬੀ ਭਾਗ ਦੂਜਾ Semester III

1. ਪੰਜਾਬੀ ਭਾਸ਼ਾ ਅਤੇ ਭਾਸ਼ਾ ਵਿਗਿਆਨ-I 2. ਸੱਭਿਆਚਾਰ ਅਤੇ ਪੰਜਾਬੀ ਸੱਭਿਅਚਾਰ 3. ਗੁਰਮਤਿ ਕਾਵਿ-I 4. ਸੂਫੀ ਅਤੇ ਬੀਰ ਕਾਵਿ 5. ਪੰਜਾਬੀ ਵਾਰਤਕ

Semester IV

1. ਪੰਜਾਬੀ ਭਾਸ਼ਾ ਅਤੇ ਭਾਸ਼ਾ ਵਿਗਿਆਨ-II 2. ਲੋਕਧਾਰਾ ਅਤੇ ਪੰਜਾਬੀ ਲੋਕਧਾਰਾ 3. ਗੁਰਮਤਿ ਕਾਵਿ-II 4. ਆਧੁਨਿਕ ਪੰਜਾਬੀ ਵਾਰਤਕ 5. ਕਿੱਸਾ ਕਾਵਿ

ਐੱਮ.ਏ. ਰਾਜਨੀਤੀ ਸ਼ਾਸਤਰ ਭਾਗ ਪਹਿਲਾ Semester I, II ਕੁੱਲ ਸੀਟਾਂ : 40

ਇੰਡੀਅਨ ਪੋਲਿਟੀਕਲ ਥਾਟ (Indian Political Thought) ਵੈਸਟਰਨ ਪੋਲਿਟੀਕਲ ਥਾਟ (Western Political Thought)
ਇੰਡੀਅਨ ਗਵਰਨਮੈਂਟ ਐਂਡ ਪੋਲੀਟਿਕਸ (Indian Govt. & Politics) ਇੰਟਰਨੈਸ਼ਨਲ ਪੋਲੀਟਿਕਸ (International Politics)

ਐੱਮ.ਏ. ਰਾਜਨੀਤੀ ਸ਼ਾਸਤਰ ਭਾਗ ਦੂਜਾ Semester III, IV

ਕੰਨਟੈਂਪਰੇਰੀ ਪੋਲਿਟੀਕਲ ਥਾਟ (Contemporary Political Thought) ਮਾਡਰਨ ਪੋਲਿਟੀਕਲ ਅਨੈਲਸਿਜ਼ (Modern Political Analysis)
ਸਟੇਟ ਪੋਲਿਟਿਕਸ ਇਨ ਇੰਡੀਆ (State Politics in India) Option III
ਪੋਲਿਟੀਕਲ ਪਾਰਟੀਜ਼ ਐਂਡ ਪ੍ਰੈਸ਼ਰ ਗਰੁੱਪਸ ਇਨ ਇੰਡੀਆ (Political Parties & Pressure Groups in India) Option IV

*ਬਾਅਦ ਵਿੱਚ ਯੂਨੀਵਰਸਿਟੀ ਵੱਲੋਂ ਸਿਲੇਬਸ ਵਿੱਚ ਕੋਈ ਵੀ ਤਬਦੀਲੀ ਸੰਭਵ ਹੋ ਸਕਦੀ ਹੈ।

ਐੱਮ.ਏ. I, II ਦੀ ਫ਼ੀਸ ਦਾ ਵੇਰਵਾ

ਲੜੀ ਨੰ:		ਐੱਮ.ਏ. ਭਾਗ ਪਹਿਲਾ		ਐੱਮ.ਏ. ਭਾਗ ਦੂਜਾ	
		ਲੜਕੇ	ਲੜਕੀਆਂ	ਲੜਕੇ	ਲੜਕੀਆਂ
1.	ਦਾਖ਼ਲਾ ਫ਼ੀਸ	7	7	7	7
2.	ਟਿਊਸ਼ਨ ਫ਼ੀਸ	240	240	240	240
3.	ਯੂਨੀਵਰਸਿਟੀ ਫੰਡ	1850	1850	1850	1850
4.	ਪ੍ਰੀਖਿਆ ਫ਼ੀਸ (ਸਮੈਸਟਰ I & II)	3440	3440	3440	3440
5.	ਕਾਲਜ ਫੰਡ	341	341	341	341
6.	ਪੀ.ਟੀ.ਏ. ਫੰਡ	2000	2000	2000	2000
7.	ਲਾਇਬਰੇਰੀ ਸਿਕਿਉਰਟੀ	150	150	0	0
8.	ਈ.ਗਵਰਨੈਂਸ ਫੀਸ	100	100	100	100
	ਕੁੱਲ ਜੋੜ	8128	8128	7978	7978

1. ਨਵੇਂ ਰਜਿਸਟਰਡ ਵਿਦਿਆਰਥੀ ਪਾਸੋਂ 1600/- ਰੁਪਏ ਵੈਰੀਫਿਕੇਸ਼ਨ ਫ਼ੀਸ ਵਾਧੂ ਲਈ ਜਾਵੇਗੀ। 2. ਵਹੀਕਲ ਪਾਰਕਿੰਗ ਫ਼ੀਸ 300/- ਰੁਪਏ ਫ਼ੀਸ ਤੋਂ ਵੱਖਰੇ ਲਏ ਜਾਣਗੇ ।
3. SC ਵਿਦਿਆਰਥੀਆਂ ਤੋਂ ਲਈ ਜਾਣ ਵਾਲੀ ਫੀਸ ਦਾ ਵੇਰਵਾ (ਪੀ.ਟੀ.ਏ. 2000+ਲਾਇਬਰੇਰੀ ਸਕਿਉਰਟੀ 150+ ਈ-ਗਵਰਨੈਂਸ 100+
ਪ੍ਰੀਖਿਆ ਫਾਰਮ ਫੀਸ 240+ਯੂਨੀਵਰਸਿਟੀ ਪ੍ਰੈਕਟੀਕਲ ਫੀਸ 1220) ਕੇਵਲ ਨਵੇਂ ਵਿਦਿਆਰਥੀਆਂ ਲਈ online Registration Fee 150 / SC-100

ਨੋਟ: ਐਸ.ਸੀ. ਵਿਦਿਆਰਥੀਆਂ ਦੀ ਫੀਸ ਸਬੰਧੀ ਅਗਵਾਈ ਡੀ.ਪੀ.ਆਈ (ਕਾਲਜਾਂ) ਤੋਂ ਪੱਤਰ ਨੰ: 697, ਮਿਤੀ 6-7-2021 ਅਨੁਸਾਰ ਮੰਗੀ ਗਈ ਹੈ। ਫੀਸ ਦੇ ਵਾਧੇ/ਘਾਟੇ ਸੰਬੰਧੀ ਪੰਜਾਬ ਸਰਕਾਰ/ਯੂਨੀਵਰਸਿਟੀ ਵੱਲੋਂ ਭੱਵਿਖ ਵਿੱਚ ਜੇਕਰ ਕੋਈ ਪੱਤਰ ਜਾਰੀ ਹੁੰਦਾ ਹੈ ਤਾਂ ਉਸ ਮੁਤਾਬਿਕ ਫੀਸ ਲਈ ਜਾਵੇਗੀ।

ਐੱਚ.ਈ.ਆਈ.ਐੱਸ ਅਧੀਨ ਚੱਲ ਰਹੇ ਕੋਰਸਿਜ਼ (ਸਮੈਸਟਰ ਪ੍ਰਣਾਲੀ)

ਬੈਚੁਲਰ ਆਫ ਕੰਪਿਊਟਰ ਐਪਲੀਕੇਸ਼ਨਜ਼ (ਸਮੈਸਟਰ ਪ੍ਰਣਾਲੀ)

(Bachelor of Computer Applications)

(BCA) Three Year Degree Course

ਕੋਰਸ ਐਫੀਲਿਏਸ਼ਨ : ਇਹ ਕੋਰਸ ਪੰਜਾਬੀ ਯੂਨੀਵਰਸਿਟੀ, ਪਟਿਆਲਾ ਨਾਲ ਐਫੀਲੀਏਟਿਡ ਹੈ । ਇਸ ਕਰਕੇ ਇਸ ਕੋਰਸ ਦੀ ਡਿਗਰੀ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਲੋਂ ਦਿੱਤੀ ਜਾਵੇਗੀ ।

ਬੀ.ਸੀ.ਏ. ਭਾਗ ਪਹਿਲਾ (ਸਮੈਸਟਰ-I ਅਤੇ II) (ਕੁੱਲ ਸੀਟਾਂ : 50)

ਦਾਖ਼ਲੇ ਲਈ ਯੋਗਤਾ :

1. ਉਹ ਵਿਦਿਆਰਥੀ ਜੋ 10+2 ਜਾਂ ਬਰਾਬਰ ਦੀ ਪ੍ਰੀਖਿਆ ਵਿਚੋਂ ਘੱਟ ਤੋਂ ਘੱਟ 45% ਨੰਬਰ ਪ੍ਰਾਪਤ ਕਰਦਾ ਹੈ, ਇਸ ਕੋਰਸ ਵਿੱਚ ਦਾਖ਼ਲਾ ਫਾਰਮ ਭਰਨ ਦੇ ਯੋਗ ਹੈ ।
2. 10% ਵੇਟੇਜ(weightage) ਉਸ ਵਿਦਿਆਰਥੀ ਨੂੰ ਦਿੱਤੀ ਜਾਵੇਗੀ ਜਿਸ ਨੇ 10+2 ਮੈਥਸ(ਗਣਿਤ) ਨਾਲ ਪਾਸ ਕੀਤੀ ਹੈ ।

BCA - (Semester I)

Code	Title of Paper
BCA-111	General English -I
BCA-112	Punjabi (Compulsory) or Punjab Compulsory (Mudla Gyan) ਮੁੱਢਲਾ ਗਿਆਨ ਵਿਦਿਆਰਥੀ ਆਪ ਹੀ ਪੜਨਗੇ ।
BCA-113	Fundamentals of Information Technology
BCA-114	Programming Fundamentals using C
BCA-115	Software Lab -I (Windows and Office Automation)
BCA-116	Software Lab -II (Based on paper BCA-114: Programming Fundamentals using C)

ਬੀ.ਸੀ.ਏ. ਭਾਗ ਦੂਜਾ (ਸਮੈਸਟਰ III ਅਤੇ IV) (ਕੁੱਲ ਸੀਟਾਂ : 50)

ਦਾਖ਼ਲੇ ਲਈ ਯੋਗਤਾ : ਉਹ ਵਿਦਿਆਰਥੀ ਜਿਸ ਨੇ ਘੱਟੋ-ਘੱਟ ਇੱਕ ਅਕਾਦਮਿਕ ਸੈਸ਼ਨ ਬੀ.ਸੀ.ਏ. ਭਾਗ ਪਹਿਲਾ (ਸਮੈਸਟਰ ਪਹਿਲਾ ਅਤੇ ਦੂਜਾ) ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਜਾਂ ਕਿਸੇ ਹੋਰ ਯੂਨੀਵਰਸਿਟੀ ਤੋਂ ਪਾਸ ਕੀਤੀ ਹੈ, ਦਾਖ਼ਲੇ ਦੇ ਯੋਗ ਹੈ।

Code	Title of Paper
BCA-211	English Communication Skills - I
BCA-212	Discrete Mathematics
BCA-213	Computer System Organisations and Architecture
BCA-214	Object Oriented Programming using C++
BCA-215	Fundamental of Database Management System
BCA-216	Software Lab-IV (Based on paper BCA-214: Object Oriented Programming using C++)
BCA-217	Software Lab- V (MS Access Lab Based on BCA-215: Fundamentals of Database
BCA-218	Punjabi (Compulsory) or Punjabi Compulsory (Mudla Gyan) ਮੁੱਢਲਾ ਗਿਆਨ ਵਿਦਿਆਰਥੀ ਆਪ ਹੀ ਪੜਨਗੇ ।

ਬੀ.ਸੀ.ਏ. ਭਾਗ ਤੀਜਾ (ਸਮੈਸਟਰ V ਅਤੇ VI) (ਕੁੱਲ ਸੀਟਾਂ : 50)

ਦਾਖ਼ਲੇ ਲਈ ਯੋਗਤਾ : ਉਹ ਵਿਦਿਆਰਥੀ ਜਿਸ ਨੇ ਬੀ.ਸੀ.ਏ. ਭਾਗ ਪਹਿਲਾ ਅਤੇ ਦੂਜਾ, ਇਸ ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੋਂ ਜਾਂ ਕਿਸੇ ਹੋਰ ਯੂਨੀਵਰਸਿਟੀ ਤੋਂ ਪਾਸ ਕੀਤੀ ਹੈ, ਦਾਖ਼ਲੇ ਲਈ ਫਾਰਮ ਭਰਨ ਦੇ ਯੋਗ ਹੈ ।

Code	Title of Paper
BCA-311	English Literary Skills - I
BCA-312	System Analysis and Design
BCA-313	System Software

BCA-314	Java Programming
BCA-315	Web Designing using HTML and DHTML
BCA-316	Software Lab - IX (Based on paper BCA - 314: Java Programming)
BCA-317	Software Lab - X (Based on paper BCA-315 : Web Designing using HTML and DHTML)
BCA-318	Punjabi (Compulsory) or Punjabi Compulsory (Mudla Gyan)ਮੁੱਢਲਾ ਗਿਆਨ ਵਿਦਿਆਰਥੀ ਆਪ ਹੀ ਪੜਨਗੇ ।

ਬੈਚੂਲਰ ਆਫ਼ ਬਿਜਨਸ ਐਡਮਿਨਿਸਟ੍ਰੇਸ਼ਨ (ਸਮੈਸਟਰ ਪ੍ਰਣਾਲੀ)

(Bachelor of Business Administration)

(ਕੁੱਲ ਸੀਟਾਂ : 50)

(BBA) Three Year Degree Course

ਕੋਰਸ ਐਫੀਲਿਏਸ਼ਨ : ਇਹ ਕੋਰਸ ਪੰਜਾਬੀ ਯੂਨੀਵਰਸਿਟੀ, ਪਟਿਆਲਾ ਨਾਲ ਐਫੀਲੀਏਟਿਡ ਹੈ । ਇਸ ਕਰਕੇ ਇਸ ਕੋਰਸ ਦੀ ਡਿਗਰੀ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਲੋਂ ਦਿੱਤੀ ਜਾਵੇਗੀ ।

ਬੀ.ਬੀ.ਏ. ਭਾਗ ਪਹਿਲਾ (ਸਮੈਸਟਰ–I ਅਤੇ II)

ਦਾਖ਼ਲੇ ਲਈ ਯੋਗਤਾ : 1. ਉਹ ਵਿਦਿਆਰਥੀ ਜੋ 10+2 ਜਾਂ ਬਰਾਬਰ ਦੀ ਪ੍ਰੀਖਿਆ ਵਿਚੋਂ ਘੱਟ ਤੋਂ ਘੱਟ 45% ਨੰਬਰ ਪ੍ਰਾਪਤ ਕਰਦਾ ਹੈ, ਇਸ ਕੋਰਸ ਵਿੱਚ ਦਾਖ਼ਲਾ ਫਾਰਮ ਭਰਨ ਦੇ ਯੋਗ ਹੈ ।

2. 10% ਵੇਟੇਜ(weightage) ਉਸ ਵਿਦਿਆਰਥੀ ਨੂੰ ਦਿੱਤੀ ਜਾਵੇਗੀ ਜਿਸ ਨੇ 10+2 ਮੈਥਸ(ਗਣਿਤ) ਨਾਲ ਪਾਸ ਕੀਤੀ ਹੈ ।

BBA-(Semester I)	Title of Paper
BBA-101	Communication Skills in Punjabi / Elementary Punjabi
BBA-102	Business Economics -I
BBA-103	Business Mathematics
BBA-104	Business Organization & Management Principles -I
BBA-105	Workshop on Computer Applications
BBA-106	Seminar

ਬੀ.ਬੀ.ਏ. ਭਾਗ ਦੂਜਾ (ਸਮੈਸਟਰ–III ਅਤੇ IV)

ਦਾਖ਼ਲੇ ਲਈ ਯੋਗਤਾ : ਉਹ ਵਿਦਿਆਰਥੀ ਜਿਸ ਨੇ ਘੱਟੋ-ਘੱਟ ਇੱਕ ਅਕਾਦਮਿਕ ਸੈਸ਼ਨ ਬੀ.ਬੀ.ਏ. ਭਾਗ ਪਹਿਲਾ-1 (ਸਮੈਸਟਰ ਪਹਿਲਾ ਅਤੇ ਦੂਜਾ) ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੋਂ ਜਾਂ ਕਿਸੇ ਹੋਰ ਯੂਨੀਵਰਸਿਟੀ ਤੋਂ ਪਾਸ ਕੀਤਾ ਹੈ, ਦਾਖ਼ਲੇ ਦੇ ਯੋਗ ਹੈ ।

BBA	Title of Paper
BBA-301	PRINCIPLES OF HUMAN RESOURCE MANAGEMENT
BBA-302	BUSINESS ACCOUNTING
BBA-303	PRINCIPLE OF MARKETING MANAGEMENT
BBA-304	BUSINESS LAWS
BBA-305	WORKSHOP ON CONTEMPORARY BUSINESS ISSUES
BBA-306	SEMINAR ON KNOWLEDGE MANAGEMENT
BBA-307	COMMUNICATION SKILLS IN PUNJABI/ELEMENTARY PUNJABI

ਬੀ.ਬੀ.ਏ. ਭਾਗ ਤੀਜਾ (ਸਮੈਸਟਰ-V ਅਤੇ VI)

ਦਾਖ਼ਲੇ ਲਈ ਯੋਗਤਾ : ਉਹ ਵਿਦਿਆਰਥੀ ਜਿਸ ਨੇ ਘੱਟੋ-ਘੱਟ ਇੱਕ ਅਕਾਦਮਿਕ ਸੈਸ਼ਨ ਬੀ.ਬੀ.ਏ. ਭਾਗ ਪਹਿਲਾ ਤੇ ਦੂਜਾ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੋਂ ਜਾਂ ਕਿਸੇ ਹੋਰ ਯੂਨੀਵਰਸਿਟੀ ਤੋਂ ਪਾਸ ਕੀਤਾ ਹੈ, ਦਾਖ਼ਲੇ ਦੇ ਯੋਗ ਹੈ ।

Code	Title of Paper
BBA-501	BUSINESS RESEARCH METHODS
BBA-502	WORKSHOP ON TIME AND WORKLOAD MANAGEMENT
BBA-503	SEMINAR ON SUMMER INERNSHIP
BBA-508	MANAGEMENT OF INDUSTRIAL RELATIONS
BBA-511	INSURANCE MANAGEMENT
BBA-512	INVESTMENT MANAGEMENT
BBA-522A	Communication Skills in Punjabi

ਪੋਸਟ ਗ੍ਰੈਜੁਏਟ ਡਿਪਲੋਮਾ ਇਨ ਕੰਪਿਊਟਰ ਐਪਲੀਕੇਸ਼ਨਜ਼

(ਇੱਕ ਸਾਲਾ ਡਿਪਲੋਮਾ ਕੋਰਸ) ਸਮੈਸਟਰ ਪ੍ਰਣਾਲੀ

(Post Graduate Diploma In Computer Applications)
(One Year Diploma Course)

ਕੋਰਸ ਐਫੀਲਿਏਸ਼ਨ : ਇਹ ਕੋਰਸ ਪੰਜਾਬੀ ਯੂਨੀਵਰਸਿਟੀ, ਪਟਿਆਲਾ ਨਾਲ ਐਫੀਲੀਏਟਿਡ ਹੈ । ਇਸ ਕਰਕੇ ਇਸ ਕੋਰਸ ਦੀ ਡਿਗਰੀ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਲੋਂ ਦਿੱਤੀ ਜਾਵੇਗੀ ।

ਕੁੱਲ ਸੀਟਾਂ-30

PGDCA (Semester I)

ਦਾਖ਼ਲੇ ਲਈ ਯੋਗਤਾ : ਉਹ ਵਿਦਿਆਰਥੀ ਜਿਸ ਨੇ ਬੀ.ਏ./ਬੀ.ਐੱਸਸੀ./ਬੀ.ਕਾਮ. ਜਾਂ ਬਰਾਬਰ ਦੀ ਪ੍ਰੀਖਿਆ ਵਿੱਚੋਂ ਘੱਟ-ਘੱਟ 50% ਅੰਕ ਨਾਲ ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੋਂ ਜਾਂ ਕਿਸੇ ਹੋਰ ਯੂਨੀਵਰਸਿਟੀ ਤੋਂ ਪਾਸ ਕੀਤੀ ਹੋਵੇ, ਦਾਖ਼ਲੇ ਦੇ ਯੋਗ ਹੈ ।

PGDCA (Semester I)

Code	Title of Paper
PGDCA-101	Fundamentals of Information Technology
PGDCA-102	Operating Systems
PGDCA-103	Programming Fundamentals through "C" Language
PGDCA-104	Computer Organization and Architecture
PGDCA-105	Software Lab -I (Office Automation and Productivity Tools)
PGDCA-106	Software Lab-II (Programming Fundamentals through "C") Language

(ਕੁੱਲ ਸੀਟਾਂ : 30)

ਪੀ.ਜੀ.ਡੀ.ਸੀ.ਏ. (ਸਮੈਸਟਰ-II)

ਉਹ ਵਿਦਿਆਰਥੀ ਜਿਸ ਨੇ ਪੀ.ਜੀ.ਡੀ.ਸੀ.ਏ. (ਸਮੈਸਟਰ ਪਹਿਲਾ) ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੋਂ ਜਾਂ ਕਿਸੇ ਹੋਰ ਯੂਨੀਵਰਸਿਟੀ ਤੋਂ ਪਾਸ ਕੀਤੀ ਹੈ, ਦਾਖ਼ਲੇ ਦੇ ਯੋਗ ਹੈ ।

ਮਾਸਟਰ ਆਫ਼ ਸਾਇੰਸ (ਇਨਫੋਰਮੇਸ਼ਨ ਟੈਕਨੋਲੋਜੀ)
M. Sc. (Information Technology)

ਕੋਰਸ ਐਫੀਲਿਏਸ਼ਨ :

ਇਹ ਕੋਰਸ ਪੰਜਾਬੀ ਯੂਨੀਵਰਸਿਟੀ, ਪਟਿਆਲਾ ਨਾਲ ਐਫੀਲੀਏਟਿਡ ਹੈ । ਇਸ ਕਰਕੇ ਇਸ ਕੋਰਸ ਦੀ ਡਿਗਰੀ ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਦਿੱਤੀ ਜਾਵੇਗੀ ।

M. Sc. (IT) Part 1 (Semester I and II) **(ਕੁੱਲ ਸੀਟਾਂ : 30)**

ਦਾਖ਼ਲੇ ਲਈ ਯੋਗਤਾ : ਉਹ ਵਿਦਿਆਰਥੀ ਜਿਸ ਨੇ ਬੀ.ਏ./ਬੀ.ਐਸਸੀ./ਬੀ.ਕਾਮ./ਬੀ.ਬੀ.ਏ., ਬੀ.ਸੀ.ਏ. ਜਾਂ ਬਰਾਬਰ ਦੀ ਪ੍ਰੀਖਿਆ ਵਿੱਚੋਂ ਘੱਟ-ਘੱਟ 50% ਅੰਕ ਨਾਲ ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੋਂ ਜਾਂ ਕਿਸੇ ਹੋਰ ਯੂਨੀਵਰਸਿਟੀ ਤੋਂ ਪਾਸ ਕੀਤੀ ਹੋਵੇ, ਦਾਖ਼ਲੇ ਦੇ ਯੋਗ ਹੈ ।

M. Sc. (IT) Part 1 (Semester I)

Code	Title of Paper	Code	Title of Paper
MS-111	Introduction to Information Technology	MS-114	Mathematical Foundation of Computer Science
MS-112	Computer Programming using C	MS-115	Operating Systems
MS-113	Computer Organization & Architecture	MS-116	Programming Lab-I

M. Sc. (IT) Part 1 (Semester III and IV)

ਦਾਖ਼ਲੇ ਲਈ ਯੋਗਤਾ : ਉਹ ਵਿਦਿਆਰਥੀ ਜਿਸ ਨੇ ਘੱਟ-ਘੱਟ ਇੱਕ ਅਕਾਦਮਿਕ ਸੈਸ਼ਨ M. Sc. Part-1 (Semester I and II), ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੋਂ ਜਾਂ ਕਿਸੇ ਹੋਰ ਯੂਨੀਵਰਸਿਟੀ ਤੋਂ ਪਾਸ ਕੀਤੀ ਹੋਵੇ, ਦਾਖ਼ਲੇ ਦੇ ਯੋਗ ਹੈ ।

M. Sc. (IT) Part 2 (Semester III and IV)

ਦਾਖ਼ਲੇ ਲਈ ਯੋਗਤਾ : ਉਹ ਵਿਦਿਆਰਥੀ ਜਿਸ ਨੇ ਘੱਟ-ਘੱਟ ਇੱਕ ਅਕਾਦਮਿਕ ਸੈਸ਼ਨ M. Sc. Part-1 (Semester I and II), ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੋਂ ਜਾਂ ਕਿਸੇ ਹੋਰ ਯੂਨੀਵਰਸਿਟੀ ਤੋਂ ਪਾਸ ਕੀਤੀ ਹੋਵੇ, ਦਾਖ਼ਲੇ ਦੇ ਯੋਗ ਹੈ ।

Code	Title of Paper	Code	Title of Paper
MS-211	Web Technology	MS-214	Computer Networks
MS-212	Java Programming	MS-215	Programming Lab-IV (Web Technology)
MS-213	Software Engineering	MS-216	Programming Lab-V (Java Programming)

ਮਾਸਟਰ ਆਫ਼ ਸਾਇੰਸ (ਇਨਫੋਰਮੇਸ਼ਨ ਟੈਕਨੋਲੋਜੀ)
M. Sc. (Information Technology) Lateral

ਕੋਰਸ ਐਫੀਲਿਏਸ਼ਨ :

ਇਹ ਕੋਰਸ ਪੰਜਾਬੀ ਯੂਨੀਵਰਸਿਟੀ, ਪਟਿਆਲਾ ਨਾਲ ਐਫੀਲੀਏਟਿਡ ਹੈ। ਇਸ ਕਰਕੇ ਇਸ ਕੋਰਸ ਦੀ ਡਿਗਰੀ ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਦਿੱਤੀ ਜਾਵੇਗੀ।

M. Sc. (IT) Lateral (Semester III and IV) **(ਕੁੱਲ ਸੀਟਾਂ : 25)**

ਦਾਖ਼ਲੇ ਲਈ ਯੋਗਤਾ : ਉਹ ਵਿਦਿਆਰਥੀ ਜਿਸ ਨੇ PGDCA (Semester I and II), ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੋਂ ਜਾਂ ਕਿਸੇ ਹੋਰ ਯੂਨੀਵਰਸਿਟੀ ਤੋਂ ਪਾਸ ਕੀਤੀ ਹੋਵੇ, ਦਾਖ਼ਲੇ ਦੇ ਯੋਗ ਹੈ ।

Code	Title of Paper	Code	Title of Paper
MS-211	Web Technology	MS-215	Mathematical Foundation of Com. Science
MS-212	Java Programming	MS-216	Programming Lab-IV (Web Technology)
MS-213	Software Engineering	MS-217	Programming Lab-V (Java Programming)
MS-214	Computer Networks		

Deficient Paper
MS-114 Mathematical Foundation of Computer Science

Hospitality Diploma in Food Production (1.5 Year Course)

ਹੋਸਪਿਟੈਲਿਟੀ ਡਿਪਲੋਮਾ ਇਨ ਫੂਡ ਪ੍ਰੋਡਕਸਨ

1. ਕੋਰਸ ਐਫੀਲਿਏਸ਼ਨ :

ਇਹ ਕੋਰਸ ਪੰਜਾਬੀ ਯੂਨੀਵਰਸਿਟੀ, ਪਟਿਆਲਾ ਨਾਲ ਐਫੀਲੀਏਟਿਡ ਹੈ । ਇਸ ਕਰਕੇ ਇਸ ਕੋਰਸ ਦੀ ਡਿਗਰੀ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵੱਲੋਂ ਦਿੱਤੀ ਜਾਵੇਗੀ।

Hospitality Diploma in Food Production (ਕੁੱਲ ਸੀਟਾਂ : 25)

ਦਾਖ਼ਲੇ ਲਈ ਯੋਗਤਾ : ਉਹ ਵਿਦਿਆਰਥੀ ਜੋ 10+2 ਜਾਂ ਬਰਾਬਰ ਦੀ ਪ੍ਰੀਖਿਆ ਪਾਸ ਕਰ ਲਈ ਹੋਵੇ, ਇਸ ਕੋਰਸ ਵਿੱਚ ਦਾਖ਼ਲਾ ਫਾਰਮ ਭਰਨ ਦੇ ਯੋਗ ਹੈ ।

Code	DIP4-101	DIP4-102	DIP4-103	DIP4-104
Title of Paper	Cookery	Larder	Hygiene and Nutrition	Commodities & Costing

Hospitality Diploma in Food & Beverage Service (1.5 Year Course)

ਹੋਸਪਿਟੈਲਿਟੀ ਡਿਪਲੋਮਾ ਇਨ ਫੂਡ ਐਂਡ ਬੇਵਰੇਜ਼ ਸਰਵਿਸਿਜ਼

ਕੋਰਸ ਐਫੀਲਿਏਸ਼ਨ :

ਇਹ ਕੋਰਸ ਪੰਜਾਬੀ ਯੂਨੀਵਰਸਿਟੀ, ਪਟਿਆਲਾ ਨਾਲ ਐਫੀਲੀਏਟਿਡ ਹੈ । ਇਸ ਕਰਕੇ ਇਸ ਕੋਰਸ ਦੀ ਡਿਗਰੀ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵੱਲੋਂ ਦਿੱਤੀ ਜਾਵੇਗੀ।

Hospitality Diploma in Food & Beverage Service (ਕੁੱਲ ਸੀਟਾਂ : 25)

ਦਾਖ਼ਲੇ ਲਈ ਯੋਗਤਾ : ਉਹ ਵਿਦਿਆਰਥੀ ਜੋ 10+2 ਜਾਂ ਬਰਾਬਰ ਦੀ ਪ੍ਰੀਖਿਆ ਪਾਸ ਕਰ ਲਈ ਹੋਵੇ, ਇਸ ਕੋਰਸ ਵਿੱਚ ਦਾਖ਼ਲਾ ਫਾਰਮ ਭਰਨ ਦੇ ਯੋਗ ਹੈ ।

Sr. No.	1	2	3	4	5
Subject	F & B Service I	JF & B Service II	Business Communication	Hygiene & Sanitation	Computer Awareness

Hospitality Diploma in Bakery and Confectionery (1.5 Year Course)

ਹੋਸਪਿਟੈਲਿਟੀ ਡਿਪਲੋਮਾ ਇਨ ਬੇਕਰੀ ਐਂਡ ਕਨਫੈਕਸ਼ਨਰੀ

1. ਕੋਰਸ ਐਫੀਲਿਏਸ਼ਨ :

ਇਹ ਕੋਰਸ ਪੰਜਾਬੀ ਯੂਨੀਵਰਸਿਟੀ, ਪਟਿਆਲਾ ਨਾਲ ਐਫੀਲੀਏਟਿਡ ਹੈ। ਇਸ ਕਰਕੇ ਇਸ ਕੋਰਸ ਦੀ ਡਿਗਰੀ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵੱਲੋਂ ਦਿੱਤੀ ਜਾਵੇਗੀ।

Hospitality Diploma in Bakery ad Confectionery (ਕੁੱਲ ਸੀਟਾਂ: 50)

ਦਾਖ਼ਲੇ ਲਈ ਯੋਗਤਾ : ਉਹ ਵਿਦਿਆਰਥੀ ਜੋ 10+2 ਜਾਂ ਬਰਾਬਰ ਦੀ ਪ੍ਰੀਖਿਆ ਪਾਸ ਕਰ ਲਈ ਹੋਵੇ, ਇਸ ਕੋਰਸ ਵਿੱਚ ਦਾਖ਼ਲਾ ਫਾਰਮ ਭਰਨ ਦੇ ਯੋਗ ਹੈ ।

SEMESTER-I SUBJECTS:

1.	BAKERY (THEORY) \ (PRACTICAL)
2.	CONFECTIONERY (THEORY)\ (PRACTICAL)
3.	HYGIENE & SANITATION (THEORY)
4.	ENGLISH COMMUNICATION SKILLS.

SEMESTER-II SUBJECTS:

1.	BAKERY (THEORY) \ (PRACTICAL)
2.	CONFECTIONERY (THEORY)\ (PRACTICAL)
3.	COMMODITIES COSTING & ACCOUNTS.
4.	COMPUTER APPLICATIONS (NO EXAM)

CERTIFICATE COURSE IN BAKERY AND COOKERY (6 Month Course)

ਸਰਟੀਫਿਕੇਟ ਕੋਰਸ ਇੰਨ ਬੇਕਰੀ ਐਂਡ ਕੁਕਰੀ

1. ਕੋਰਸ ਐਫੀਲਿਏਸ਼ਨ :

ਇਹ ਕੋਰਸ ਪੰਜਾਬੀ ਯੂਨੀਵਰਸਿਟੀ, ਪਟਿਆਲਾ ਨਾਲ ਐਫੀਲੀਏਟਿਡ ਹੈ। ਇਸ ਕਰਕੇ ਇਸ ਕੋਰਸ ਦੀ ਡਿਗਰੀ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵੱਲੋਂ ਦਿੱਤੀ ਜਾਵੇਗੀ।

Certificate Course in Bakery and Cookery (ਕੁੱਲ ਸੀਟਾਂ: 50)

ਦਾਖ਼ਲੇ ਲਈ ਯੋਗਤਾ : ਉਹ ਵਿਦਿਆਰਥੀ ਜੋ 10+2 ਜਾਂ ਬਰਾਬਰ ਦੀ ਪ੍ਰੀਖਿਆ ਪਾਸ ਕਰ ਲਈ ਹੋਵੇ, ਇਸ ਕੋਰਸ ਵਿੱਚ ਦਾਖ਼ਲਾ ਫਾਰਮ ਭਰਨ ਦੇ ਯੋਗ ਹੈ ।

SEMESTER-I SUBJECTS:

Code	SUBJECT
CC&B 01	Food Production & Bakery basics
CC&B 02	Industrial training(Training Report + Log Book & Certificate from Hotel + Viva & Presentation) Of 8 weeks Or Project Report based on field work.

HEIS-Govt. Ranbir College Sangrur
Fee Schedule
Boys & Girls

	College Fee and Funds According University	20% concession On College Fee and Funds due to COVID-19 Pandemic only for Session 2021-22	College Fee and Funds According University after concession	Uni Registration Return + E-Governance	Examination Fee of Both Semesters	Total Fees
	1	2	3 1-2	4	5	6 =3+4+5
BCA-I	23160	4632	18528	3550	4660	26738
BCA-II	23160	4632	18528	1950	4660	25138
BCA-III	23160	4632	18528	1950	4660	25138
BBA-I	23160	4632	18528	3550	4050	26128
BBA-II	23160	4632	18528	1950	4050	24528
BBA-III	23160	4632	18528	1950	4050	24528
PGDCA	15800	3160	12640	1950	6200	20790
M.Sc(IT)-I	25000	5000	20000	1950	4660	26610
M.Sc(IT)-II	25000	5000	20000	1950	4660	26610
M.Sc(IT)-Lateral Entry	25000	5000	20000	1950	8710	30660
Hospitality Diploma in Food Production	14450	2890	11560	3550	4440	19550
Hospitality Diploma in Bakery and Confectionery	14450	2890	11560	3550	4440	19550
Certificate Course in Bakery and Cookery	6450	1290	5160	3550	1770	10480

1. Post Matric Scholarship ਆਧੀਨ ਆਉਂਦੇ SC Students Fees

For New Students = 2000+240 (Both Examination Forms Fee) + 100 (University Processing Fee + 100 (E-governance Fee) = 2440
For Old Students = 2000+240(Both Examniation Forms Fee) +100 E-governanace Fee = 2340

2. Parking Fees (Cycle, Scooter, Car) =300

ਨੋਟ: ਐਸ.ਸੀ. ਵਿਦਿਆਰਥੀਆਂ ਦੀ ਫੀਸ ਸਬੰਧੀ ਅਗਵਾਈ ਡੀ.ਪੀ.ਆਈ (ਕਾਲਜਾਂ) ਤੋਂ ਪੱਤਰ ਨੰ: 697, ਮਿਤੀ 6-7-2021 ਅਨੁਸਾਰ ਮੰਗੀ ਗਈ ਹੈ। ਫੀਸ ਦੇ ਵਾਧੇ/ਘਾਟੇ ਸੰਬੰਧੀ ਪੰਜਾਬ ਸਰਕਾਰ/ਯੂਨੀਵਰਸਿਟੀ ਵੱਲੋਂ ਭੱਵਿਖ ਵਿੱਚ ਜੇਕਰ ਕੋਈ ਪੱਤਰ ਜਾਰੀ ਹੁੰਦਾ ਹੈ ਤਾਂ ਉਸ ਮੁਤਾਬਿਕ ਫੀਸ ਲਈ ਜਾਵੇਗੀ।

ਨੋਟ :

* Rs. 500/- Refundable Library Security ਵੱਖਰੇ ਤੌਰ ਤੇ ਲਈ ਜਾਵੇਗੀ। Library Security ਕਾਲਜ ਛੱਡਣ ਤੋਂ ਕੇਵਲ ਇੱਕ ਸਾਲ ਦੇ ਅੰਦਰ-ਅੰਦਰ ਵਾਪਿਸ ਲਈ ਜਾ ਸਕਦੀ ਹੈ। ਇਸਤੋਂ ਬਾਅਦ ਇਹ ਰਕਮ ਜ਼ਬਤ ਹੋ ਜਾਵੇਗੀ।
* ਫ਼ੀਸ ਦਾਖ਼ਲੇ ਵਕਤ ਯੂਨੀਵਰਸਿਟੀ ਜਾਂ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਲਈ ਜਾਵੇਗੀ।
* ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਲੋਂ ਜੇਕਰ ਫ਼ੀਸਾਂ ਵਿੱਚ ਕੋਈ ਵੀ ਤਬਦੀਲੀ ਹੁੰਦੀ ਹੈ, ਤਾਂ ਵਿਦਿਆਰਥੀ ਨੂੰ ਉਸੇ ਅਨੁਸਾਰ ਹੀ ਫ਼ੀਸ ਜਮਾਂ ਕਰਵਾਉਣੀ ਪਵੇਗੀ।
* ਯੂਨੀਵਰਸਿਟੀ ਫੰਡ, ਯੂਨੀਵਰਸਿਟੀ Processing Fee, Sport and Punjabi Promotion Fee ਅਤੇ ਹੋਰ Fee and Funds ਕਾਲਜ/ਯੂਨੀਵਰਸਿਟੀ ਹਦਾਇਤਾਂ ਦੇ ਅਨੁਸਾਰ ਵੱਖਰੇ ਤੌਰ ਤੇ ਲਏ ਜਾਣਗੇ।
* ਸਾਰੀ ਫ਼ੀਸ ਇੱਕੋ ਵਾਰ ਵਿੱਚ ਹੀ ਜਮਾਂ ਕਰਵਾਈ ਜਾਂਦੀ ਹੈ ਅਤੇ ਯੂਨੀਵਰਸਿਟੀ ਪ੍ਰੀਖਿਆ ਫ਼ੀਸ, ਯੂਨੀਵਰਸਿਟੀ ਪ੍ਰੀਖਿਆ ਫਾਰਮ ਵੇਲੇ ਲਈ ਜਾਵੇਗੀ।

ਸੈਲਫ ਫਾਈਨੈਂਸਿੰਗ ਕੋਰਸਿਜ਼ ਲਈ ਆਮ ਹਦਾਇਤਾਂ

1. ਹਰ ਵਿਦਿਆਰਥੀ ਲਈ ਹਰ ਵਿਸ਼ੇ ਵਿੱਚ ਘੱਟ-ਘੱਟ ਕੁੱਲ 75% ਹਾਜ਼ਰੀ (ਥਿਊਰੀ ਅਤੇ ਪ੍ਰੈਕਟੀਕਲ) ਜ਼ਰੂਰੀ ਹੈ ।
2. ਹਰ ਵਿਦਿਆਰਥੀ ਲਈ ਕਾਲਜ ਟੈਸਟ ਦੇਣੇ ਜ਼ਰੂਰੀ ਹਨ।
3. ਜਿਨਾਂ ਵਿਦਿਆਰਥੀਆਂ ਨੇ ਦਸਵੀਂ ਪੰਜਾਬੀ ਵਿਸ਼ੇ ਨਾਲ ਪਾਸ ਨਹੀਂ ਕੀਤੀ, ਉਨਾਂ ਨੂੰ ਦਸਵੀਂ ਦਾ ਪੰਜਾਬੀ ਵਿਸ਼ਾ ਜਾਂ ਪੰਜਾਬੀ ਪਰਵੇਸ਼ਕਾਂ ਦੀ ਪ੍ਰੀਖਿਆ ਡਿਗਰੀ ਖਤਮ ਹੋਣ ਤੋਂ ਪਹਿਲਾਂ ਪਾਸ ਕਰਨੀ ਜਰੂਰੀ ਹੈ।
4. ਪ੍ਰੀਖਿਆ ਦਾਖ਼ਲਾ ਫ਼ੀਸ ਹਰ ਕਲਾਸ ਭਾਗ ਲਈ ਸਮੇਂ ਸਮੇਂ ਦੱਸੀ ਜਾਵੇਗੀ।
5. ਸਾਰੇ ਵਿਦਿਆਰਥੀਆਂ ਲਈ ਕਾਲਜ ਦੀਆਂ ਹਦਾਇਤਾਂ ਮੰਨਣੀਆਂ ਲਾਜਮੀ ਹਨ। ਹਦਾਇਤਾਂ ਦੀ ਪਾਲਣਾ ਨਾ ਕਰਨ ਤੇ ਪ੍ਰਿੰਸੀਪਲ ਦੁਆਰਾ ਲਿਆ ਗਿਆ ਕੋਈ ਵੀ ਫੈਸਲਾ ਆਖ਼ਰੀ ਹੋਵੇਗਾ। ਬਿਨਾਂ ਛੁੱਟੀ ਮਨਜੂਰ ਕਰਵਾਏ, ਜੇ ਕੋਈ ਵਿਦਿਆਰਥੀ ਇੱਕ ਹਫਤਾ ਗ਼ੈਰਹਾਜ਼ਰ ਰਹਿੰਦਾ ਹੈ ਤਾਂ ਮੁੜ ਦਾਖ਼ਲਾ ਫ਼ੀਸ 1000/- ਰੁਪਏ ਹੈ। ਜੇ ਕੋਈ ਵੀ ਵਿਦਿਆਰਥੀ ਬਿਨਾਂ ਛੁੱਟੀ ਮਨਜੂਰ ਕਰਵਾਏ ਗ਼ੈਰਹਾਜ਼ਰ ਰਹਿੰਦਾ ਹੈ ਤਾਂ ਉਹਨੂੰ 5 ਰੁਪਏ ਪਤੀ ਲੈਕਚਰ ਪ੍ਰਤੀਦਿਨ ਦਾ ਜੁਰਮਾਨਾ ਲੱਗੇਗਾ।
6. ਵਿਦਿਆਰਥੀਆਂ ਲਈ ਪ੍ਰਤੀਦਿਨ ਕਾਲਜ ਵਿੱਚ ਆਪਣਾ I-Card ਲੈ ਕੇ ਆਉਣਾ ਜਰੂਰੀ ਹੈ। ਸੈਸ਼ਨ ਖਤਮ ਹੋਣ ਤੇ I-Card ਜਮਾਂ ਕਰਵਾਏ ਬਿਨਾਂ ਕਿਸੇ ਵੀ ਵਿਦਿਆਰਥੀ ਨੂੰ ਰੋਲ ਨੰਬਰ ਜਾਰੀ ਨਹੀਂ ਹੋਵੇਗਾ, ਜੇ ਕਿਸੇ ਵਿਦਿਆਰਥੀ ਦਾ I-Card ਗੁਆਚ ਜਾਂਦਾ ਹੈ ਤਾਂ ਉਹ 100 ਰੁਪਏ ਫ਼ੀਸ ਭਰਕੇ ਦੁਬਾਰਾ I-Card ਬਣਵਾ ਸਕਦਾ ਹੈ।
7. ਸਮੈਸਟਰ ਪ੍ਰੀਖਿਆ ਪ੍ਰਣਾਲੀ ਉਨ੍ਹਾਂ ਰੈਗੂਲਰ ਵਿਦਿਆਰਥੀਆਂ ਲਈ ਉਪਲੱਬਧ ਹੈ ਜੋ ਕਿ ਕਾਲਜ ਅਤੇ ਯੂਨੀਵਰਸਿਟੀ ਦੀਆਂ ਵੱਖ-ਵੱਖ ਸ਼ਰਤਾਂ ਪੂਰੀਆਂ ਕਰਦੇ ਹਨ।

ਕਾਲਜ ਬਾਰੇ ਆਮ ਜਾਣਕਾਰੀ

ਵਜੀਫ਼ੇ

ਆਰਟਸ ਅਤੇ ਸਾਇੰਸ ਕਲਾਸਾਂ ਵਿੱਚ ਯੂਨੀਵਰਸਿਟੀ ਜਾਂ ਸਰਕਾਰ ਵੱਲੋਂ ਜੋ ਵਜੀਫ਼ੇ ਮਿਲਦੇ ਹਨ ਉਹਨਾਂ ਲਈ ਇਸ ਕਾਲਜ ਦੇ ਵਿਦਿਆਰਥੀ ਵੀ ਹੱਕਦਾਰ ਹੋਣਗੇ। ਇਹ ਸਕਾਲਰਸ਼ਿਪ ਲਈ ਸਮੇਂ ਸਿਰ ਅਪਲਾਈ ਕਰਨਾ ਵਿਦਿਆਰਥੀ ਦੀ ਆਪਣੀ ਜਿੰਮੇਵਾਰੀ ਹੈ। ਵਜੀਫ਼ੇ ਨੂੰ ਅਪਲਾਈ ਕਰਨ ਸੰਬੰਧੀ ਪੰਜਾਬ ਸਰਕਾਰ ਵੱਲੋਂ ਪੋਰਟਲ ਖੋਲਣ ਦੀ ਮਿਤੀ ਕਾਲਜ ਦੇ ਨੋਟਿਸ ਬੋਰਡ ਉੱਪਰ ਲਗਾਈ ਜਾਵੇਗੀ। ਸਰਕਾਰ ਵੱਲੋਂ ਨਿਰਧਾਰਿਤ ਕੀਤੀ ਮਿਤੀ ਅਧੀਨ ਹੀ ਪੋਰਟਲ ਉੱਪਰ ਵਜੀਫ਼ੇ ਲਈ ਅਪਲਾਈ ਕਰਨ ਜਿੰਮੇਵਾਰੀ ਵਿਦਿਆਰਥੀ ਦੀ ਆਪਣੀ ਹੋਵੇਗੀ ਸੰਬੰਧਿਤ ਵਿਦਿਆਰਥੀ ਨੋਟਿਸ ਬੋਰਡ ਉੱਪਰ ਸਮੇਂ ਸਮੇਂ ਸਿਰ ਧਿਆਨ ਦਿੰਦੇ ਰਹਿਣ। ਇਹਨਾਂ ਵਜੀਫਿਆਂ ਦਾ ਵੇਰਵਾ ਨਿਮਨ ਲਿਖਤ ਹੈ :

1) ਮੈਰਿਟ ਸਕਾਲਰਸ਼ਿਪ (ਰਾਜ ਯੋਗਤਾ ਵਜ਼ੀਫ਼ਾ)
ਇਹ ਵਜੀਫ਼ੇ 10+2 (ਆਰਟਸ ਜਾਂ ਸਾਇੰਸ) ਦੇ ਬੋਰਡ ਦੇ ਇਮਤਿਹਾਨਾਂ ਦੇ ਨਤੀਜਿਆਂ ਦੇ ਅਧਾਰ ਤੇ ਦਿੱਤੇ ਜਾਣਗੇ। ਇਹ ਫੈਸਲਾ ਬੋਰਡ ਨੇ ਕੀਤਾ ਹੈ ਅਤੇ ਇਹ (75/-) ਰੁਪਏ ਮਹੀਨੇ ਦੇ ਹਿਸਾਬ ਨਾਲ ਸਰਕਾਰ ਦਿੰਦੀ ਹੈ। ਵਿਦਿਆਰਥੀ ਪੰਜਾਬ ਦਾ ਵਸਨੀਕ ਹੋਣਾ ਜ਼ਰੂਰੀ ਹੈ ।

2) 1984 ਦੇ ਦੰਗਾਂ ਪੀੜਤਾਂ ਨੂੰ ਵਜੀਫ਼ੇ
ਸਾਲ 1984 ਦੇ ਦੰਗਾ ਪੀੜਤ ਪਰਿਵਾਰਾਂ ਦੇ ਵਿਦਿਆਰਥੀ ਬੱਚਿਆਂ ਨੂੰ 100/- ਰੁ: ਪ੍ਰਤੀ ਮਹੀਨਾ ਵਜੀਫ਼ਾ ਸਰਕਾਰ ਵੱਲੋਂ ਦਿੱਤਾ ਜਾਂਦਾ ਹੈ। ਇਸ ਤੋਂ ਇਲਾਵਾ ਇਹਨ ਵਿਦਿਆਰਥੀਆਂ ਦੀ ਪੂਰੀ ਟਿਊਸ਼ਨ ਫ਼ੀਸ ਵੀ ਮੁਆਫ਼ ਕੀਤੀ ਜਾਂਦੀ ਹੈ । ਲੜਕੇ

3) ਅਨੁਸੂਚਿਤ ਜਾਤੀਆਂ ਨਾਲ ਸਬੰਧਤ ਲੜਕੀਆਂ ਨੂੰ ਸਪੈਸ਼ਲ ਗਰਾਂਟ ਅਨੁਸੂਚਿਤ ਜਾਤੀਆਂ ਨਾਲ ਸਬੰਧਤ ਲੜਕੇ/ਲੜਕੀਆਂ ਜਿਨ੍ਹਾਂ ਦੇ ਮਾਪੇ/ਸਰਪ੍ਰਸਤ ਪ੍ਰੰਜਾਬ ਰਾਜ ਦੇ ਪੱਕੇ ਵਸਨੀਕ ਹੋਣ ਅਤੇ ਪੰਜਾਬ ਜਾਂ ਚੰਡੀਗੜ੍ਹ ਦੇ ਕਾਲਜ ਵਿੱਚ ਪੜ੍ਹ ਰਹੀਆਂ ਹੋਣ ਨੂੰ ਵਿਸ਼ੇਸ਼ ਗਰਾਂਟ ਮਨਜ਼ੂਰ ਕੀਤੀ ਜਾਂਦੀ ਹੈ, ਬਸ਼ਰਤੇ ਇਸ ਕੇਸ ਵਿੱਚ ਪਰਿਵਾਰ ਦੀ ਸਾਲਾਨਾ ਆਮਦਨ 2,50000/- ਰੁ:(ਦੋ ਲੱਖ ਪੰਜਾਹ ਹਜ਼ਾਰ ਰੁਪਏ) ਤੋਂ ਵੱਧ ਨਾ ਹੋਵੇ ।

ਜੁਰਮਾਨੇ

ਯੋਗ ਅਧਿਕਾਰੀ ਵੱਲੋਂ ਛੁੱਟੀ ਮਨਜ਼ੂਰ ਕਰਵਾਏ ਬਿਨ੍ਹਾਂ ਗ਼ੈਰਹਾਜ਼ਰ ਹੋਣ ਤੇ ਜੁਰਮਾਨਾ ਕੀਤਾ ਜਾਂਦਾ ਹੈ । ਇਸ ਦਾ ਵੇਰਵਾ ਇਸ ਪ੍ਰਕਾਰ ਹੈ:

1) ਕਿਸੇ ਖਾਸ ਦਿਨ ਇੱਕ ਪੀਰੀਅਡ ਦੀ ਗ਼ੈਰਹਾਜ਼ਰੀ ਲਈ 25 ਪੈਸੇ, ਰੁਪਿਆ ਅਤੇ ਇੱਕ ਪੀਰੀਅਡ ਤੋਂ ਵੱਧ ਗ਼ੈਰਹਾਜ਼ਰੀ ਲਈ 50 ਪੈਸੇ ਜੁਰਮਾਨਾ ਕੀਤਾ ਜਾਵੇਗਾ ।
2) ਟਿਊਟੋਰੀਅਲ ਗਰੁੱਪ ਮੀਟਿੰਗ ਵਿੱਚ ਗ਼ੈਰਹਾਜ਼ਰ ਹੋਣ ਤੇ 1/- ਰੁਪਿਆ ਜੁਰਮਾਨਾ ਵਸੂਲ ਕੀਤਾ ਜਾਵੇਗਾ ।
3) ਦੁਰਵਿਵਹਾਰ ਦੇ ਦੋਸ਼ੀ ਵਿਦਿਆਰਥੀ ਨੂੰ ਪ੍ਰਿੰਸੀਪਲ ਵੱਲੋਂ ਜੁਰਮਾਨਾ ਕੀਤਾ ਜਾ ਸਕਦਾ ਹੈ। ਇਹ ਜੁਰਮਾਨਾ ਨੋਟਿਸ ਲੱਗਣ ਤੋਂ 5 ਦਿਨਾਂ ਦੇ ਅੰਦਰ-ਅੰਦਰ ਦਫ਼ਤਰ ਜਮ੍ਹ ਕਰਾਉਣਾ ਹੋਵੇਗਾ ।
4) ਜੇਕਰ ਕੋਈ ਵਿਦਿਆਰਥੀ ਅਜਿਹੇ ਕੰਮ ਵਿੱਚ ਹਿੱਸਾ ਲੈ ਰਿਹਾ ਹੋਵੇ ਜਾਂ ਸਿੱਧੇ ਜਾਂ ਅਸਿੱਧੇ ਢੰਗ ਨਾਲ ਕਾਲਜ ਅਨੁਸ਼ਾਸਨ ਨੂੰ ਹਾਨੀ ਪਹੁੰਚਾਉਦਾ ਹੋਵੇ ਤਾਂ ਉਸ ਦਾ ਨਾਂ ਕੱਟਣ ਦ ਪ੍ਰਿੰਸੀਪਲ ਨੂੰ ਪੂਰਾ ਅਧਿਕਾਰ ਹੈ ।
5) ਵਿਦਿਆਰਥੀ ਨੂੰ ਅਜਿਹੀਆਂ ਪਾਰਟੀਆਂ ਜਾਂ ਗਰੁੱਪ ਬਣਾਉਣ ਦੀ ਆਗਿਆ ਨਹੀਂ ਹੋਵੇਗੀ ਜਿਨ੍ਹਾਂ ਨੂੰ ਕਾਲਜ ਪ੍ਰਵਾਨ ਨਹੀਂ ਕਰਦਾ । ਕਾਲਜ ਵਿੱਚ ਦਾਖ਼ਲ ਵਿਦਿਆਰਥੀਆ ਉੱਤੇ ਯੂਨੀਵਰਸਿਟੀ/ਸਰਕਾਰ ਵੱਲੋਂ ਜਾਰੀ ਅਨੁਸ਼ਾਸਨ ਦੇ ਨਿਯਮ ਲਾਗੂ ਹੋਣਗੇ ।

ਛੁੱਟੀ ਦੇ ਨਿਯਮ

1. ਵਿਦਿਆਰਥੀਆਂ ਨੂੰ ਛੁੱਟੀ ਜਾਣ ਤੋਂ ਪਹਿਲਾਂ ਛੁੱਟੀ ਮਨਜ਼ੂਰ ਕਰਵਾਉਣੀ ਜ਼ਰੂਰੀ ਹੈ। ਜੇ ਕਿਸੇ ਖਾਸ ਕਾਰਨ ਕਰਕੇ ਵਿਦਿਆਰਥੀ ਬਿਨ੍ਹਾਂ ਛੁੱਟੀ ਮਨਜ਼ੂਰ ਕਰਵਾਇਆ ਗ਼ੈਰਹਾਜ਼ਰ ਹੋਵੇ ਤਾਂ ਉਸ ਨੂੰ ਹਾਜ਼ਰ ਹੋਣ ਤੋਂ ਪੰਜ ਦਿਨਾਂ ਦੇ ਅੰਦਰ-ਅੰਦਰ ਛੁੱਟੀ ਮਨਜ਼ੂਰ ਕਰਵਾਉਣੀ ਪਵੇਗੀ।

2. ਇੱਕ ਹਫਤੇ ਤੋਂ ਵੱਧ ਬਿਮਾਰੀ ਦੀ ਛੁੱਟੀ ਨਾਲ ਡਾਕਟਰੀ ਸਰਟੀਫ਼ਿਕੇਟ ਹੋਣਾ ਜਰੂਰੀ ਹੈ। ਹਫ਼ਤੇ ਤੋਂ ਵੱਧ ਹਰ ਪ੍ਰਕਾਰ ਦੀ ਛੁੱਟੀ ਤੇ ਮਾਪੇ ਜਾਂ ਸਰਪ੍ਰਸਤ ਦੇ ਹਸਤਾਖ਼ਰ ਹੋਣ ਜ਼ਰੂਰੀ ਹਨ। ਇਹ ਸਰਟੀਫ਼ਿਕੇਟ ਕਾਲਜ ਵਿੱਚ ਮੁੜ-ਪ੍ਰਵੇਸ਼ ਤੇ ਤੁਰੰਤ ਦੇਣਾ ਜ਼ਰੂਰੀ ਹੈ।

3. ਛੁੱਟੀ ਨਿਮਨ-ਲਿਖਤ ਢੰਗ ਨਾਲ ਮਨਜ਼ੂਰ ਹੋਣੀ ਚਾਹੀਦੀ ਹੈ ।

	ਛੁੱਟੀ ਦਾ ਸਮਾਂ	ਸਿਫ਼ਾਰਿਸ਼ ਕਰਨ ਦਾ ਅਧਿਕਾਰ	ਮਨਜ਼ੂਰ ਕਰਨ ਦਾ ਅਧਿਕਾਰ
1)	ਛੇ ਦਿਨਾਂ ਦੀ ਆਮ ਛੁੱਟੀ	ਟਿਊਟਰ	ਟਿਊਟਰ
2)	ਦਸ ਦਿਨਾਂ ਦੀ ਆਮ ਛੁੱਟੀ	ਟਿਊਟਰ	ਸੀਨੀਅਰ ਟਿਊਟਰ
3)	ਦਸ ਦਿਨਾਂ ਤੋਂ ਉਪਰ ਛੁੱਟੀ	ਟਿਊਟਰ ਤੇ ਸੀਨੀਅਰ ਟਿਊਟਰ	ਪ੍ਰਿੰਸੀਪਲ

ਗ਼ੈਰਹਾਜ਼ਰੀ, ਨਾਮ ਕੱਟ ਜਾਣਾ ਅਤੇ ਮੁੜ ਦਾਖ਼ਲਾ

1. ਯੂਨੀਵਰਸਿਟੀ ਦੀਆਂ ਹਦਾਇਤਾਂ ਅਨੁਸਾਰ ਜਿਨ੍ਹਾਂ ਵਿਦਿਆਰਥੀਆਂ ਦੇ ਨਾਮ ਲਗਾਤਾਰ 10 ਦਿਨ ਕਲਾਸ ਵਿੱਚ ਗ਼ੈਰਹਾਜ਼ਰ ਰਹਿਣ ਕਾਰਨ ਜਾਂ ਫ਼ੀਸ ਨ ਨਾ ਕਰਵਾਉਣ ਜਾਂ ਹੋਰ ਕਿਸੇ ਕਾਰਨ ਕੱਟ ਦਿੱਤੇ ਜਾਂਦੇ ਹਨ, ਅਜਿਹੇ ਵਿਦਿਆਰਥੀ ਨਾਮ ਕੱਟਣ ਦੀ ਮਿਤੀ ਤੋਂ ਦੋ ਹਫਤੇ ਦੇ ਅੰਦਰ-ਅੰਦਰ ਜੇਕਰ ਪ੍ਰਿੰਸੀ ਆਗਿਆ ਦੇਣ ਤਾਂ ਮੁੜ ਦਾਖ਼ਲ ਹੋ ਸਕਦੇ ਹਨ, ਜਿਸ ਲਈ ਉਨ੍ਹਾਂ ਨੂੰ ਮੁੜ ਦਾਖ਼ਲਾ ਫ਼ੀਸ, ਪੂਰਾ ਪੀ.ਟੀ.ਏ. ਫੰਡ ਅਤੇ ਜੁਰਮਾਨਾ ਭਰਨਾ ਪਵੇਗਾ ।
2. ਦਸ ਦਿਨਾਂ ਦੀ ਗ਼ੈਰਹਾਜ਼ਰੀ ਦੇ ਅਧਾਰ ਤੇ ਨਾਮ ਕੱਟਣ ਉਪਰੰਤ ਕੇਵਲ ਦੋ ਵਾਰ ਹੀ ਨਿਯਮ ਨੰ: 1 ਅਨੁਸਾਰ ਮੁੜ ਦਾਖ਼ਲਾ ਹੋ ਸਕਦਾ ਹੈ । ਇਸ ਤੋਂ ਬਾ ਉਹ ਵਿਦਿਆਰਥੀ ਆਪਣਾ ਦਾਖ਼ਲਾ ਅਧਿਕਾਰ ਗੁਆ ਬੈਠੇਗਾ ।
3. ਵਿਦਿਆਰਥੀ ਨੂੰ ਆਪਣਾ ਆਈ ਕਾਰਡ, ਫ਼ੀਸ ਸਲਿੱਪ ਦੀ ਕਾਪੀ ਹਰ ਰੋਜ ਕਾਲਜ ਵਿੱਚ ਆਪਣੇ ਪਾਸ ਰੱਖਣਾ ਜ਼ਰੂਰੀ ਹੈ ।

ਯੂਨੀਵਰਸਿਟੀ ਪ੍ਰੀਖਿਆ ਲਈ ਨਿਯਮ/ਸ਼ਰਤਾਂ

1) ਯੂਨੀਵਰਸਿਟੀ ਦੀ ਸਾਲਾਨਾ/ਸਮੈਸਟਰ ਪ੍ਰੀਖਿਆ ਵਿੱਚ ਬੈਠਣ ਲਈ ਕੇਵਲ ਉਹੀ ਵਿਦਿਆਰਥੀ ਯੋਗ ਹੋਣਗੇ ਜਿਨ੍ਹਾਂ ਦੇ ਹਰ ਵਿਸ਼ੇ ਦੇ ਥਿਊਰੀ ਪ੍ਰੈਕਟੀਕਲ (ਜਿੱਥੇ ਲਾਗੂ ਹੋਵੇ) ਵਿੱਚ ਵੱਖ-ਵੱਖ ਤੌਰ ਤੇ 75% ਹਾਜ਼ਰੀਆਂ ਪੂਰੀਆਂ ਕੀਤੀਆਂ ਹੋਣ ।
2) ਸਮੈਸਟਰ ਪ੍ਰਣਾਲੀ ਦੇ ਅੰਤਰਗਤ ਹਰ ਵਿਦਿਆਰਥੀ ਲਈ 75% ਹਾਜ਼ਰੀਆਂ, ਦੋ ਮਹੀਨਾਵਾਰ ਟੈਸਟ ਅਤੇ ਆਪਣੇ ਸਬੰਧਤ ਕਲਾਸ ਟੀਚਰ ਅਸਾਈਨਮੈਂਟਸ ਜਮ੍ਹਾਂ ਕਰਵਾਉਣੀਆਂ ਲਾਜ਼ਮੀ ਹਨ, ਜਿਸਦੇ ਅਧਾਰ ਤੇ ਵਿਦਿਆਰਥੀ ਦੀ ਅਸੈੱਸਮੈਂਟ ਭੇਜੀ ਜਾਵੇਗੀ, ਸੋ ਵਿਦਿਆਰਥੀ ਇਸਦਾ ਸੈ ਦੌਰਾਨ ਪੂਰਾ ਧਿਆਨ ਰੱਖਣ।

ਟਿਊਟੋਰੀਅਲ ਗਰੁੱਪ ਪ੍ਰਣਾਲੀ

1) ਹਰ ਵਿਦਿਆਰਥੀ ਨੂੰ ਇੱਕ ਟਿਊਟੋਰੀਅਲ ਗਰੁੱਪ ਵਿੱਚ ਰੱਖਿਆ ਜਾਂਦਾ ਹੈ ।
2) ਟਿਊਟਰ ਵਿਦਿਆਰਥੀ ਲਈ ਇੱਕ ਗਾਈਡ ਤੇ ਸਲਾਹਕਾਰ ਹੋਵੇਗਾ । ਉਹ ਵਿਦਿਆਰਥੀਆਂ ਦੀਆਂ ਵਿੱਦਿਅਕ ਅਤੇ ਵਿਅਕਤੀਗਤ ਸਮੱਸਿਆਵਾਂ ਉਨ੍ਹਾਂ ਦੀ ਅਗਵਾਈ ਕਰੇਗਾ । ਟਿਊਟਰ ਦਾ ਆਪਣੇ ਗਰੁੱਪ ਦੇ ਹਰ ਇੱਕ ਵਿਦਿਆਰਥੀ ਨਾਲ ਨੇੜੇ ਦਾ ਸੰਪਰਕ ਹੋਵੇਗਾ ।
3) ਟਿਊਟੋਰੀਅਲ ਗਰੁੱਪ ਮੀਟਿੰਗਜ਼ ਲੋੜ ਮੁਤਾਬਿਕ ਹੋਣਗੀਆਂ ।
4) ਸੀਨੀਅਰ ਟਿਊਟਰ ਸਾਰੇ ਗਰੁੱਪਾਂ ਵਿੱਚ ਤਾਲਮੇਲ ਰੱਖੇਗਾ ।
5) ਟਿਊਟਰ ਆਪਣੇ ਗਰੁੱਪਾਂ ਦੇ ਵਿਦਿਆਰਥੀਆਂ ਦੀ ਉੱਨਤੀ ਦਾ ਰਿਕਾਰਡ ਰੱਖੇਗਾ । ਉਹ ਉਹਨਾਂ ਦੇ ਚਰਿੱਤਰ ਸਰਟੀਫ਼ਿਕੇਟ ਤੋਂ ਇਲਾਵਾ ਉਹਨਾਂ ਵਿੱਦਿਅਕ ਉੱਨਤੀ ਰਿਪੋਰਟ ਤੇ ਵੀ ਰਾਇ ਦੇਵੇਗਾ ।
6) ਟਿਊਟੋਰੀਅਲ ਗਰੁੱਪ ਵਿੱਚ ਗ਼ੈਰਹਾਜ਼ਰੀ ਦਾ ਵਿਸ਼ੇਸ਼ ਜੁਰਮਾਨਾ ਹੋਵੇਗਾ ।
7) ਟਿਊਟੋਰੀਅਲ ਗਰੁੱਪ ਵਾਦ-ਵਿਵਾਦ, ਪੱਤਰ ਪੜ੍ਹਨ ਆਦਿ ਤੋਂ ਇਲਾਵਾ ਪੁਸਤਕਾਲਿਆਂ, ਅਜਾਇਬ ਘਰ ਅਤੇ ਹੋਰ ਵਿੱਦਿਅਕ ਥਾਵਾਂ ਦੇਖਾਉਣ ਦਾ ਪ੍ਰਬੰਧ ਕਰਨਗੇ ।

ਲਾਇਬਰੇਰੀ ਅਤੇ ਸ਼ਨਾਖਤੀ ਕਾਰਡ ਦੇ ਨਿਯਮ

ਕਾਲਜ ਪੁਸਤਕਾਲੇ ਵਿੱਚ ਲਗਭਗ 72000 ਪੁਸਤਕਾਂ ਹਨ ਅਤੇ ਲੋੜ ਅਨੁਸਾਰ ਹਰ ਸਾਲ ਖਰੀਦੀਆਂ ਜਾਂਦੀਆਂ ਹਨ । ਇਸ ਤੋਂ ਇਲਾਵਾ ਰੀਡਿੰਗ ਰੂਮ ਵਿੱਚ ਤਰ੍ਹਾਂ ਦੇ ਮਿਆਰੀ ਅਖ਼ਬਾਰ ਅਤੇ ਰਸਾਲੇ ਮੰਗਵਾਏ ਜਾਂਦੇ ਹਨ । ਲੋੜਵੰਦ ਵਿਦਿਆਰਥੀਆਂ ਲਈ ਪੁਸਤਕਾਲੇ ਵਿੱਚ ਪਾਠ-ਪੁਸਤਕ ਵਿਭਾਗ ਵੀ ਹੈ । ਪੁਸਤਕ ਵਿੱਚੋਂ ਪੁਸਤਕਾਂ ਕਢਾਉਣ ਲਈ ਹੇਠ ਲਿਖੇ ਨਿਯਮ ਹਨ:

1. (i) ਹਰ ਕਲਾਸ ਦੇ ਵਿਦਿਆਰਥੀ ਨੂੰ ਇੱਕ ਸਮੇਂ ਦੋ ਪੁਸਤਕਾਂ ਮਿਲ ਸਕਦੀਆਂ ਹਨ ।
   (ii) ਆਨਰਜ਼/ਐਮ.ਏ. ਦੇ ਵਿਦਿਆਰਥੀ 5 ਪੁਸਤਕਾਂ ਲੈ ਸਕਦੇ ਹਨ ।
2. ਲਾਇਬਰੇਰੀ ਵਿੱਚੋਂ ਉਧਾਰ ਲਈ ਪੁਸਤਕ ਵੱਧ ਤੋਂ ਵੱਧ 14 ਦਿਨਾਂ ਤੱਕ ਰੱਖੀ ਜਾ ਸਕਦੀ ਹੈ। ਜੇ ਮਿਆਦ ਖਤਮ ਹੋਣ ਤੇ ਪੁਸਤਕ ਵਾਪਿਸ ਨਾ ਕੀਤੀ ਜਾਵੇ 1 ਰੁਪਇਆ ਪ੍ਰਤੀ ਦਿਨ ਪ੍ਰਤੀ ਪੁਸਤਕ ਜੁਰਮਾਨਾ ਕੀਤਾ ਜਾਵੇਗਾ। ਇਹ ਜੁਰਮਾਨਾ ਮੁਆਫ ਨਹੀਂ ਹੋਵੇਗਾ। ਪੁਸਤਕ ਰੀਨਿਊ ਕਰਾਉਣ ਲਈ ਪੁਸਤਕ ਲਾਇਬਰੇਰੀ ਲਿਆਉਣਾ ਜਰੂਰੀ ਹੈ।
3. ਹਰ ਵਿਦਿਆਰਥੀ ਨੂੰ ਇੱਕ ਸ਼ਨਾਖਤੀ-ਕਮ-ਲਾਇਬਰੇਰੀ ਕਾਰਡ ਦਿੱਤਾ ਜਾਵੇਗਾ । ਕਿਤਾਬ ਲੈਣ ਜਾਂ ਵਾਪਸ ਕਰਨ ਵਾਲੇ ਦਾ ਇੰਦਰਾਜ਼ ਇਸੇ ਕਾ ਉੱਤੇ ਹੋਵੇਗਾ ਅਤੇ ਇਸ ਵਿੱਚ ਦਰਜ ਹੋਈਆਂ ਸਾਰੀਆਂ ਕਿਤਾਬਾਂ ਲਈ ਵਿਦਿਆਰਥੀ ਖੁਦ ਜਿੰਮੇਵਾਰ ਹੋਵੇਗਾ ।
4. ਜੇ ਇਹ ਕਾਰਡ ਗੁਆਚ ਜਾਵੇ ਤਾਂ ਲਾਇਬਰੇਰੀ ਮੁੱਖੀ ਨੂੰ ਤੁਰੰਤ ਇਤਲਾਹ ਦੇਣੀ ਚਾਹੀਦੀ ਹੈ ਅਤੇ ਪੁਲਿਸ ਵਿੱਚ ਰਿਪੋਰਟ ਦਰਜ ਕਰਵਾਉਣੀ ਜ਼ਰੂਰੀ ਇਸ ਦੀ ਕਾਪੀ ਨੋਟਿਸ ਬੋਰਡ ਤੇ ਲਗਾਉਣੀ ਜ਼ਰੂਰੀ ਹੈ ਤਾਂ ਜੋ ਕੋਈ ਹੋਰ ਇਸ ਕਾਰਡ ਦੀ ਦੁਰਵਰਤੋਂ ਨਾ ਕਰ ਸਕੇ। ਨਵਾਂ ਕਾਰਡ ਦਰਜ ਕਰਵਾਈ ਰਿਪੋਰਟ ਅਧਾਰ ਤੇ ਲਾਇਬਰੇਰੀ ਵਿੱਚੋਂ ਫਾਰਮ ਲੈ ਕੇ ਲੋੜੀਂਦੀ ਫ਼ੀਸ ਭਰ ਕੇ ਇੱਕ ਪਾਸਪੋਰਟ ਸਾਇਜ਼ ਦੀ ਨਵੀਂ ਫੋਟੋ ਦੇ ਕੇ ਜਾਰੀ ਕਰਵਾਇਆ ਜਾ ਸਕਦਾ ਹੈ।

5. ਜੇ ਵਿਦਿਆਰਥੀ ਕਾਲਜ ਪੁਸਤਕਾਲੇ ਦੀ ਕਿਤਾਬ ਗੁਆ ਦੇਵੇ ਜਾਂ ਖ਼ਰਾਬ ਕਰ ਦੇਵੇ ਤਾਂ ਉਸ ਨੂੰ ਕਿਤਾਬ ਦਾ ਵਰਤਮਾਨ ਮੁੱਲ ਭਰਨਾ ਪਵੇਗਾ । ਕਿਤਾਬ ਜਾਂ ਕਿਸੇ ਸੈੱਟ ਜਾਂ ਲੜੀ ਵਿੱਚੋਂ ਗੁਆਚੀ ਜਾਂ ਖ਼ਰਾਬ ਕੀਤੀ ਕਿਤਾਬ ਦੀ ਥਾਂ ਸਮੁੱਚੇ ਸੈੱਟ ਜਾਂ ਲੜੀ ਦਾ ਮੁੱਲ ਭਰਨਾ ਪਵੇਗਾ । ਜੇ ਗੁਆਚੀ ਜਾਂ ਖਰਾਬ ਕੀਤੀ ਪੁਸਤਕ ਹੁਣ ਦੁਰਲੱਭ ਹੋ ਗਈ ਹੋਵੇ ਤਾਂ ਉਸ ਦੀ ਕੀਮਤ ਤੇ ਵਿਸ਼ੇਸ਼ ਜੁਰਮਾਨਾ ਭਰਨਾ ਪਵੇਗਾ ।

6. ਲਾਇਬਰੇਰੀ ਸਕਿਉਰਟੀ ਕਾਲਜ ਛੱਡਣ ਤੋਂ ਕੇਵਲ ਇੱਕ ਸਾਲ ਦੇ ਅੰਦਰ-ਅੰਦਰ ਵਾਪਿਸ ਲਈ ਜਾ ਸਕਦੀ ਹੈ । ਇਸ ਤੋਂ ਬਾਅਦ ਇਹ ਰਕਮ ਜ਼ਬਤ ਹੋ ਜਾਵੇਗੀ ।

7. ਲਾਇਬਰੇਰੀ ਅਤੇ ਰੀਡਿੰਗ ਰੂਮ ਵਿੱਚ ਚੁੱਪ ਰਹਿਣਾ ਅਤੇ ਮਰਿਆਦਾ ਕਾਇਮ ਰੱਖਣਾ ਜ਼ਰੂਰੀ ਹੈ । ਮਰਿਆਦਾ ਭੰਗ ਕਰਨ ਵਾਲੇ ਨੂੰ ਜੁਰਮਾਨਾ ਕੀਤਾ ਜਾ ਸਕਦਾ ਹੈ ਜਾਂ ਉਸ ਤੋਂ ਕੁੱਝ ਸਮੇਂ ਲਈ ਪੁਸਤਕਾਲੇ ਦੇ ਮਿਲੇ ਅਧਿਕਾਰ ਖੋਹੇ ਜਾ ਸਕਦੇ ਹਨ ।

8. ਕਾਲਜ ਦੇ ਹਰ ਵਿਦਿਆਰਥੀ ਕੋਲ ਰੋਜਾਨਾ ਸ਼ਨਾਖਤੀ-ਕਮ-ਲਾਇਬਰੇਰੀ ਕਾਰਡ ਹੋਣਾ ਜ਼ਰੂਰੀ ਹੈ। ਇਸ ਕਾਰਡ ਦੀ ਅਣਹੋਂਦ ਦੀ ਹਾਲਤ ਵਿੱਚ ਵਿਦਿਆਰਥੀ ਨੂੰ ਜੁਰਮਾਨਾ ਵੀ ਕੀਤਾ ਜਾ ਸਕਦਾ ਹੈ ।

9. ਲਾਇਬਰੇਰੀ ਤੋਂ "ਕੁੱਝ ਬਕਾਇਆ ਨਹੀਂ" (No dues) ਲੈਣ ਵੇਲੇ ਇਹ ਕਾਰਡ ਰੱਦ ਕਰ ਦਿੱਤਾ ਜਾਵੇਗਾ। ਪਰ ਵਿਦਿਆਰਥੀ ਲਈ ਇਹ ਜ਼ਰੂਰੀ ਹੋਵੇਗਾ ਕਿ ਇਹ ਰੱਦ ਕੀਤਾ ਸ਼ਨਾਖਤੀ ਕਾਰਡ ਫੋਟੋ ਸਮੇਤ ਸੰਭਾਲ ਕੇ ਰੱਖਣ, ਕਿਉਂਕਿ ਇਸ ਕਾਰਡ ਤੋਂ ਬਗੈਰ ਕਾਲਜ ਮੈਗਜ਼ੀਨ, ਲਾਇਬਰੇਰੀ ਸਿਕਿਉਰਿਟੀ ਅਤੇ ਯੂਨੀਵਰਸਿਟੀ ਕੁੱਲ ਅੰਕ ਸਰਟੀਫ਼ਿਕੇਟ ਆਦਿ ਨਹੀਂ ਦਿੱਤੇ ਜਾਣਗੇ ਅਤੇ ਯੂਨੀਵਰਸਿਟੀ ਪ੍ਰੀਖਿਆ ਵਿੱਚ ਬੈਠਣ ਵੀ ਨਹੀਂ ਦਿੱਤਾ ਜਾਵੇਗਾ ।

10. ਇਹ ਕਾਰਡ ਕਿਸੇ ਵੀ ਅਧਿਕਾਰੀ ਵੱਲੋਂ ਮੰਗਣ ਤੇ ਵਿਖਾਉਣਾ ਅਤਿ ਜ਼ਰੂਰੀ ਹੋਵੇਗਾ। ਇਹ ਕਾਰਡ ਸਮੈਸਟਰ ਪ੍ਰੀਖਿਆ ਦੌਰਾਨ ਵੀ ਵਿਦਿਆਰਥੀ ਨੂੰ ਆਪਣੇ ਪਾਸ ਰੱਖਣਾ ਜਰੂਰੀ ਹੈ ।

ਪੁਰਸਕਾਰਾਂ ਲਈ ਨਿਯਮ

ਜ਼ਰੂਰੀ ਨੋਟ :

ੳ) ਕਾਲਜ ਪੁਰਸਕਾਰ ਲਈ ਕੇਵਲ ਉਨ੍ਹਾਂ ਵਿਦਿਆਰਥੀਆਂ ਨੂੰ ਹੀ ਵਿਚਾਰਿਆ ਜਾਵੇਗਾ, ਜਿਨ੍ਹਾਂ ਨੇ ਕਿਸੇ ਵੀ ਖੇਤਰ ਵਿੱਚ ਪ੍ਰਿੰਸੀਪਲ ਦੀ ਆਗਿਆ ਨਾਲ ਹੀ ਕਾਲਜ ਦੀ ਪ੍ਰਤੀਨਿਧਤਾ, ਸਰਕਾਰ ਜਾਂ ਯੂਨੀਵਰਸਿਟੀ ਤੋਂ ਪ੍ਰਮਾਣਿਤ ਮੁਕਾਬਲਿਆਂ ਆਦਿ ਵਿੱਚ ਕੀਤੀ ਹੋਵੇ ।

ਅ) ਜਦੋਂ ਕਿਸੇ ਵੀ ਵਿਦਿਆਰਥੀ ਨੂੰ ਕੋਈ ਸਨਮਾਨ ਦਿੱਤਾ ਜਾਂਦਾ ਹੈ, ਉਸ ਸਮੇਂ ਸਬੰਧਤ ਵਿਦਿਅਰਥੀ ਦਾ ਕਾਲਜ ਰੋਲ ਤੇ ਹੋਣਾ ਜ਼ਰੂਰੀ ਹੈ । ਇਸ ਲਈ ਸਾਰੇ ਪੁਰਸਕਾਰ ਦਫਤਰ ਤੋਂ ਤਸਦੀਕ ਹੋਣੇ ਜ਼ਰੂਰੀ ਹਨ ।

ੲ) ਨਿੱਜੀ ਪੱਧਰ ਤੇ ਪ੍ਰਾਈਵੇਟ ਮੁਕਾਬਲਿਆਂ ਜਾਂ ਯੂਨੀਵਰਸਿਟੀ/ਵਿਭਾਗ/ਸਰਕਾਰ ਤੋਂ ਗੈਰ ਪ੍ਰਮਾਣਿਤ ਮੁਕਾਬਲਿਆਂ ਆਦਿ ਦੇ ਅਧਾਰ ਤੇ ਇਹ ਪੁਰਸਕਾਰ ਨਹੀਂ ਦਿੱਤੇ ਜਾਣਗੇ।

ਨਿਯਮ :

1. ਵਿਦਿਆਰਥੀਆਂ ਦੀਆਂ ਅਕਾਦਮਿਕ, ਖੇਡਾਂ ਤੇ ਸੱਭਿਆਚਾਰਕ ਸਰਗਰਮੀਆਂ ਵਿੱਚ ਉਤਸ਼ਾਹ ਵਧਾਉਣ ਲਈ ਅਤੇ ਉਹਨਾਂ ਦੇ ਵਿਅਕਤੀਗਤ ਅਤੇ ਸਰਬਪੱਖੀ ਵਿਕਾਸ ਲਈ ਉਹਨਾਂ ਨੂੰ ਉਪਰੋਕਤ ਤਿੰਨ ਖੇਤਰਾਂ ਵਿੱਚ ਇਨਾਮ ਦਿੱਤੇ ਜਾਂਦੇ ਹਨ ।

2. ਇਹ ਇਨਾਮ ਸਬੰਧਤ ਇੰਚਾਰਜ ਦੀ ਸਿਫ਼ਾਰਿਸ਼ ਤੇ ਪ੍ਰਿੰਸੀਪਲ ਸਾਹਿਬ ਵੱਲੋਂ ਮਿਲੀ ਪ੍ਰਵਾਨਗੀ ਪਿੱਛੋਂ ਦਿੱਤੇ ਜਾਣਗੇ। ਅਜਿਹੀ ਸਿਫ਼ਾਰਿਸ਼ ਵਿਦਿਆਰਥੀ ਦੁਆਰਾ ਭਿੰਨ-ਭਿੰਨ ਖੇਤਰਾਂ ਵਿੱਚ ਹਾਸਲ ਕੀਤੀਆਂ ਪ੍ਰਾਪਤੀਆਂ ਉਪਰੰਤ ਹੀ ਦਿੱਤੀ ਜਾਵੇਗੀ ਅਤੇ ਇਨਾਮ ਨਿਯਮਾਂ ਅਨੁਸਾਰ ਅਤੇ ਪ੍ਰਿੰਸੀਪਲ ਸਾਹਿਬ ਦੁਆਰਾ ਨਿਸ਼ਚਿਤ ਕੀਤੀ ਕਮੇਟੀ ਦੁਆਰਾ ਜਾਂਚ ਪੜਤਾਲ ਮਗਰੋਂ ਦਿੱਤੇ ਜਾਣਗੇ । ਇਨਾਮ ਪ੍ਰਾਪਤੀ ਦੇ ਇੱਛੁਕ ਵਿਦਿਆਰਥੀ ਨੂੰ ਇਨਾਮ ਦੇ ਹੱਕਦਾਰ ਬਣਨ ਲਈ ਯੋਗ ਅਧਿਕਾਰੀ ਦੁਆਰਾ ਜਾਰੀ ਕੀਤੀਆਂ ਗਈਆਂ ਮੌਲਿਕ ਸਰਤਾਂ ਪੂਰੀਆਂ ਕਰਨੀਆਂ ਹੋਣਗੀਆਂ ।

3. ਇਹ ਸਾਰੇ ਇਨਾਮ ਇਸ ਸ਼ਰਤ ਵਿੱਚ ਮਿਲਣਗੇ ਕਿ ਵਿਦਿਆਰਥੀ ਨੇਕ ਚਲਣੀ ਅਤੇ ਚੰਗੇ ਵਿਹਾਰ ਵਾਲੇ ਹੋਣ। ਵਿਦਿਆਰਥੀ ਅਨੁਸ਼ਾਸਨਹੀਣਤਾ ਕਰਕੇ ਜੁਰਮਾਨਾ ਜਾਂ ਤਾੜਨਾ ਹੋਣ ਕਾਰਨ ਕਿਸੇ ਵੀ ਕਿਸਮ ਦੇ ਇਨਾਮ ਦਾ ਹੱਕਦਾਰ ਨਹੀਂ ਹੋਵੇਗਾ । ਇਨ੍ਹਾਂ ਗੱਲਾਂ ਦੀ ਤਸਦੀਕ ਸਬੰਧਤ ਸਰਗਰਮੀਆਂ ਇੰਚਾਰਜ਼ ਅਤੇ ਟਿਊਟਰਾਂ ਦੁਆਰਾ ਕੀਤੀ ਜਾਵੇਗੀ ਅਤੇ ਪ੍ਰਿੰਸੀਪਲ ਸਾਹਿਬ ਦੁਆਰਾ ਪ੍ਰਵਾਨਗੀ ਦਿੱਤੀ ਜਾਵੇਗੀ ।

4. ਉਹ ਵਿਦਿਆਰਥੀ ਕਦੀ ਵੀ ਕਾਲਜ ਦੇ ਕਿਸੇ ਵੀ ਇਨਾਮ ਦਾ ਹੱਕਦਾਰ ਨਹੀਂ ਹੋਵੇਗਾ ਜਿਹੜਾ ਬੋਰਡ ਜਾਂ ਯੂਨੀਵਰਸਿਟੀ ਦੀਆਂ ਪ੍ਰੀਖਿਆਵਾਂ ਵਿੱਚ ਅਯੋਗ ਢਸੀਲੇ (Unfair Means) ਵਰਤਣ ਦਾ ਦੋਸ਼ੀ ਹੋਵੇਗਾ ।

5. ਹਰ ਖੇਤਰ ਨਾਲ ਸੰਬੰਧਿਤ ਇਨਾਮ ਕੇਵਲ ਉਸੇ ਵਿਦਿਆਰਥੀ ਨੂੰ ਦਿੱਤੇ ਜਾਣਗੇ ਜਿਹੜਾ ਕਾਲਜ ਦੁਆਰਾ ਲਈਆਂ ਗਈਆਂ ਪ੍ਰੀਖਿਆਵਾਂ ਵਿੱਚ ਆਪਣੇ ਸਾਰੇ ਵਿਸ਼ਿਆਂ ਦੇ ਇਮਤਿਹਾਨ ਦੇਵੇਗਾ ਅਤੇ ਜਿਹੜਾ ਯੂਨੀਵਰਸਿਟੀ ਦੇ ਸਮੈਸਟਰ ਇਮਤਿਹਾਨ ਵਿੱਚ ਕਾਲਜ ਦੇ ਬਾਕਾਇਦਾ ਰੈਗੂਲਰ (Regular) ਵਿਦਿਆਰਥੀ ਦੇ ਰੂਪ ਵਿੱਚ ਬੈਠਣ ਯੋਗ ਹੋਵੇਗਾ ।

6. ਕੇਵਲ ਸ਼੍ਰੇਣੀ ਜਾਂ ਸਰਗਰਮੀਆਂ ਵਿੱਚ ਸੀਨੀਆਰਤਾ (Seniority ਕਲਾਸ/ਜਨਮ ਮਿਤੀ ਦੀ) ਹੀ ਕਿਸੇ ਇਨਾਮ ਦਾ ਹੱਕਦਾਰ ਬਣਾਵੇਗੀ । ਕਿਸੇ ਵੀ ਇਨਾਮ ਦੇ ਹੱਕਦਾਰ ਹੋਣ ਲਈ ਅਕਾਦਮਿਕ, ਖੇਡਾਂ ਅਤੇ ਸੱਭਿਆਚਾਰਕ ਸਰਗਰਮੀਆਂ ਵਿੱਚੋਂ ਕਿਸੇ ਸਰਗਰਮੀ ਵਿੱਚ ਅਮਲੀ ਭਾਗ ਲੈ ਕੇ ਜੇਤੂ ਹੋਣਾ ਜ਼ਰੂਰੀ ਹੈ ।

7. ਕਿਸੇ ਵੀ ਆਇਟਮ ਵਿੱਚ ਵਿਦਿਆਰਥੀ ਨੂੰ ਕਾਲਜ ਵਿੱਚ ਪੜ੍ਹਾਈ ਦੇ ਦੌਰਾਨ ਇੱਕ ਵਾਰੀ ਹੀ ਕਲਰ ਦਿੱਤਾ ਜਾਵੇਗਾ । ਜੇ ਕੋਈ ਵਿਦਿਆਰਥੀ ਉਸ ਆਈਟਮ ਵਿੱਚ ਮੁੜ ਕਾਲਜ ਕਲਰ ਪ੍ਰਾਪਤ ਕਰਨ ਦੇ ਯੋਗ ਹੋ ਜਾਵੇ ਤਾਂ ਪਹਿਲੇ ਕਾਲਜ ਕਲਰ ਨੂੰ ਰਿਨਿਊ (Renew) ਕੀਤਾ ਜਾਵੇਗਾ।

8. ਰੋਲ ਆਫ਼ ਆਨਰ ਪ੍ਰਾਪਤ ਕਰਨ ਵਾਲੇ ਨੂੰ ਕਾਲਜ ਕਲਰ ਸਰਟੀਫਿਕੇਟ ਵੀ ਦਿੱਤਾ ਜਾਵੇਗਾ ।

ਵਿੱਦਿਅਕ ਰੋਲ ਆਫ਼ ਆਨਰ

ਵਿਦਿਅਕ ਰੋਲ ਆਫ਼ ਆਨਰ ਦੀ ਪੁਸਤਕ ਵਿੱਚ ਹਸਤਾਖਰ ਕਰਨ ਦਾ ਮਾਣ ਉਸ ਵਿਦਿਆਰਥੀ ਨੂੰ ਪ੍ਰਾਪਤ ਹੋਵੇਗਾ ਜਿਸ ਨੇ:-

1. ਕਿਸੇ ਸ਼੍ਰੇਣੀ ਵਿੱਚ ਕਾਲਜ ਵਿਦਿਆਰਥੀ ਦੇ ਨਾਤੇ ਯੂਨੀਵਰਸਿਟੀ ਦੀ ਪ੍ਰੀਖਿਆ ਵਿੱਚ ਪਾਸ ਹੋ ਕੇ ਪਹਿਲੇ 10 ਸਥਾਨਾਂ ਵਿੱਚੋਂ ਕੋਈ ਸਥਾਨ ਪ੍ਰਾਪਤ ਕੀਤਾ ਹੋਵੇ ।

2. ਬੀ. ਏ. ਆਨਰਜ਼ ਦੇ ਕਿਸੇ ਵਿਸ਼ੇ ਵਿੱਚ ਯੂਨੀਵਰਸਿਟੀ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ ਹੋਵੇ ।

3. ਕਿਸੇ ਕੋਰਸ ਦੇ ਕਿਸੇ ਵਿਸ਼ੇ ਵਿੱਚ ਯੂਨੀਵਰਸਿਟੀ ਮੈਡਲ ਪ੍ਰਾਪਤ ਕਰਕੇ ਸਮੁੱਚੀ ਯੂਨੀਵਰਸਿਟੀ ਵਿੱਚ ਪਹਿਲਾ ਸਥਾਨ ਪ੍ਰਾਪਤ ਕਰਨ ਵਾਲੇ ਨੂੰ ।

ਵਿੱਦਿਅਕ ਕਾਲਜ ਕਲਰ

ਇਹ ਇਨਾਮ ਉਨ੍ਹਾਂ ਵਿਦਿਆਰਥੀਆਂ ਨੂੰ ਦਿੱਤਾ ਜਾਵੇਗਾ ਜੋ ਯੂਨੀਵਰਸਿਟੀ ਦੀ ਪ੍ਰੀਖਿਆ ਦੇ ਅਧਾਰ ਤੇ ਛਪੀ ਮੈਰਿਟ ਵਿੱਚ ਪਹਿਲੇ 10 ਸਥਾਨਾਂ ਨੂੰ ਛੱਡ ਕੇ ਕੋਈ ਪੁਜ਼ੀਸ਼ਨ ਹਾਸਲ ਕਰਨ ਜਾਂ ਕਿਸੇ ਆਨਰਜ਼ ਵਿਸ਼ੇ ਵਿੱਚ ਯੂਨੀਵਰਸਿਟੀ ਵਿੱਚ ਦੂਜਾ ਜਾਂ ਤੀਸਰਾ ਸਥਾਨ ਪ੍ਰਾਪਤ ਕਰਨ ।

ਯੂਨੀਵਰਸਿਟੀ ਪ੍ਰੀਖਿਆ ਦੇ ਅਧਾਰ ਤੇ ਇਨਾਮ

1. ਇਸ ਕਾਲਜ ਦੇ ਵਿਦਿਆਰਥੀਆਂ ਵਿੱਚੋਂ ਯੂਨੀਵਰਸਿਟੀ ਦੀ ਕਿਸੇ ਸ਼੍ਰੇਣੀ ਦੀ ਪ੍ਰੀਖਿਆ ਵਿੱਚ ਆਪਣੇ ਕਾਲਜ ਵਿੱਚ ਪਹਿਲਾ ਅਤੇ ਦੂਜਾ ਸਥਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਇਨਾਮ ਦਿੱਤਾ ਜਾਵੇਗਾ । ਅਗਰ ਐਗਰੀਗੇਟ ਤੋਂ ਇਲਾਵਾ ਕੋਈ ਦੂਜਾ ਵਿਦਿਆਰਥੀ ਇੱਕ ਸਾਲ (ਚਾਲੂ ਫ ਰ) ਦੇ ਜੋ ਡ ਵਿੱਚੋਂ ਉਪਰੋਕਤ ਵਿਦਿਆਰਥੀ ਤੋਂ ਵੱਧ ਨੰਬਰ ਲੈਂਦਾ ਹੈ ਤਾਂ ਉਸਨੂੰ ਵੀ ਇਨਾਮ ਦਿੱਤਾ ਜਾਵੇਗਾ ।

2. ਕਿਸੇ ਵੀ ਸ਼੍ਰੇਣੀ ਵਿੱਚ ਇਨਾਮ ਪ੍ਰਾਪਤ ਕਰਨ ਲਈ ਵਿਦਿਆਰਥੀ ਨੇ ਘੱਟੋ-ਘੱਟ 60% ਅੰਕ ਜ਼ਰੂਰ ਪ੍ਰਾਪਤ ਕੀਤੇ ਹੋਣ ।

ਵਿੱਦਿਅਕ ਲੇਡੀ ਕੌਲਾ ਇਨਾਮ

ਲੇਡੀ ਕੌਲਾ ਇਨਾਮ ਵਿਦਿਆਰਥਣਾਂ ਨੂੰ ਪ੍ਰੋਤਸਾਹਨ ਦੇਣ ਲਈ ਜੀਂਦ ਰਿਆਸਤ ਦੇ ਭੂਤ-ਪੂਰਵ ਮੁੱਖ ਮੰਤਰੀ ਕੌਲਾ ਸਾਹਿਬ ਨੇ ਆਪਣੀ ਪਤਨੀ ਦੇ ਨਾਂ ਸ਼ੁਰੂ ਕੀਤੇ ਸਨ । ਇਹ ਇਨਾਮ ਕਾਲਜ ਦੀਆਂ ਵਿਦਿਆਰਥਣਾਂ ਵਿੱਚੋਂ ਬੋਰਡ/ਯੂਨੀਵਰਸਿਟੀ ਦੇ ਇਮਤਿਹਾਨਾਂ ਵਿੱਚ ਕਾਲਜ ਵਿੱਚੋਂ ਕੇਵਲ ਪਹਿਲਾ ਸਥਾਨ ਪ੍ਰਾਪਤ ਕਰਨ ਤੇ ਉਹਨਾਂ ਵਿਦਿਆਰਥਣਾਂ ਨੂੰ ਦਿੱਤੇ ਜਾਂਦੇ ਹਨ ਜਿਹਨਾਂ ਨੇ ਘੱਟੋ-ਘੱਟ 50% ਅੰਕ ਪ੍ਰਾਪਤ ਕੀਤੇ ਹੋਣ ਅਤੇ ਉਸ ਕਲਾਸ ਵਿੱਚ ਵਿਦਿਆਰਥਣਾਂ ਦੀ ਗਿਣਤੀ 5 ਤੋਂ ਘੱਟ ਨਾ ਹੋਵੇ ।

ਪ੍ਰੋ. ਬੀ. ਐੱਸ. ਗੋਇਲ ਮੈਮੋਰੀਅਲ ਵਿੱਦਿਅਕ ਅਵਾਰਡ

ਇਹ ਅਵਾਰਡ ਇਸ ਕਾਲਜ ਦੇ ਸਵਰਗੀ ਪ੍ਰੋ. ਬੀ. ਐੱਸ. ਗੋਇਲ ਇਕਨਾਮਿਕਸ ਵਿਭਾਗ ਦੇ ਪਰਿਵਾਰ ਵੱਲੋਂ ਉਸ ਵਿਦਿਆਰਥੀ ਨੂੰ ਦਿੱਤਾ ਜਾਂਦਾ ਹੈ ਜੋ ਬੀ. ਏ. ਭਾਗ ਤੀਜਾ ਅਤੇ ਬੀ.ਕਾਮ. ਭਾਗ ਤੀਜਾ ਦੀ ਸਾਲਾਨਾ/ਸਮੈਸਟਰ ਯੂਨੀਵਰਸਿਟੀ ਪ੍ਰੀਖਿਆ ਵਿੱਚ ਇਕਨਾਮਿਕਸ ਦੇ ਵਿਸ਼ੇ ਵਿੱਚ ਕਾਲਜ ਵਿੱਚ ਅੱਵਲ ਰਹੇ ਅਤੇ ਇਕਨਾਮਿਕਸ ਵਿਸ਼ੇ ਵਿੱਚ ਘੱਟੋ-ਘੱਟ 50% ਅੰਕ ਪ੍ਰਾਪਤ ਕਰੇ ।

ਸ਼੍ਰੀ ਬੰਤ ਰਾਮ ਲੱਡੇ ਵਿੱਦਿਅਕ ਵਜ਼ੀਫ਼ਾ

ਇਹ ਵਜ਼ੀਫ਼ਾ ਕਾਲਜ ਦੇ ਉਹਨਾਂ ਦੋ ਵਿਦਿਆਰਥੀਆਂ ਨੂੰ ਦਿੱਤਾ ਜਾਵੇਗਾ ਜੋ ਪੜ੍ਹਾਈ ਵਿੱਚ ਵੀ ਚੰਗੇ ਹੋਣ ਤੇ ਜਿਨ੍ਹਾਂ ਦੀ ਮਾਲੀ ਹਾਲਤ ਵੀ ਵਜ਼ੀਫ਼ੇ ਦੀਆਂ ਸ਼ਰਤਾਂ ਪੂਰੀਆਂ ਕਰਦੀ ਹੋਵੇ । ਅਜਿਹੇ ਵਿਦਿਆਰਥੀਆਂ ਦੀ ਚੋਣ ਇੱਕ ਵਿਸ਼ੇਸ਼ ਕਮੇਟੀ ਤੇ ਪ੍ਰਿੰਸੀਪਲ ਰਾਹੀਂ ਕੀਤੀ ਜਾਵੇਗੀ ।

ਇੰਜ. ਆਦਰਸ਼ ਕੁਮਾਰ ਮੈਮੋਰੀਅਲ ਵਿੱਦਿਅਕ ਅਵਾਰਡ

ਇਹ ਇਨਾਮ ਉਸ ਵਿਦਿਆਰਥੀ ਨੂੰ ਦਿੱਤਾ ਜਾਵੇਗਾ ਜੋ ਪੰਜਾਬੀ ਯੂਨੀਵਰਸਿਟੀ ਦੀ ਸਮੈਸਟਰ ਪ੍ਰੀਖਿਆ ਵਿੱਚ ਬੀ. ਐਸ. ਸੀ. ਭਾਗ ਤੀਜਾ ਵਿੱਚੋਂ ਕਾਲਜ ਵਿੱਚ ਅੱਵਲ ਰਿਹਾ ਹੋਵੇ ।

'ਪੇਮ ਅਮੀਰ' ਮੈਮੋਰੀਅਲ ਵਿੱਦਿਅਕ ਅਵਾਰਡ

ਇਹ ਇਨਾਮ ਸ਼੍ਰੀ ਅਨਿਲ ਚੰਦਰ ਦੱਤ ਅਤੇ ਉਨ੍ਹਾਂ ਦੇ ਭੈਣਾਂ, ਭਰਾਵਾਂ ਜੋ ਇਸ ਕਾਲਜ ਦੇ ਵਿਦਿਆਰਥੀ ਰਹੇ ਹਨ, ਵੱਲੋਂ ਆਪਣੇ ਸਵਰਗੀ ਮਾਤਾ, ਪਿਤਾ ਦੀ ਯਾਦ ਵਿੱਚ ਉਨ੍ਹਾਂ ਹੋਣਹਾਰ ਵਿਦਿਆਰਥੀਆਂ ਨੂੰ ਦਿੱਤਾ ਜਾਂਦਾ ਹੈ ਜਿੰਨ੍ਹਾਂ ਨੇ ਬੀ. ਏ./ ਬੀ. ਐੱਸਸੀ./ ਬੀ. ਕਾਮ. ਭਾਗ ਤੀਜਾ/ ਐੱਮ.ਏ.ਭਾਗ ਦੂਜਾ ਦੀ ਸਾਲਾਨਾ/ਸਮੈਸਟਰ ਯੂਨੀਵਰਸਿਟੀ ਪ੍ਰੀਖਿਆ ਵਿੱਚੋਂ ਇਸ ਕਾਲਜ ਵਿੱਚੋਂ ਪਹਿਲਾ ਸਥਾਨ ਪ੍ਰਾਪਤ ਕੀਤਾ ਹੋਵੇ ।

'ਮੁਨੀਸ਼ ਬਾਂਸਲ' ਮੈਮੋਰੀਅਲ ਵਿੱਦਿਅਕ ਅਵਾਰਡ

ਮੁਨੀਸ਼ ਬਾਂਸਲ ਦੇ ਮਾਤਾ ਪਿਤਾ ਵੱਲੋਂ ਉਸ ਦੀ ਯਾਦ ਵਿੱਚ ਉਨ੍ਹਾਂ ਵਿਦਿਆਰਥੀਆਂ ਨੂੰ ਦਿੱਤਾ ਜਾਂਦਾ ਹੈ ਜੋ ਯੂਨੀਵਰਸਿਟੀ ਦੀ ਸਾਲਾਨਾ/ਸਮੈਸਟਰ ਪ੍ਰੀਖਿਆ ਵਿੱਚੋਂ ਬੀ.ਕਾਮ. I, II, ਅਤੇ III ਵਿੱਚ ਇਸ ਕਾਲਜ ਵਿੱਚੋਂ ਅੱਵਲ ਰਹੇ ਹੋਣ ।

ਗਿਆਨੀ ਨਰਿੰਦਰ ਸਿੰਘ ਮੈਮੋਰੀਅਲ ਅਕਾਦਮਿਕ ਅਵਾਰਡ

ਇਹ ਵਿੱਦਿਅਕ ਅਵਾਰਡ ਇਸ ਕਾਲਜ ਦੇ ਪੁਰਾਣੇ ਅਤੇ ਹੋਣਹਾਰ ਵਿਦਿਆਰਥੀ ਗਿਆਨੀ ਨਰਿੰਦਰ ਸਿੰਘ ਜ਼ਿਲ੍ਹਾ ਲੋਕ ਸੰਪਰਕ ਅਫ਼ਸਰ, ਸੰਗਰੂਰ ਯਾਦ ਵਿੱਚ ਉਨ੍ਹਾਂ ਦੇ ਪਰਿਵਾਰ ਵੱਲੋਂ ਉਸ ਵਿਦਿਆਰਥੀ ਨੂੰ ਦਿੱਤਾ ਜਾਵੇਗਾ ਜਿਸ ਨੇ ਯੂਨੀਵਰਸਿਟੀ ਦੀ ਸਾਲਾਨਾ/ਸਮੈਸਟਰ ਪ੍ਰੀਖਿਆ ਵਿੱਚ ਬੀ. ਏ. ਭਾ ਵਿੱਚ ਪੰਜਾਬੀ ਸਾਹਿਤ ਦੇ ਵਿਸ਼ੇ ਵਿੱਚ ਸਭ ਤੋਂ ਵੱਧ ਅੰਕ ਪ੍ਰਾਪਤ ਕੀਤੇ ਹੋਣ ।

ਪ੍ਰੋ. ਆਰ.ਡੀ.ਅਗਰਵਾਲ ਮੈਮੋਰੀਅਲ ਅਵਾਰਡ

ਇਹ ਅਵਾਰਡ ਲੇਟ(ਰਿਟਾ.) ਪ੍ਰੋ. ਆਰ.ਡੀ.ਅਗਰਵਾਲ ਦੇ ਪਰਿਵਾਰ ਵੱਲੋਂ ਅੰਗਰੇਜ਼ੀ ਸਹਿਤ ਵਿਸ਼ੇ ਵਿੱਚੋਂ ਅੱਵਲ ਆਉਣ ਵਾਲੇ ਵਿਦਿਆਰਥੀ ; ਜਾਵੇਗਾ ।

ਹੰਸ ਰਾਜ ਮੈਮੋਰੀਅਲ ਅਵਾਰਡ

ਇਹ ਅਵਾਰਡ (ਰਿਟਾ.) ਪ੍ਰੋ: ਡੀ.ਡੀ.ਪਾਲ ਵੱਲੋਂ ਆਪਣੇ ਪਿਤਾ ਜੀ ਦੀ ਯਾਦ ਵਿੱਚ ਬੀ.ਐੱਸਸੀ. ਭਾਗ ਪਹਿਲਾ, ਦੂਜਾ ਅਤੇ ਤੀਜੇ ਦੀ ਯੂਨੀਵ ਪ੍ਰੀਖਿਆ ਵਿਚੋਂ ਜੁਆਲੋਜੀ ਵਿਸ਼ੇ ਵਿੱਚ ਅੱਵਲ ਆਉਣ ਵਾਲੇ ਵਿਦਿਆਰਥੀ ਨੂੰ ਦਿੱਤਾ ਜਾਵੇਗਾ ।

ਡਾ. ਸੁਨੀਤਾ ਯਾਦਗਾਰੀ ਇਨਾਮ

ਇਹ ਇਨਾਮ ਡਾ. ਸੁਨੀਤਾ (ਲੈਕਚਰਾਰ ਹਿੰਦੀ) ਦੀ ਯਾਦ ਵਿੱਚ ਉਨ੍ਹਾਂ ਦੇ ਪਰਿਵਾਰ ਵੱਲੋਂ ਬੀ.ਏ. ਭਾਗ ਪਹਿਲਾ, ਦੂਜਾ ਅਤੇ ਤੀਜੇ ਦੀ ਯੂਨੀਵ ਪ੍ਰੀਖਿਆ ਵਿੱਚ ਹਿੰਦੀ ਵਿਸ਼ੇ ਵਿੱਚ ਅੱਵਲ ਆਉਣ ਵਾਲੇ ਵਿਦਿਆਰਥੀ ਨੂੰ ਦਿੱਤਾ ਜਾਵੇਗਾ ।

ਭਗਤ ਪੂਰਨ ਸਿੰਘ ਸਮਾਜ ਸੇਵਾ ਅਵਾਰਡ

ਇਹ ਅਵਾਰਡ ਇਸ ਕਾਲਜ ਦੇ ਪੁਰਾਣੇ ਵਿਦਿਆਰਥੀ ਕੈਪਟਨ ਨਰਿੰਦਰ ਸਿੰਘ ਭੱਠਲ ਵੱਲੋਂ ਹਰ ਸਾਲ ਇੱਕ ਲੜਕੇ ਅਤੇ ਇੱਕ ਲੜਕੀ ਨੂੰ ਉੱਤਮ ਸੇਵਾ ਲਈ ਦਿੱਤਾ ਜਾਵੇਗਾ । ਵਿਦਿਆਰਥੀ ਦੀ ਚੋਣ ਪ੍ਰਿੰਸੀਪਲ ਸਾਹਿਬ ਦੀ ਪ੍ਰਧਾਨਗੀ ਹੇਠ, ਉਨ੍ਹਾਂ ਵੱਲੋਂ ਗਠਿਤ ਤਿੰਨ ਮੈਂਬਰੀ ਕਮੇਟੀ ਕਰੇਗੀ।

ਸ੍ਰ. ਖ਼ਜਾਨ ਸਿੰਘ ਬੱਟੂ ਯਾਦਗਾਰੀ ਲਿੰਗੁਇਸਟਿਕ ਅਵਾਰਡ

ਇਹ ਅਵਾਰਡ ਲੇਟ ਮੇਜਰ ਮਨਮੋਹਨ ਸਿੰਘ ਬੱਟੂ ਅਤੇ ਉਹਨ੍ਹਾਂ ਦੇ ਪਰਿਵਾਰ ਵੱਲੋਂ ਆਪਣੇ ਪਿਤਾ ਸ੍ਰ. ਖ਼ਜਾਨ ਸਿੰਘ ਬੱਟੂ ਦੀ ਯਾਦ ਵਿੱਚ ਬੀ. ਏ. ਭਾ (ਲਿਟ.) ਦੇ ਅੰਗਰੇਜ਼ੀ, ਪੰਜਾਬੀ ਅਤੇ ਹਿੰਦੀ ਭਾਸ਼ਾਵਾਂ ਅਤੇ ਐੱਮ. ਏ. ਭਾਗ ਦੂਜਾ ਦੇ ਅੰਗਰੇਜ਼ੀ ਅਤੇ ਪੰਜਾਬੀ ਭਾਸ਼ਾਵਾਂ ਦੇ ਪ੍ਰਤਿਭਾਵਾਨ ਵਿਦਿਆਰਥੀਆਂ ਨੂੰ ਦ ਦਿੱਤਾ ਜਾਵੇਗਾ, ਜਿਨ੍ਹਾਂ ਦੀ ਚੋਣ ਪ੍ਰਿੰਸੀਪਲ ਸਾਹਿਬ ਵੱਲੋਂ ਗਠਿਤ ਕਮੇਟੀ ਕਰੇਗੀ ।

ਸ਼੍ਰੀਮਤੀ ਮਨਜੀਤ ਕੌਰ ਸੇਖੋਂ ਮੈਮੋਰੀਅਲ ਵਿਦਿਅਕ ਅਵਾਰਡ

ਇਹ ਇਨਾਮ ਮਨਜੀਤ ਕੌਰ ਸੇਖੋਂ ਦੇ ਪਤੀ ਸ.ਸ.ਸ. ਸੇਖੋਂ ਵੱਲੋਂ ਉਨ੍ਹਾਂ ਦੀ ਯਾਦ ਵਿੱਚ ਉਨ੍ਹਾਂ ਵਿਦਿਆਰਥੀਆਂ ਨੂੰ ਦਿੱਤਾ ਜਾਂਦਾ ਹੈ, ਜੋ ਯੂਨੀਵ ਪ੍ਰੀਖਿਆ ਦੌਰਾਨ ਇਸ ਕਾਲਜ ਵਿੱਚੋਂ ਬੀ.ਏ. ਭਾਗ ਤੀਜਾ, ਅੰਗਰੇਜ਼ੀ ਸਾਹਿਤ, ਬੀ.ਕਾਮ ਭਾਗ ਤੀਜਾ, ਬੀ.ਐੱਸਸੀ. ਭਾਗ ਤੀਜਾ (ਮੈਡੀਕਲ ਅਤੇ ਨਾਨ-ਮੈ ਵਿੱਚੋਂ ਅੱਵਲ ਰਹਿਣਗੇ।

ਡਾ. ਸੁਖਜੀਤ ਸਿੰਘ ਚਹਿਲ ਵੱਲੋਂ ਦਿੱਤੀ ਜਾਣ ਵਾਲੀ ਮਾਲੀ ਸਹਾਇਤਾ

ਡਾ. ਸੁਖਜੀਤ ਸਿੰਘ ਚਹਿਲ, ਐੱਮ.ਐੱਸ., NRI ਵੱਲੋਂ ਅਕਾਦਮਿਕ ਸੈਸ਼ਨ 2016-17 ਤੋਂ ਅਤਿਅੰਤ ਲੋੜ ਵਾਲੇ ਵਿਦਿਆਰਥੀ/ਵਿਦਿਆਰਥਣ ਦੇ ਮਾਤਾ ਪਿਤਾ ਨਹੀਂ) ਨੂੰ ਇੱਕ ਗਠਿਤ ਕਮੇਟੀ ਰਾਹੀਂ ਚੋਣ ਕਰਕੇ ਬਣਦੀ ਮਾਲੀ ਸਹਾਇਤਾ ਦਿੱਤੀ ਜਾਵੇਗੀ।

ਸੂਬੇਦਾਰ ਮੇਜਰ ਕਰਤਾਰ ਸਿੰਘ ਧਾਲੀਵਾਲ ਮੈਮੋਰੀਅਲ ਕਲਚਰਲ ਅਵਾਰਡ

ਇਹ ਇਨਾਮ ਪ੍ਰੋ. ਡਾ. ਸੁਰਿੰਦਰ ਕੌਰ ਧਾਲੀਵਾਲ ਵੱਲੋਂ ਆਪਣੇ ਪਿਤਾ ਸਵ. ਸੂਬੇਦਾਰ ਮੇਜਰ ਕਰਤਾਰ ਸਿੰਘ ਧਾਲੀਵਾਲ ਦੀ ਯਾਦ ਵਿੱਚ ਸੱਭਿਆ ਗਤੀਵਿਧੀਆਂ ਦੇ ਅਧਾਰ ਤੇ 'ਸਰਵੋਤੱਮ ਕਲਾਕਾਰ ਲੜਕੀ' ਅਤੇ 'ਸਰਵੋਤੱਮ ਕਲਾਕਾਰ ਲੜਕਾ' ਨੂੰ ਦਿੱਤਾ ਜਾਵੇਗਾ।

ਰਣਬੀਰ ਐਲੂਮਨੀ ਕਲੱਬ ਅਵਾਰਡ:

ਇਹ ਅਵਾਰਡ ਇਸ ਕਾਲਜ ਦੇ ਪੁਰਾਣੇ ਵਿਦਿਆਰਥੀਆਂ ਦੀ ਰਜਿਸਟਰਡ ਕਲੱਬ ਵੱਲੋਂ ਮੌਜੂਦਾ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਲਈ ਜਾਂਦੇ ਹਨ, ਜਿਨ੍ਹਾਂ ਦਾ ਵੇਰਵਾ ਨਿਮਨਲਿਖਤ ਅਨੁਸਾਰ ਹੈ :

ੳ. **ਸਰਵੋਤਮ ਅਕਾਦਮਿਕ ਅਵਾਰਡ:** ਉਸ ਵਿਦਿਆਰਥੀ ਨੂੰ ਦਿੱਤਾ ਜਾਵੇਗਾ ਜਿਸਨੇ ਯੂਨੀਵਰਸਿਟੀ ਦੀ ਪਿਛਲੀ ਸਮੈਸਟਰ ਪ੍ਰੀਖਿਆ ਦੀਆਂ ਕਲਾਸਾਂ ਦੀਆਂ ਮੈਰਿਟ ਸੂਚੀਆਂ ਵਿੱਚੋਂ ਸਭ ਤੋਂ ਉੱਚਾ ਸਥਾਨ ਪ੍ਰਾਪਤ ਕੀਤਾ ਹੋਵੇ, ਬਰਾਬਰ ਹੋਣ ਦੀ ਸੂਰਤ ਵਿੱਚ ਸੀਨੀਅਰ ਵਿਦਿਆਰਥੀ ਦਾ ਹੱਕ ਹੋਵੇਗਾ।

ਅ. **ਸਰਵੋਤਮ ਖਿਡਾਰੀ ਅਵਾਰਡ:** ਉਸ ਵਿਦਿਆਰਥੀ ਨੂੰ ਦਿੱਤਾ ਜਾਵੇਗਾ । ਜਿਸਨੇ ਹੇਠ ਲਿਖੇ ਮਾਪ-ਦੰਡਾਂ ਅਨੁਸਾਰ ਸਭ ਤੋਂ ਵੱਧ ਅੰਕ ਪ੍ਰਾਪਤ ਕੀਤੇ

ੳ)	ਅੰਤਰ ਰਾਸ਼ਟਰੀ ਖੇਡ ਪ੍ਰਤਿਯੋਗਤਾ ਵਿੱਚ ਸੋਨੇ ਦਾ ਤਮਗਾ	– 10 ਅੰਕ
ਅ)	ਅੰਤਰ ਰਾਸ਼ਟਰੀ ਖੇਡ ਪ੍ਰਤਿਯੋਗਤਾ ਵਿੱਚ ਚਾਂਦੀ ਦਾ ਤਮਗਾ	– 08 ਅੰਕ
ੲ)	ਅੰਤਰ ਰਾਸ਼ਟਰੀ ਖੇਡ ਪ੍ਰਤਿਯੋਗਤਾ ਵਿੱਚ ਕਾਂਸੀ ਦਾ ਤਮਗਾ	– 07 ਅੰਕ
ਸ)	ਅੰਤਰ ਰਾਸ਼ਟਰੀ ਖੇਡ ਪ੍ਰਤਿਯੋਗਤਾ ਵਿੱਚ ਭਾਗ ਲਿਆ ਹੋਵੇ ਜਾਂ ਨੈਸ਼ਨਲ ਪੱਧਰ ਤੇ ਪਹਿਲਾ ਸਥਾਨ	– 06 ਅੰਕ
ਹ)	ਨੈਸ਼ਨਲ ਪੱਧਰ ਤੇ ਦੂਜਾ ਜਾਂ ਅੰਤਰਵਰਸਿਟੀ ਪੱਧਰ ਤੇ ਪਹਿਲਾ	– 05 ਅੰਕ
ਕ)	ਨੈਸ਼ਨਲ ਪੱਧਰ ਤੇ ਭਾਗ ਲਿਆ/ਅੰਤਰ ਵਰਸਿਟੀ ਤੇ ਦੂਜਾ ਸਥਾਨ/ ਪੰਜਾਬ ਰਾਜ ਓਪਨ ਟੂਰਨਾਮੈਂਟ ਵਿੱਚ ਪਹਿਲਾ ਸਥਾਨ	– 04 ਅੰਕ
ਖ)	ਅੰਤਰ ਵਰਸਿਟੀ ਵਿੱਚ ਭਾਗ ਲਿਆ/ਪੰਜਾਬ ਰਾਜ ਓਪਨ ਟੂਰਨਾਮੈਂਟ ਵਿੱਚ ਦੂਜਾ ਸਥਾਨ/ਯੂਨੀਵਰਸਿਟੀ ਟੂਰਨਾਮੈਂਟ ਵਿੱਚ ਪਹਿਲਾ ਸਥਾਨ	– 03 ਅੰਕ
ਗ)	ਯੂਨੀਵਰਸਿਟੀ ਵਿੱਚ ਦੂਜਾ ਸਥਾਨ	– 02 ਅੰਕ

ਏ) ਸਰਵੋਤਮ ਸਰਵਪੱਖੀ ਅਵਾਰਡ:

ਉਸ ਵਿਦਿਆਰਥੀ ਨੂੰ ਦਿੱਤਾ ਜਾਵੇਗਾ ਜਿਸਨੇ ਇੱਕ ਵਰ੍ਹੇ ਦੌਰਾਨ ਤਿੰਨਾਂ ਖੇਤਰਾਂ (ਅਕਾਦਮਿਕ, ਖੇਡਾਂ ਅਤੇ ਕੋਕਰੀਕੁਲਰ) ਵਿੱਚੋਂ ਕਿਸੇ ਦੋ ਖੇ
ਆਫ਼ ਆਨਰ/ਕਾਲਜ ਕਲਰ ਪ੍ਰਾਪਤ ਕੀਤਾ ਹੋਵੇ ਅਤੇ ਇਸਦੇ ਨਾਲ ਹੀ

ੳ) ਉਸੇ ਸਾਲ ਅਕਾਦਮਿਕ ਖੇਤਰ ਵਿੱਚ ਯੂਨੀਵਰਸਿਟੀ ਦੀ ਸਾਲਾਨਾ ਪ੍ਰੀਖਿਆ ਦੇ ਕੁੱਲ ਜੋੜ ਵਿੱਚੋਂ ਘੱਟੋ-ਘੱਟ 60% ਅੰਕ ਪ੍ਰਾਪਤ

ਜਾਂ

ਅ) ਕੋਕਰੀਕੁਲਰ ਸਰਗਰਮੀਆਂ ਦੇ ਅਧਾਰ ਤੇ 10 ਅੰਕ ਪ੍ਰਾਪਤ ਕੀਤੇ ਹੋਣ ਜਾਂ

ੲ) ਯੂਨੀਵਰਸਿਟੀ/ਪੰਜਾਬ ਰਾਜ ਓਪਨ ਟੂਰਨਾਮੈਂਟ ਵਿੱਚ ਖੇਡਣ ਵਾਲੇ ਮੈਂਬਰ ਦੇ ਤੌਰ ਤੇ ਭਾਗ ਲਿਆ ਹੋਵੇ । ਪੁਜੀਸ਼ਨ ਫਸਟ, ਸੈਕਿੰਡ,

ਕੰਵਰ ਮਹਿੰਦਰ ਸਿੰਘ ਬੇਦੀ ਸਰਬਪੱਖੀ ਇਨਾਮ:

ਇਹ ਇਨਾਮ ਸੰਗਰੂਰ ਦੇ ਸਾਬਕਾ ਡਿਪਟੀ ਕਮਿਸ਼ਨਰ ਕੰਵਰ ਮਹਿੰਦਰ ਸਿੰਘ ਬੇਦੀ ਵੱਲੋਂ ਵਿਦਿਆਰਥੀ ਦੇ ਇੱਕ ਸਾਲ ਦੌਰਾਨ ਤਿੰਨਾਂ ਖੇਤਰ
ਸੱਭਿਆਚਾਰਕ ਅਤੇ ਖੇਡਾਂ) ਵਿੱਚ ਕੁਸ਼ਲਤਾ ਦੇ ਆਧਾਰ ਤੇ ਹੇਠ ਲਿਖੇ (Criteria) ਅਨੁਸਾਰ ਘੱਟੋ-ਘੱਟ 12 ਅੰਕ ਪ੍ਰਾਪਤ ਕਰਨ ਵਾਲੇ ਵਿਦਿਅ
ਜਾਵੇਗਾ । ਰੋਲ ਆਫ਼ ਆਨਰ 5 ਅੰਕ, ਕਾਲਜ ਕਲਰ 3 ਅੰਕ, ਸਾਲਾਨਾ/ਸਮੈਸਟਰ ਯੂਨੀਵਰਸਿਟੀ/ਬੋਰਡ ਪ੍ਰੀਖਿਆ ਵਿੱਚੋ ਆਪਣੀ ਕਲਾਸ ਵਿੱਚੋਂ
ਗ੍ਰਹਿ ਪ੍ਰੀਖਿਆ ਦੇ ਐਗਰੀਗੇਟ ਚੋਂ ਫਸਟ-1 ਅੰਕ, ਕੋਕਰੀਕੁਲਰ ਸਰਗਰਮੀ ਮੈਰਿਟ ਸਰਟੀਫ਼ਿਕੇਟ 1/2 ਅੰਕ ਅਤੇ ਵਿਸ਼ੇ ਵਿੱਚੋਂ ਫਸਟ 1/2 ਅੰਕ ।

ਸਰਬਪੱਖੀ ਰੋਲ ਆਫ਼ ਆਨਰ:

ਉਸ ਵਿਦਿਆਰਥੀ ਨੂੰ ਸਰਬਪੱਖੀ ਰੋਲ ਆਫ ਆਨਰ (All Round College Roll of Honour) ਦਿੱਤਾ ਜਾਵੇਗਾ ਜੋ ਅਕਾਦਮਿ
ਕੋਕਰੀਕੁਲਰ ਸਰਗਰਮੀਆਂ ਵਿੱਚੋਂ ਹਰ ਇੱਕ ਵਿੱਚ ਕਾਲਜ ਕਲਰ/ਰੋਲ ਆਫ਼ ਆਨਰ ਪ੍ਰਾਪਤ ਕਰ ਲਵੇ। ਇਹ ਸਰਵਪੱਖੀ ਰੋਲ ਆਫ਼ ਆਨਰ ਆਪ
ਦੇ ਅਧਿਐਨ ਕਾਲ ਵਿੱਚ ਕਦੇ ਵੀ ਹਾਸਲ ਕਰ ਸਕਦਾ ਹੈ ।

ਕੋਕਰੀਕੁਲਰ ਲੇਡੀ ਕੌਲਾ ਇਨਾਮ:

ਇਥੇ ਖੇਡਾ ਵਾਲੇ ਵਿਦਿਆਰਥੀ ਇਹ ਇਨਾਮ ਸਰਵੋਤਮ ਨਿਸ਼ਾਨੇਬਾਜ਼ ਲੜਕੀ, ਅੰਗਰੇਜ਼ੀ, ਹਿੰਦੀ ਤੇ ਪੰਜਾਬੀ ਦੀ ਸਰਵੋਤਮ ਵਕਤਾ
ਮੁਕਾਬਲੇ ਵਿੱਚ ਪਹਿਲੇ ਇਨਾਮ ਦੀ ਜੇਤੂ ਲੜਕੀ, ਡਰਾਮੇ ਜਾਂ ਮੋਨੋਐਕਟਿੰਗ ਵਿੱਚ ਸਰਵੋਤਮ ਕਲਾ ਪ੍ਰਦਰਸ਼ਨ ਕਰਨ ਵਾਲੀ ਲੜਕੀ, ਗਰੁੱਪ ਡਾਂ
ਕਲਾਕਾਰ ਲੜਕੀ ਅਤੇ ਸਰਵੋਤਮ ਰੰਗੋਲੀ ਜਾਂ ਫਲਾਵਰ ਅਰੇਂਜਮੈਂਟ ਕਰਨ ਵਾਲੀ ਲੜਕੀ ਨੂੰ ਦਿੱਤਾ ਜਾਂਦਾ ਹੈ

ਖੇਡਾਂ ਦਾ ਲੇਡੀ ਕੌਲਾ ਇਨਾਮ:

ਇਹ ਇਨਾਮ ਸਰਵੋਤਮ ਲੜਕੀ ਐਥਲੀਟ ਨੂੰ ਸਾਲਾਨਾ ਖੇਡ ਸਮਾਰੋਹ ਦੇ ਅਧਾਰ ਤੇ ਦਿੱਤਾ ਜਾਵੇਗਾ ।

ਖੇਡ ਇਨਾਮਾਂ ਲਈ ਨਿਯਮ:

1) ਕਿਸੇ ਕਿਸਮ ਦਾ ਸਪੋਰਟਸ ਅਵਾਰਡ ਵਿਦਿਆਰਥੀ ਦੀ ਟੀਮ ਵਿੱਚ ਸੀਨੀਆਰਟੀ ਦੇ ਅਧਾਰ ਤੇ ਦਿੱਤਾ ਜਾਵੇਗਾ ।
2) ਸਮਾਨ ਸੀਨੀਆਰਟੀ ਦੀ ਹਾਲਤ ਵਿੱਚ ਇਹ ਅਵਾਰਡ ਵਿਦਿਆਰਥੀ ਦੀ ਯੂਨੀਵਰਸਿਟੀ ਟੂਰਨਾਮੈਂਟ ਵਿੱਚ ਖੇਡ ਕੁਸ਼ਲਤਾ(Performa
ਤੇ ਦਿੱਤਾ ਜਾਵੇਗਾ ।
3) ਇੱਕੋ ਜਿਹੀ ਕੁਸ਼ਲਤਾ (Performance) ਦੀ ਹਾਲਤ ਵਿੱਚ ਅਵਾਰਡ ਕਲਾਸਾਂ ਦੀ ਸੀਨੀਆਰਟੀ ਦੇ ਅਧਾਰ ਤੇ ਦਿੱਤੇ ਜਾਣਗੇ ।
4) ਇੱਕ ਕਲਾਸ ਹੋਣ ਦੀ ਹਾਲਤ ਵਿੱਚ ਵੱਡੀ ਉਮਰ ਵਾਲੇ ਵਿਦਿਆਰਥੀ ਨੂੰ ਅਵਾਰਡ ਦਿੱਤਾ ਜਾਵੇਗਾ। ਜੇ ਦੋਵੇਂ ਵਿਦਿਆਰਥੀ ਕਾਲਜ ਦੇ
ਵਿੱਚ ਹੋਣ ਤਾਂ ਅਵਾਰਡ ਦੋਵਾਂ ਨੂੰ ਹੀ ਦਿੱਤਾ ਜਾਵੇਗਾ ।
5) ਟੀਮ ਦੇ ਉਹਨਾਂ ਖਿਡਾਰੀਆਂ ਨੂੰ ਹੀ ਇਨਾਮ ਦਿੱਤਾ ਜਾਵੇਗਾ ਜੋ ਅਸਲ ਰੂਪ ਵਿੱਚ ਮੈਦਾਨ ਵਿੱਚ ਖੇਡੇ ਹੋਣ ।
6) ਪ੍ਰਤੀਸ਼ਤਤਾ ਟੀਮ ਦੀ ਪੂਰੀ ਗਿਣਤੀ ਤੇ ਲਾਗੂ ਹੋਵੇਗੀ । 0.5 ਜਾਂ ਇਸ ਤੋਂ ਵੱਧ ਅੰਕ ਨੂੰ ਅਗਲਾ ਪੂਰਾ ਅੰਕ ਗਿਣਿਆ ਜਾਵੇਗਾ ।
7) ਯੂਨੀਵਰਸਿਟੀ/ਸਰਕਾਰ ਤੋਂ ਗੈਰ ਪ੍ਰਮਾਣਿਤ ਜਾਂ ਪ੍ਰਾਈਵੇਟ /ਓਪਨ ਮੁਕਾਬਲਿਆਂ ਦੇ ਅਧਾਰ ਤੇ ਇਹ ਇਨਾਮ ਨਹੀਂ ਦਿੱਤੇ ਜਾਣਗੇ ।

ਖੇਡਾਂ ਦਾ ਰੋਲ ਆਫ਼ ਆਨਰ:

ਰੋਲ ਆਫ਼ ਆਨਰ ਦੀ ਪੁਸਤਕ ਵਿੱਚ ਉਨ੍ਹਾਂ ਖਿਡਾਰੀਆਂ ਨੂੰ ਹਸਤਾਖ਼ਰ ਕਰਨ ਦਾ ਮਾਣ ਪ੍ਰਾਪਤ ਹੋਵੇਗਾ ਜੋ:

1) ਅੰਤਰ ਯੂਨੀਵਰਸਿਟੀ/ਸੀਨੀਅਰ ਤੇ ਜੂਨੀਅਰ ਨੈਸ਼ਨਲ ਮੁਕਾਬਲਿਆਂ ਵਿੱਚ ਭਾਗ ਲੈ ਰਹੀ ਟੀਮ ਦੇ ਮੈਂਬਰ ਹੋਣ ਅਤੇ ਉਹ ਟੀਮ ਪਹਿਲਾ,
ਸਥਾਨ ਪ੍ਰਾਪਤ ਕਰੇ ਜਾਂ ਉਪਰੋਕਤ ਮੁਕਾਬਲਿਆਂ ਵਿੱਚ ਵਿਅਕਤੀਗਤ ਤੌਰ ਤੇ ਪਹਿਲਾ, ਦੂਜਾ ਸਥਾਨ ਪ੍ਰਾਪਤ ਕਰੇ ।
2) ਅੰਤਰ ਯੂਨੀਵਰਸਿਟੀ/ਯੂਨੀਵਰਸਿਟੀ/ਸਟੇਟ ਮੁਕਾਬਲਿਆਂ ਵਿੱਚ ਨਵਾਂ ਰਿਕਾਰਡ ਕਾਇਮ ਕਰਨ ।
3) ਯੂਨੀਵਰਸਿਟੀ/ਸਟੇਟ ਟੀਮ ਦੇ ਕਪਤਾਨ ਚੁਣੇ ਜਾਣ ਤੇ ।
4) ਭਾਰਤ ਦੀ ਕਿਸੇ ਵੀ ਟੀਮ ਵਿੱਚ ਅੰਤਰ-ਰਾਸ਼ਟਰੀ ਪੱਧਰ ਤੇ ਪ੍ਰਤੀਨਿੱਧਤਾ ਕਰਨ ਵਾਲੇ ਨੂੰ ।
